@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 28 November 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ੁੱਕਰਵਾਰ 28 ਨਵੰਬਰ 2025, 14 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 24. qpatrika@gmail.com ਫੋਨ : 9971359517 www.qaumipatrika.org

## ਅਕਾਲੀ ਦਲ ਵੱਲੋਂ ਹਲਕਾ ਇੰਚਾਰਜਾਂ ਦਾ ਐਲਾਨ

ਚੰਡੀਗੜ੍ਹ/ਪਟਿਆਲਾ 27 ਨਵੰਬਰ। ਸ਼੍ਰੋਮਣੀ ਅਕਾਲੀ ਦਲ ਨੇ ਅੱਜ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਇਕ ਵੱਡਾ ਸੰਗਠਨਾਤਮਕ ਫੇਰਬਦਲ ਕੀਤਾ ਹੈ। ਇਸ ਫੇਰਬਦਲ ਤਹਿਤ ਪੰਜ ਮਹੱਤਵਪੂਰਨ ਹਲਕਿਆਂ ਦੇ ਨਵੇਂ ਇੰਚਾਰਜਾਂ ਦਾ ਐਲਾਨ ਕੀਤਾ ਗਿਆ ਹੈ, ਨਾਲ ਹੀ ਜ਼ਿਲ੍ਹਾ ਪਟਿਆਲਾ ਦੇ ਹਲਕਾ ਸਨੌਰ ਲਈ ਚਾਰ ਮੈਂਬਰੀ ਕਮੇਟੀ ਦਾ ਗਠਨ ਕਰਕੇ ਪਾਰਟੀ ਦੇ ਕੰਮਕਾਜ ਨੂੰ ਸੁਚਾਰੂ ਬਣਾਉਣ ਦੀ ਪਹਿਲ ਕੀਤੀ ਗਈ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜ਼ਿਲ੍ਹਾ ਪਟਿਆਲਾ ਦੇ 3 ਹਲਕਾ ਇੰਚਾਰਜਾਂ, ਜ਼ਿਲ੍ਹਾ ਸੰਗਰੂਰ ਦੇ ਧੂਰੀ ਹਲਕੇ ਅਤੇ ਜ਼ਿਲ੍ਹਾ ਮੋਗਾ ਦੇ ਨਿਹਾਲ ਸਿੰਘ ਵਾਲਾ ਦੇ ਹਲਕਾ ਇੰਚਾਰਜਾਂ ਦਾ ਐਲਾਨ ਕੀਤਾ ਹੈ। ਅੱਜ ਪਾਰਟੀ ਦੇ ਮੁੱਖ ਦਫਤਰ ਤੋਂ ਜਾਰੀ ਇਕ ਬਿਆਨ ਵਿਚ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਸੁਰਜੀਤ ਸਿੰਘ ਗੜ੍ਹੀ ਮੈਂਬਰ ਐੱਸ.ਜੀ.ਪੀ.ਸੀ ਹਲਕਾ ਰਾਜਪੁਰਾ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਹਲਕਾ ਘਨੌਰ, ਜਗਮੀਤ ਸਿੰਘ ਹਰਿਆਊ ਸਮਾਣਾ ਦੇ ਹਲਕਾ ਇੰਚਾਰਜ ਹੋਣਗੇ। ਰਣਜੀਤ ਸਿੰਘ ਰੰਧਾਵਾ ਕਾਤਰੋਂ ਜ਼ਿਲ੍ਹਾ ਸੰਗਰੂਰ ਦੇ ਹਲਕਾ ਧੂਰੀ ਦੇ ਹਲਕਾ




ਇੰਚਾਰਜ ਹੋਣਗੇ ਅਤੇ ਰਾਜਵਿੰਦਰ ਸਿੰਘ ਧਰਮਕੋਟ ਜ਼ਿਲ੍ਹਾ ਮੋਗਾ ਦੇ ਹਲਕਾ ਨਿਹਾਲ ਸਿੰਘ ਵਾਲਾ ਐੱਸ.ਸੀ ਦੇ ਹਲਕਾ ਇੰਚਾਰਜ ਹੋਣਗੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪਟਿਆਲਾ ਦੇ ਹਲਕਾ ਸਨੌਰ ਵਿਚ ਪਾਰਟੀ ਦੇ ਕੰਮਕਾਜ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ 4 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿਚ ਕ੍ਰਿਸ਼ਨ ਸਿੰਘ ਕੰਬੋਜ, ਫੌਜਇੰਦਰ ਸਿੰਘ ਮੁਖਮੈਲਪੁਰ, ਰਜਿੰਦਰ ਸਿੰਘ ਵਿਰਕ ਅਤੇ ਜਸਪਾਲ ਸਿੰਘ ਬਿੱਟੂ ਚੱਠਾ ਦੇ ਨਾਮ ਸ਼ਾਮਲ ਹਨ। ਐੱਨ.ਕੇ. ਸਰਮਾ ਨੂੰ ਆ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਲਈ ਜ਼ਿਲ੍ਹਾ ਪਟਿਆਲਾ ਅਤੇ ਜ਼ਿਲ੍ਹਾ ਮੋਹਾਲੀ ਦੇ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ ਅਤੇ ਉਹ ਆ ਰਹੀਆਂ ਚੋਣਾਂ ਦੇ ਉਮੀਦਵਾਰਾਂ ਦੀ ਚੋਣ ਕਰਕੇ ਮੁੱਖ ਦਫਤਰ ਨੂੰ ਭੇਜਣਗੇ ਅਤੇ ਦੋਹਾਂ ਜ਼ਿਲ੍ਹਿਆਂ ਵਿਚ ਚੋਣ ਮੁਹਿੰਮ ਨੂੰ ਚਲਾਉਣਗੇ। ਇਸੇ ਤਰ੍ਹਾਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਲਈ ਕਮਲ ਚੇਤਲੀ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਆਬਜ਼ਰਵਰ ਨਿਯੁਕਤ ਕੀਤਾ ਗਿਆ ਹੈ ਅਤੇ ਰਣਜੀਤ ਸਿੰਘ ਢਿੱਲੋਂ ਸਾਬਕਾ ਵਿਧਾਇਕ ਹਲਕਾ ਦਾਖਾ ਅਤੇ ਹਲਕਾ ਗਿੱਲ ਐਸ.ਸੀ ਦੇ ਆਬਜ਼ਰਵਰ ਹੋਣਗੇ ਜਿਸ ਵਿਚ ਉਹ ਲੋਕਲ ਆਗੂਆਂ ਨਾਲ ਸਲਾਹ ਮਸ਼ਵਰਾ ਕਰਕੇ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੇ ਉਮੀਦਵਾਰਾਂ ਦੀ ਚੋਣ ਕਰਨਗੇ।

### ਸੈਕਸ ਸ਼ੋਸ਼ਣ ਦੇ ਮਾਮਲਿਆਂ ’ਚ ਰਾਸ਼ਟਰੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਨਾਲ ਕਰੇ ਸੰਪਰਕ : ਸੁਪਰੀਮ ਕੋਰਟ

ਨਵੀਂ ਦਿੱਲੀ 27 ਨਵੰਬਰ। ਸੁਪਰੀਮ ਕੋਰਟ ਨੇ ਇਸਕਾਨ ਵੱਲੋਂ ਚਲਾਏ ਜਾ ਰਹੇ ਸਕੂਲਾਂ ’ਚ ਸੈਕਸ ਸ਼ੋਸ਼ਣ ਦੀਆਂ ਕਥਿਤ ਘਟਨਾਵਾਂ ਦੀ ਜਾਂਚ ਦੀ ਮੰਗ ਕਰਨ ਵਾਲੇ ਪਟੀਸ਼ਨਰਾਂ ਨੂੰ ਆਪਣੀਆਂ ਸ਼ਿਕਾਇਤਾਂ ਲਈ ਰਾਸ਼ਟਰੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (ਐੱਨ. ਸੀ.ਪੀ. ਸੀ. ਆਰ.) ਕੋਲ ਜਾਣ ਲਈ ਮੰਗਲਵਾਰ ਕਿਹਾ। ਜਸਟਿਸ ਬੀ. ਵੀ. ਨਾਗਰਥਨਾ ਤੇ ਆਰ. ਮਹਾਦੇਵਨ ਦੇ ਬੈਂਚ ਨੇ ਕਿਹਾ ਕਿ ਜੇ ਅਜਿਹੀਆਂ ਸ਼ਿਕਾਇਤਾਂ ਉੱਤਰ ਪ੍ਰਦੇਸ਼ ਤੇ ਪੱਛਮੀ ਬੰਗਾਲ ਦੇ ਬਾਲ ਅਧਿਕਾਰ ਕਮਿਸ਼ਨਾਂ ਨੂੰ ਸੌਂਪੀਆਂ ਜਾਂਦੀਆਂ ਹਨ ਤਾਂ ਉਨ੍ਹਾਂ ’ਤੇ ਸਮੇਂ ਸਿਰ ਵਿਚਾਰ ਕੀਤਾ ਜਾ ਸਕਦਾ ਹੈ। ਬੈਂਚ ਨੇ ਕਿਹਾ ਕਿ ਅਸੀਂ ਇਸ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਪਟੀਸ਼ਨਕਰਤਾਵਾਂ ਨੂੰ ਐੱਨ. ਸੀ.ਪੀ. ਸੀ. ਆਰ., ਉੱਤਰ ਪ੍ਰਦੇਸ਼ ਐੱਸ. ਸੀ.ਪੀ. ਸੀ. ਆਰ. ਤੇ ਪੱਛਮੀ ਬੰਗਾਲ ਐੱਸ. ਸੀ.ਪੀ. ਸੀ. ਆਰ. ਕੋਲ ਇਕ ਨਵੀਂ ਪ੍ਰਤੀਨਿਧਤਾ-ਰਿਮਾਈਂਡਰ ਦਾਇਰ ਕਰਨ ਦੀ ਆਜ਼ਾਦੀ ਰਾਖਵੀਂ ਰੱਖਦੇ ਹਾਂ ਤਾਂ ਜੋ ਪਟੀਸ਼ਨਾਂ ’ਚ ਲਾਏ ਗਏ ਦੋਸ਼ਾਂ ਨੂੰ ਇਨ੍ਹਾਂ ਪ੍ਰਤੀਵਾਦੀਆਂ ਦੇ ਧਿਆਨ ’ਚ ਲਿਆਂਦਾ ਜਾ ਸਕੇ।

# ਆਪ੍ਰੇਸ਼ਨ ਸਿੰਦੂਰ ਭਾਰਤ ਦੀ ਫੌਜੀ ਸ਼ਕਤੀ ਤੇ ਸ਼ਾਂਤੀ ਦੇ ਸੰਕਲਪ ਦਾ ਪ੍ਰਤੀਕ: ਰਾਸ਼ਟਰਪਤੀ ਮੁਰਮੂ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 27 ਨਵੰਬਰ। ਰਾਸ਼ਟਰਪਤੀ ਅਤੇ ਤਿੰਨਾਂ ਹਥਿਆਰਬੰਦ ਸੈਨਾਵਾਂ ਦੀ ਸੁਪਰੀਮ ਕਮਾਂਡਰ ਦ੍ਰੋਪਦੀ ਮੁਰਮੂ ਨੇ ਆਪ੍ਰੇਸ਼ਨ ਸਿੰਦੂਰ ਨੂੰ ਭਾਰਤ ਦੀ ਅੱਤਵਾਦ ਵਿਰੋਧੀ ਅਤੇ ਰੋਕਥਾਮ ਰਣਨੀਤੀ ਦਾ ਪ੍ਰਤੀਕ ਦੱਸਦੇ ਕਿਹਾ ਕਿ ਭਾਰਤ ਸ਼ਾਂਤੀ ਚਾਹੁੰਦਾ ਹੈ ਪਰ ਆਪਣੀਆਂ ਸਰਹੱਦਾਂ ਅਤੇ ਲੋਕਾਂ ਦੀ ਰੱਖਿਆ ਲਈ ਦ੍ਰਿੜਤਾ ਅਤੇ ਦ੍ਰਿੜਤਾ ਨਾਲ ਕਿਸੇ ਵੀ ਸਥਿਤੀ ਦਾ ਸਾਹਮਣਾ ਕਰਨ ਲਈ ਤਿਆਰ ਹੈ। ਸ਼੍ਰੀਮਤੀ ਮੁਰਮੂ ਨੇ ਵੀਰਵਾਰ ਨੂੰ ਇੱਥੇ ਫੌਜ ਵੱਲੋਂ ਆਯੋਜਿਤ ਚਾਣਕਯ ਰੱਖਿਆ ਸੰਵਾਦ-2025 ਸਿੰਪੋਜ਼ੀਅਮ ਦੇ ਤੀਜੇ ਐਡੀਸ਼ਨ ਦੇ ਉਦਘਾਟਨੀ ਸੈਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀ ਹਥਿਆਰਬੰਦ ਬਲਾਂ ਨੇ ਦੇਸ਼ ਦੀ ਪ੍ਰਭੂਸੱਤਾ ਦੀ ਰੱਖਿਆ ਵਿੱਚ ਸ਼ਾਨਦਾਰ ਪੇਸ਼ੇਵਰਤਾ ਅਤੇ ਦੇਸ਼ ਭਗਤੀ ਦਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਕਿਹਾ, ਸਾਡੀਆਂ ਫੌਜਾਂ ਨੇ ਹਰ ਸੁਰੱਖਿਆ ਚੁਣੌਤੀ, ਭਾਵੇਂ ਰਵਾਇਤੀ ਹੋਵੇ, ਬਗਾਵਤ ਵਿਰੋਧੀ ਹੋਵੇ ਜਾਂ ਮਾਨਵਤਾਵਾਦੀ, ਸਾਡੀਆਂ ਫੌਜਾਂ ਨੇ ਸ਼ਾਨਦਾਰ ਸਮਰੱਥਾ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕੀਤਾ। ’ਆਪ੍ਰੇਸ਼ਨ ਸਿੰਦੂਰ’ ਦੀ ਸਫਲਤਾ ਨੂੰ ਦੇਸ਼ ਦੀ ਅੱਤਵਾਦ ਵਿਰੋਧੀ ਅਤੇ ਰੋਕਥਾਮ ਰਣਨੀਤੀ ਵਿੱਚ ਇੱਕ ਪਰਿਭਾਸ਼ਿਤ ਪਲ ਦੱਸਦਿਆਂ ਉਨ੍ਹਾਂ ਕਿਹਾ, ਇਸਨੇ ਨਾ ਸਿਰਫ਼ ਦੁਨੀਆ ਨੂੰ ਭਾਰਤ ਦੀ ਫੌਜੀ ਸਮਰੱਥਾ ਦਾ ਪ੍ਰਦਰਸ਼ਨ ਕੀਤਾ, ਸਗੋਂ ਸ਼ਾਂਤੀ ਲਈ ਜ਼ਿੰਮੇਵਾਰੀ ਅਤੇ ਦ੍ਰਿੜਤਾ ਨਾਲ ਕੰਮ ਕਰਨ ਲਈ ਭਾਰਤ ਦੀ ਨੈਤਿਕ ਸਪੱਸ਼ਟਤਾ ਦਾ ਵੀ ਪ੍ਰਦਰਸ਼ਨ ਕੀਤਾ। ਹਥਿਆਰਬੰਦ ਸੈਨਾਵਾਂ ਆਪਣੀਆਂ ਕਾਰਜਸ਼ੀਲ ਜ਼ਿੰਮੇਵਾਰੀਆਂ ਤੋਂ ਇਲਾਵਾ ਰਾਸ਼ਟਰੀ ਵਿਕਾਸ ਦੇ ਥੰਮ?ਹ ਵੀ ਹਨ। ਸਰਹੱਦਾਂ ਨੂੰ ਮਜ਼ਬੂਤ ??ਕਰਨ ਦੇ ਨਾਲ-ਨਾਲ ਉਨ੍ਹਾਂ ਨੇ ਬੁਨਿਆਦੀ ਢਾਂਚੇ, ਸੰਪਰਕ, ਸੈਰ-ਸਪਾਟਾ ਅਤੇ ਸਿੱਖਿਆ ਰਾਹੀਂ ਸਰਹੱਦੀ ਖੇਤਰ ਦੇ ਵਿਕਾਸ ਵਿੱਚ ਵੀ ਯੋਗਦਾਨ ਪਾਇਆ ਹੈ। ਰਾਸ਼ਟਰਪਤੀ ਨੇ ਕਿਹਾ ਕਿ ਮੌਜੂਦਾ ਭੂ-ਰਾਜਨੀਤਿਕ ਦ੍ਰਿਸ਼ ਤੇਜ਼ੀ ਨਾਲ ਬਦਲ ਰਿਹਾ ਹੈ। ਮੁਕਾਬਲੇਬਾਜ਼ ਸ਼ਕਤੀ ਕੇਂਦਰਾਂ, ਤਕਨੀਕੀ ਵਿਘਨ ਅਤੇ ਬਦਲਦੇ ਗੱਠਜੋੜਾਂ ਦੁਆਰਾ ਵਿਸ਼ਵ ਵਿਵਸਥਾ ਨੂੰ ਮੁੜ ਆਕਾਰ ਦਿੱਤਾ ਜਾ ਰਿਹਾ ਹੈ। ਸਾਈਬਰ, ਪੁਲਾੜ ਅਤੇ ਸੂਚਨਾ ਯੁੱਧ ਵਰਗੇ ਨਵੇਂ ਮੁਕਾਬਲੇ ਵਾਲੇ ਖੇਤਰਾਂ ਨੇ ਸ਼ਾਂਤੀ ਅਤੇ ਟਕਰਾਅ ਵਿਚਕਾਰ ਰੇਖਾਵਾਂ ਨੂੰ ਧੁੰਦਲਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਵਸੁਧੈਵ ਕੁਟੁੰਬਕਮ ਦੀ ਸਾਡੀ ਸੱਭਿਅਤਾਵਾਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਭਾਰਤ ਨੇ ਦਿਖਾਇਆ ਹੈ ਕਿ ਰਣਨੀਤਕ ਖੁਦਮੁਖਤਿਆਰੀ, ਵਿਸ਼ਵ ਜ਼ਿੰਮੇਵਾਰੀ ਦੇ ਨਾਲ-ਨਾਲ ਸਾਡੀ ਕੂਟਨੀਤੀ, ਅਰਥਵਿਵਸਥਾ ਅਤੇ ਹਥਿਆਰਬੰਦ ਬਲਾਂ ਦੇ ਨਾਲ ਇੱਕ ਅਜਿਹੇ ਭਾਰਤ ਦੀ ਤਸਵੀਰ ਪੇਸ਼ ਕਰਦੇ ਹਨ, ਜੋ ਸ਼ਾਂਤੀ ਚਾਹੁੰਦਾ ਹੈ, ਫਿਰ ਵੀ ਆਪਣੀਆਂ ਸਰਹੱਦਾਂ ਅਤੇ ਨਾਗਰਿਕਾਂ ਦੀ ਰੱਖਿਆ ਲਈ ਦ੍ਰਿੜਤਾ ਅਤੇ ਦ੍ਰਿੜਤਾ ਨਾਲ ਤਿਆਰ ਹੈ।



### ਕਰਨਾਟਕ ’ਚ ਮੁੱਖ ਮੰਤਰੀ ਮੁੱਦੇ ਨੂੰ ਸੁਲਝਾਉਣ ਲਈ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਚੁੱਕਿਆ ਵੱਡਾ ਕਦਮ

ਨੈਸ਼ਨਲ ਡੈਸਕ 27 ਨਵੰਬਰ। ਕਰਨਾਟਕ ਵਿੱਚ ਮੁੱਖ ਮੰਤਰੀ ਬਦਲਣ ਦੀਆਂ ਚੱਲ ਰਹੀਆਂ ਅਟਕਲਾਂ ਅਤੇ ਪਾਰਟੀ ਅੰਦਰ ਤੇਜ਼ ਹੋਏ ਸੱਤਾ ਸੰਘਰਸ਼ ਦੇ ਮੁੱਦੇ ਨੂੰ ਸੁਲਝਾਉਣ ਲਈ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਵੱਡਾ ਕਦਮ ਚੁੱਕਿਆ ਹੈ। ਖੜਗੇ ਨੇ ਕਿਹਾ ਕਿ ਉਹ ਇਸ ਮੁੱਦੇ ’ਤੇ ਚਰਚਾ ਕਰਨ ਲਈ ਨਵੀਂ ਦਿੱਲੀ ਵਿੱਚ ਸੀਨੀਅਰ ਨੇਤਾਵਾਂ ਦੀ ਇੱਕ ਮੀਟਿੰਗ ਬੁਲਾਉਣਗੇ। ਖੜਗੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਦਿੱਲੀ ਜਾਣ ਤੋਂ ਬਾਅਦ, ਉਹ ਤਿੰਨ-ਚਾਰ ਮਹੱਤਵਪੂਰਨ ਨੇਤਾਵਾਂ ਨੂੰ ਬੁਲਾਉਣਗੇ। ਉਨ੍ਹਾਂ ਕਿਹਾ, ਚਰਚਾ ਤੋਂ ਬਾਅਦ ਅਸੀਂ ਤੈਅ ਕਰਾਂਗੇ ਕਿ ਅੱਗੇ ਕਿਵੇਂ ਵਧਣਾ ਹੈ, ਇਸ ਤਰ੍ਹਾਂ ਲੀਡਰਸ਼ਿਪ ਨਾਲ ਜੁੜੇ ਭਰਮ ਨੂੰ ਖਤਮ ਕਰਾਂਗੇ। ਮੀਟਿੰਗ ਵਿੱਚ ਸ਼ਾਮਲ ਹੋਣ ਵਾਲੇ ਨੇਤਾਵਾਂ ਬਾਰੇ ਉਨ੍ਹਾਂ ਪੁਸ਼ਟੀ ਕੀਤੀ ਕਿ: ਮੁੱਖ ਮੰਤਰੀ ਸਿੱਧਰਮਈਆ ਅਤੇ ਉਪ-ਮੁੱਖ ਮੰਤਰੀ ਡੀ.ਕੇ. ਸ਼ਿਵਕੁਮਾਰ ਨੂੰ ਯਕੀਨੀ ਤੌਰ ’ਤੇ ਬੁਲਾਇਆ ਜਾਵੇਗਾ। ਇਸ ਚਰਚਾ ਵਿੱਚ ਰਾਹੁਲ ਗਾਂਧੀ ਵੀ ਸ਼ਾਮਲ ਹੋਣਗੇ। ਖੜਗੇ ਨੇ ਕਿਹਾ ਕਿ ਸਾਰਿਆਂ ਨਾਲ ਗੱਲ ਕਰਨ ਤੋਂ ਬਾਅਦ ਹੀ ਕੋਈ ਫੈਸਲਾ ਲਿਆ ਜਾਵੇਗਾ। ਕਰਨਾਟਕ ਵਿੱਚ ਇਹ ਸੱਤਾ ਸੰਘਰਸ਼ ਉਦੋਂ ਤੇਜ਼ ਹੋ ਗਿਆ ਜਦੋਂ 20 ਨਵੰਬਰ ਨੂੰ ਕਾਂਗਰਸ ਸਰਕਾਰ ਨੇ ਆਪਣੇ ਢਾਈ ਸਾਲ ਪੂਰੇ ਕਰ ਲਏ। ਇਹ ਵਿਵਾਦ ਮੁੱਖ ਤੌਰ ’ਤੇ ਮੁੱਖ ਮੰਤਰੀ ਸਿੱਧਰਮਈਆ ਅਤੇ ਉਪ-ਮੁੱਖ ਮੰਤਰੀ ਡੀ.ਕੇ. ਸ਼ਿਵਕੁਮਾਰ ਵਿਚਕਾਰ 2023 ਵਿੱਚ ਹੋਏ ਕਥਿਤ ਸੱਤਾ-ਸਾਂਝੇਦਾਰੀ ਸਮਝੌਤੇ ਕਾਰਨ ਉੱਠਿਆ ਹੈ। ਇਸ ਦੌਰਾਨ, ਸਰਕਾਰੀ ਸੂਤਰਾਂ ਅਨੁਸਾਰ ਮੁੱਖ ਮੰਤਰੀ ਸਿੱਧਰਮਈਆ ਨੇ ਆਪਣੇ ਨਿਵਾਸ ’ਤੇ ਸੀਨੀਅਰ ਮੰਤਰੀਆਂ ਅਤੇ ਆਪਣੇ ਕਰੀਬੀ ਮੰਨੇ ਜਾਣ ਵਾਲੇ ਨੇਤਾਵਾਂ ਨਾਲ ਇੱਕ ਵੱਖਰੀ ਮੀਟਿੰਗ ਕੀਤੀ।

# 100 ਰੁਪਏ ਦੇ ਨੋਟ ’ਤੇ ਨੇਪਾਲ ਨੇ ਛਾਪ’ਤਾ ਭਾਰਤ ਵਿਰੋਧੀ ਨਕਸ਼ਾ, ਮਿਲੀ ਸਖਤ ਚਿਤਾਵਨੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ/ਕਾਠਮੰਡੂ 27 ਨਵੰਬਰ। ਭਾਰਤ ਦੇ ਸਖ਼ਤ ਵਿਰੋਧ ਦੇ ਬਾਵਜੂਦ ਨੇਪਾਲ ਆਪਣੇ ਅਪਡੇਟ ਕੀਤੇ ਨਕਸ਼ੇ ਨੂੰ ਲੈ ਕੇ ਆਪਣੇ ਰੁਖ ਤੋਂ ਪਿੱਛੇ ਨਹੀਂ ਹਟ ਰਿਹਾ ਹੈ। ਨੇਪਾਲ ਦੇ ਕੇਂਦਰੀ ਬੈਂਕ (ਨੇਪਾਲ ਰਾਸ਼ਟਰ ਬੈਂਕ-NRB) ਨੇ ਵੀਰਵਾਰ ਨੂੰ 100 ਰੁਪਏ ਦੇ ਨਵੇਂ ਨੋਟ ਜਾਰੀ ਕੀਤੇ ਹਨ, ਜਿਨ੍ਹਾਂ ਵਿੱਚ ਦੇਸ਼ ਦਾ ਸੋਧਿਆ ਹੋਇਆ ਨਕਸ਼ਾ ਛਪਿਆ ਹੈ। ਇਸ ਨਵੇਂ ਨਕਸ਼ੇ ਵਿੱਚ ਕਾਲਾਪਾਣੀ, ਲਿਪੂਲੇਖ ਅਤੇ ਲਿੰਪੀਆਧੁਰਾ ਵਰਗੇ ਵਿਵਾਦਿਤ ਖੇਤਰਾਂ ਨੂੰ ਇੱਕ ਵਾਰ ਫਿਰ ਨੇਪਾਲ ਦਾ ਹਿੱਸਾ ਦੱਸਿਆ ਗਿਆ ਹੈ। ਭਾਰਤ ਲਗਾਤਾਰ ਇਨ੍ਹਾਂ ਤਿੰਨਾਂ ਖੇਤਰਾਂ ’ਤੇ ਆਪਣਾ ਦਾਅਵਾ ਕਰਦਾ ਰਿਹਾ ਹੈ। ਨਵਾਂ ਨਕਸ਼ਾ ਜਾਰੀ ਕਰਨ ਦਾ ਇਹ ਫੈਸਲਾ ਉਸ ਸਮੇਂ ਦੇ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਦੀ ਅਗਵਾਈ ਵਾਲੀ ਸਰਕਾਰ ਦੌਰਾਨ ਹੋਇਆ ਸੀ, ਜਦੋਂ ਮਈ 2020 ਵਿੱਚ ਸੰਸਦ ਦੀ ਪ੍ਰਵਾਨਗੀ ਤੋਂ ਬਾਅਦ ਨੇਪਾਲ ਨੇ ਆਪਣੇ ਨਕਸ਼ੇ ਨੂੰ ਅਪਡੇਟ ਕੀਤਾ ਸੀ। ਇਸ ’ਤੇ ਭਾਰਤ ਨੇ 2020 ਵਿੱਚ ਸਖ਼ਤ ਪ੍ਰਤੀਕਿਰਿਆ ਦਿੱਤੀ ਸੀ ਅਤੇ ਇਸ ਨੂੰ ’ਇੱਕਪਾਸੜ ਕਦਮ’ ਦੱਸਿਆ ਸੀ। ਭਾਰਤ ਨੇ ਉਸ ਸਮੇਂ ਚੇਤਾਵਨੀ ਦਿੱਤੀ ਸੀ ਕਿ ਇਸ ਪ੍ਰਕਾਰ ਦਾ ’ਨਕਲੀ ਵਿਸਤਾਰ’ ਸਵੀਕਾਰ ਨਹੀਂ ਕੀਤਾ ਜਾਵੇਗਾ।



ਨੇਪਾਲ ਰਾਸ਼ਟਰ ਬੈਂਕ ਦੇ ਇੱਕ ਬੁਲਾਰੇ ਨੇ ਇਸ ਮਾਮਲੇ ’ਤੇ ਕਿਹਾ ਕਿ ਪੁਰਾਣੇ 100 ਰੁਪਏ ਦੇ ਨੋਟ ਵਿੱਚ ਵੀ ਇਹ ਨਕਸ਼ਾ ਮੌਜੂਦ ਸੀ, ਪਰ ਇਸ ਨੂੰ ਸਰਕਾਰ ਦੇ ਫੈਸਲੇ ਅਨੁਸਾਰ ਸੋਧਿਆ ਗਿਆ ਹੈ। ਉਨ੍ਹਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ 10, 50, 500 ਅਤੇ 1000 ਰੁਪਏ ਵਰਗੇ ਹੋਰ ਨੋਟਾਂ ਵਿੱਚ ਦੇਸ਼ ਦਾ ਨਕਸ਼ਾ ਨਹੀਂ ਛਾਪਿਆ ਜਾਂਦਾ, ਸਿਰਫ਼ 100 ਰੁਪਏ ਦੇ ਨੋਟ ’ਤੇ ਹੀ ਨਕਸ਼ਾ ਛਾਪਿਆ ਜਾਂਦਾ ਹੈ। ਰਿਪੋਰਟਾਂ ਮੁਤਾਬਕ ਨਵੇਂ 100 ਰੁਪਏ ਦੇ ਨੋਟ ’ਤੇ ਕਈ ਖਾਸ ਵਿਸ਼ੇਸ਼ਤਾਵਾਂ ਹਨ: ਨੋਟ ਦੇ ਖੱਬੇ ਪਾਸੇ ਮਾਊਂਟ ਐਵਰੈਸਟ ਦੀ ਤਸਵੀਰ ਹੈ, ਜਦੋਂ ਕਿ ਸੱਜੇ ਪਾਸੇ ਨੇਪਾਲ ਦੇ ਰਾਸ਼ਟਰੀ ਫੁੱਲ ਲਾਲ ਬੁਰਾਂਸ਼ ਦਾ ਵਾਟਰਮਾਰਕ ਹੈ। ਨੋਟ ਦੇ ਕੇਂਦਰ ਵਿੱਚ ਹਲਕੇ ਹਰੇ ਰੰਗ ਵਿੱਚ ਨੇਪਾਲ ਦਾ ਨਕਸ਼ਾ ਛਪਿਆ ਹੋਇਆ ਹੈ। ਨਕਸ਼ੇ ਦੇ ਨੇੜੇ ਅਸ਼ੋਕ ਸਤੰਭ ਵੀ ਛਾਪਿਆ ਗਿਆ ਹੈ, ਜਿਸ ਦੇ ਹੇਠਾਂ ਲਿਖਿਆ ਹੈ: ’ਲੁੰਬੀਨੀ- ਭਗਵਾਨ ਬੁੱਧ ਦੀ ਜਨਮ ਭੂਮੀ’। ਨੋਟ ਦੇ ਪਿਛਲੇ ਪਾਸੇ ਇੱਕ ਸਿੰਗ ਵਾਲੇ ਗੈਂਡੇ ਦੀ ਤਸਵੀਰ ਹੈ। ਨੋਟ ਵਿੱਚ ਸੁਰੱਖਿਆ ਧਾਗਾ ਅਤੇ ਇੱਕ ਉੱਭਰਿਆ ਹੋਇਆ ਕਾਲਾ ਬਿੰਦੂ ਵੀ ਹੈ, ਜਿਸ ਨਾਲ ਨੇਤਰਹੀਣ ਲੋਕ ਇਸਨੂੰ ਪਛਾਣ ਸਕਦੇ ਹਨ। ਜ਼ਿਕਰਯੋਗ ਹੈ ਕਿ ਨੇਪਾਲ ਦੀ ਭਾਰਤ ਨਾਲ 1850 ਕਿਲੋਮੀਟਰ ਤੋਂ ਵੱਧ ਲੰਬੀ ਸਰਹੱਦ ਲੱਗਦੀ ਹੈ, ਜੋ ਸਿੱਕਮ, ਪੱਛਮੀ ਬੰਗਾਲ, ਬਿਹਾਰ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਵਿੱਚੋਂ ਲੰਘਦੀ ਹੈ

# ਅਨੰਦਪੁਰ ਸਾਹਿਬ ਦਾ ਚਰਨ ਗੰਗਾ ਸਟੇਡੀਅਮ ਬਣੇਗਾ ਵਿਸ਼ਵ ਪੱਧਰੀ ਮਾਰਸ਼ਲ ਆਰਟਸ ਕੇਂਦਰ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਚੰਡੀਗੜ੍ਹ 27 ਨਵੰਬਰ। ਆਨੰਦਪੁਰ ਸਾਹਿਬ ਦਾ ਇਤਿਹਾਸਕ ਚਰਨ ਗੰਗਾ ਸਟੇਡੀਅਮ ਜਲਦ ਹੀ ਇੱਕ ਨਵੇਂ ਰੂਪ ਵਿੱਚ ਨਜ਼ਰ ਆਵੇਗਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਇਸ ਪਵਿੱਤਰ ਸ਼ਹਿਰ ਵਿੱਚ ਮੌਜੂਦਾ ਚਰਨ ਗੰਗਾ ਸਟੇਡੀਅਮ ਦੇ ਨਵੀਨੀਕਰਨ ਅਤੇ ਅਪਗ੍ਰੇਡ ਕਰਨ ਦਾ ਐਲਾਨ ਕੀਤਾ ਹੈ। ਇਹ ਸਟੇਡੀਅਮ ਹਰ ਸਾਲ ਹੋਲਾ-ਮਹੱਲਾ ਮੇਲੇ ਵਿੱਚ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਅਤੇ ਖੇਡ ਪ੍ਰੇਮੀਆਂ ਦੀ ਸਹੂਲਤ ਲਈ ਵਿਸ਼ਵ ਪੱਧਰੀ ਬਣਾਇਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਟੇਡੀਅਮ ਨੌਜਵਾਨਾਂ ਲਈ ਮਾਰਸ਼ਲ ਆਰਟਸ ਸਿਖਲਾਈ ਦਾ ਇੱਕ ਪ੍ਰਮੁੱਖ ਕੇਂਦਰ ਬਣੇਗਾ। ਚਰਨ ਗੰਗਾ ਸਟੇਡੀਅਮ ਦਾ ਸਿੱਖ ਇਤਿਹਾਸ ਅਤੇ ਸੱਭਿਆਚਾਰ ਵਿੱਚ ਇੱਕ ਖ਼ਾਸ ਸਥਾਨ ਹੈ। ਇਹ ਉਹ ਪਵਿੱਤਰ ਧਰਤੀ ਹੈ ਜਿੱਥੇ 1701 ਵਿੱਚ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਨੇ ਨਿਹੰਗ ਸਿੰਘ ਜਥੇਬੰਦੀਆਂ ਜਾਂ ‘ਗੁਰੂ ਕੀ ਲਾਡਲੀ ਫ਼ੌਜ’ ਦੀ ਸਥਾਪਨਾ ਕੀਤੀ ਸੀ। ਗੁਰੂ ਸਾਹਿਬ ਨੇ ਇੱਥੇ ਖਾਲਸਾ ਯੋਧਿਆਂ ਨੂੰ ਗੱਤਕਾ ਅਤੇ ਹੋਰ ਯੁੱਧ ਕਲਾਵਾਂ ਦੀ ਸਿਖਲਾਈ ਦਿੱਤੀ ਸੀ। ਅੱਜ ਵੀ ਹਰ ਸਾਲ ਹੋਲਾ-ਮਹੱਲਾ ਦੌਰਾਨ ਇੱਥੇ ਨਿਹੰਗ ਸਿੰਘਾਂ ਵੱਲੋਂ ਰਵਾਇਤੀ ਮਾਰਸ਼ਲ ਆਰਟਸ ਦੇ ਸ਼ਾਨਦਾਰ ਪ੍ਰਦਰਸ਼ਨ ਕੀਤੇ ਜਾਂਦੇ ਹਨ। ਹਜ਼ਾਰਾਂ ਦਰਸ਼ਕ ਤਲਵਾਰਬਾਜ਼ੀ, ਘੋੜਸਵਾਰੀ ਅਤੇ ਟੈਂਟ-ਪੈਗਿੰਗ ਵਰਗੇ ਰੋਮਾਂਚਕ ਕਰਮਕਾਂਡ ਵੇਖਣ ਲਈ ਇਕੱਠੇ ਹੁੰਦੇ ਹਨ। ਪੰਜਾਬ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਸਟੇਡੀਅਮ ਦਾ ਨਿਰਮਾਣ ਕਾਰਜ ਬਿਲਕੁਲ ਮਿਆਰੀ ਢੰਗ ਨਾਲ ਕੀਤਾ ਜਾਵੇਗਾ। ਇਹ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਹੋਵੇਗਾ, ਜਿੱਥੇ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਮਾਰਸ਼ਲ ਆਰਟਸ ਟੂਰਨਾਮੈਂਟ ਕਰਵਾਏ ਜਾ ਸਕਣਗੇ। ਸਟੇਡੀਅਮ ਵਿੱਚ ਆਧੁਨਿਕ ਸਿਖਲਾਈ ਸਹੂਲਤਾਂ, ਦਰਸ਼ਕਾਂ ਲਈ ਬੈਠਣ ਦੇ ਪ੍ਰਬੰਧ ਅਤੇ ਹੋਰ ਜ਼ਰੂਰੀ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਜਾਵੇਗਾ। ਇਹ ਪਹਿਲ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਰਵਾਇਤੀ ਮਾਰਸ਼ਲ ਆਰਟਸ ਨਾਲ ਜੋੜਨ ਅਤੇ ਗੁਰੂ ਸਾਹਿਬ ਦੀ ਵਿਰਾਸਤ ਨੂੰ ਅੱਗੇ ਤੋਰਨ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੈ। ਪੰਜਾਬ ਸਰਕਾਰ ਸੂਬੇ ਵਿੱਚ ਖੇਡਾਂ ਦੇ ਵਿਕਾਸ ਲਈ ਅਭੂਤਪੂਰਵ ਕੰਮ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੂਰੇ ਪੰਜਾਬ ਵਿੱਚ 3,000 ਤੋਂ ਵੱਧ ਖੇਡ ਸਟੇਡੀਅਮਾਂ ਦਾ ਨੀਂਹ ਪੱਥਰ ਰੱਖਿਆ ਹੈ, ਜਿਨ੍ਹਾਂ ’ਤੇ 1,184 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾਵੇਗਾ। ਇਹ ਪ੍ਰੋਜੈਕਟ ਪੇਂਡੂ ਖੇਤਰਾਂ ਵਿੱਚ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨੌਜਵਾਨ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਨੇ ਦੇਸ਼ ਨੂੰ ਅਨੇਕਾਂ ਮਹਾਨ ਖਿਡਾਰੀ ਦਿੱਤੇ ਹਨ ਅਤੇ ਸਰਕਾਰ ਦਾ ਉਦੇਸ਼ ਪੰਜਾਬ ਦੀ ਖੇਡ ਮਹਿਮਾ ਨੂੰ ਵਾਪਸ ਲਿਆਉਣਾ ਹੈ।



## ਦਿੱਲੀ ਗੁਰਦੁਆਰਾ ਕਮੇਟੀ ਨੇ ਨਗਰ ਕੀਰਤਨ ਸਜਾਇਆ, ਲਾਲ ਕਿਲ੍ਹੇ ’ਤੇ ਲੱਖ ਤੋਂ ਵੱਧ ਸਹਿਜ ਪਾਠਾਂ ਦੀ ਹੋਈ ਸੰਪੂਰਨਤਾ

ਅੰਮ੍ਰਿਤਸਰ , 27 ਨਵੰਬਰ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਅਨਿੰਨ ਸੇਵਕਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਮੌਕੇ ’ਤੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਅਰਦਾਸ ਉਪਰੰਤ ਨਗਰ ਕੀਰਤਨ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਪੰਜ ਪਿਆਰਿਆਂ ਦੀ ਅਗਵਾਈ ਵਿਚ ਆਰੰਭ ਹੋਇਆ। ਨਗਰ ਕੀਰਤਨ ਦੌਰਾਨ ਸੁੰਦਰ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਸੁਸ਼ੋਭਿਤ ਕਰਕੇ ਇਹ ਨਗਰ ਕੀਰਤਨ ਗੁਰਦੁਆਰਾ ਸੀਸਗੰਜ ਸਾਹਿਬ ਤੋਂ ਸ਼ੁਰੂ ਹੋ ਕੇ ਅਜਮੇਰੀ ਗੇਟ, ਪਹਾੜਗੰਜ, ਨਵੀਂ ਦਿੱਲੀ ਰੇਲਵੇ ਸਟੇਸ਼ਨ, ਕਨਾਟ ਪਲੇਸ, ਬਾਬਾ ਖੜਗ ਸਿੰਘ ਮਾਰਗ ਤੋਂ ਹੁੰਦੇ ਹੋਏ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਪਹੁੰਚ ਕੇ ਸੰਪੰਨ ਹੋਇਆ। ਨਗਰ ਕੀਰਤਨ ਵਿਚ ਦਲ ਪੰਥ ਜਥੇਬੰਦੀਆਂ, ਨਿਹੰਗ ਸਿੰਘਾਂ ਦੇ ਜੱਥੇ, ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਵਿਦਿਆਰਥੀ ਜੱਥਿਆਂ ਨੇ ਸ਼ਮੂਲੀਅਤ ਕੀਤੀ। ਇਸ ਬਾਰੇ ਜਾਣਕਾਰੀ ਦਿੰਦਿਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਬਹੁਤ ਹੀ ਵੱਡਾ ਇਤਿਹਾਸਕ ਦਿਹਾੜਾ ਹੈ ਤੇ ਅਸੀਂ ਸਾਰੇ ਵਡਭਾਗੀ ਹਾਂ ਜੋ ਸਾਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਣ ਦਾ ਮੌਕਾ ਮਿਲਿਆ ਹੈ। ਉਹਨਾਂ ਕਿਹਾ ਕਿ ਇਸ ਦਿਹਾੜੇ ਨੂੰ ਲੈ ਕੇ ਸੰਗਤਾਂ ਵਿਚ ਬੇਹੱਦ ਸ਼ਰਧਾ ਤੇ ਸਤਿਕਾਰ ਦੀ ਭਾਵਨਾ ਭਰਪੂਰ ਰਹੀ। ਸੰਗਤਾਂ ਨੇ ਵੱਡੀ ਗਿਣਤੀ ਵਿਚ ਜਿਥੇ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ, ਉਥੇ ਹੀ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ ਵਾਸਤੇ ਸਾਰੇ ਰਸਤੇ ਵਿਚ ਚਾਹ, ਪਕੌੜਿਆਂ ਸਮੇਤ ਵੱਖ-ਵੱਖ ਚੀਜ਼ਾਂ ਦੇ ਲੰਗਰ ਲਗਾਏ ਗਏ ਸਨ। ਇਸ ਦੌਰਾਨ ਲਾਲ ਕਿਲ੍ਹੇ ’ਤੇ ਚਲ ਰਹੇ ਤਿੰਨ ਰੋਜ਼ਾ ਸਮਾਗਮਾਂ ਦੇ ਅਖੀਰਲੇ ਦਿਨ ਅੱਜ ਇਕ ਲੱਖ ਤੋਂ ਵੱਧ ਸਹਿਜ ਪਾਠਾਂ ਦੀ ਸੰਪੂਰਨਤਾ ਸਮੂਹਿਕ ਤੌਰ ’ਤੇ ਕੀਤੀ ਗਈ। ਸੰਗਤਾਂ ਵੱਲੋਂ ਇਹ ਸਹਿਜ ਪਾਠ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਮੁੱਖ ਰੱਖਦਿਆਂ ਰੱਖੇ ਗਏ ਸਨ। ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਸਮੇਤ ਕਮੇਟੀ ਦੀ ਟੀਮ ਨੇ ਸਹਿਜ ਪਾਠਾਂ ਦੀ ਸੰਪੂਰਨਤਾ ਵਿਚ ਆਪ ਸ਼ਮੂਲੀਅਤ ਕੀਤੀ। ਇਸ ਮੌਕੇ ਹੋਏ ਸਮਾਗਮ ਵਿਚ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਤੇ ਐਡੀਸ਼ਨਲ ਹੈਡ ਗ੍ਰੰਥੀ ਗੁਰਦਿਆਲ ਸਿੰਘ ਵੀ ਉਚੇਚੇ ਤੌਰ ’ਤੇ ਸ਼ਾਮਲ ਹੋਏ। ਢਿੱਲੀ ਕਮੇਟੀ ਪ੍ਰਬੰਧਕਾ ਵਲੋ ਸਿੰਘ ਸਾਹਿਬ ਜੀ ਦਾ ਸਨਮਾਨ ਵੀ ਕੀਤਾ ਗਿਆ।

## ਕਰਨਾਟਕ ਦੇ ਮੁੱਖ ਮੰਤਰੀ ਬਦਲਣ ਦੀਆਂ ਅਟਕਲਾਂ ’ਚ ਸ਼ਿਵਕੁਮਾਰ ਦਾ ਬਿਆਨ

ਬੈਂਗਲੁਰੂ 27 ਨਵੰਬਰ। ਕਰਨਾਟਕ ’ਚ ਮੁੱਖ ਮੰਤਰੀ ਬਦਲਣ ਦੀਆਂ ਅਟਕਲਾਂ ’ਤੇ ਇਕ ਹੀ ਦਿਨ ਵਿਚ ਕਾਂਗਰਸ ਪ੍ਰਧਾਨ, ਕਰਨਾਟਕ ਦੇ ਮੁੱਖ ਮੰਤਰੀ ਅਤੇ ਉੱਪ ਮੁੱਖ ਮੰਤਰੀ ਦੇ ਬਿਆਨ ਜਾਰੀ ਹੋਏ। ਉੱਪ ਮੁੱਖ ਮੰਤਰੀ ਅਤੇ ਕਰਨਾਟਕ ਕਾਂਗਰਸ ਪ੍ਰਧਾਨ ਡੀ. ਕੇ. ਸ਼ਿਵਕੁਮਾਰ ਨੇ ਕਿਹਾ ਕਿ ਮੈਂ ਮੁੱਖ ਮੰਤਰੀ ਤਬਦੀਲੀ ’ਤੇ ਜਨਤਕ ਤੌਰ ’ਤੇ ਟਿੱਪਣੀ ਨਹੀਂ ਕਰਾਂਗਾ; ਇਹ ਸਾਡੇ 4 ਜਾਂ 5 ਲੋਕਾਂ ਵਿਚਕਾਰ ਇਕ ਸੀਕ੍ਰੇਟ ਡੀਲ ਹੈ। ਇਸ ਦੌਰਾਨ ਮੁੱਖ ਮੰਤਰੀ ਸਿੱਧਰਮਈਆ ਨੇ ਕਿਹਾ ਕਿ ਪਾਰਟੀ ਹਾਈਕਮਾਨ ਨੂੰ ਇਸ ਸਾਰੀ ਉਲਝਣ ’ਤੇ ਅੰਤਿਮ ਫੈਸਲਾ ਲੈਣਾ ਚਾਹੀਦਾ ਹੈ, ਤਾਂ ਜੋ ਇਹ ਮੁੱਦਾ ਖਤਮ ਹੋ ਸਕੇ। ਉਨ੍ਹਾਂ ਕਿਹਾ ਕਿ ਜੇਕਰ ਹਾਈਕਮਾਨ ਮੁੱਖ ਮੰਤਰੀ ਬਦਲਣ ਨੂੰ ਲੈ ਕੇ ਕੋਈ ਫੈਸਲਾ ਲੈਂਦਾ ਹੈ ਤਾਂ ਉਹ ਉਸਦੀ ਪਾਲਣਾ ਕਰਨਗੇ। ਇਸ ਦੌਰਾਨ ਦਿੱਲੀ ’ਚ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਕਿਹਾ ਕਿ ਕਰਨਾਟਕ ਵਿਚ ਲੀਡਰਸ਼ਿਪ ਤਬਦੀਲੀ ਨਾਲ ਸਬੰਧਤ ਮੁੱਦਿਆਂ ’ਤੇ ਜਨਤਕ ਪਲੇਟਫਾਰਮ ’ਤੇ ਚਰਚਾ ਨਹੀਂ ਕੀਤੀ ਜਾ ਸਕਦੀ। ਰਾਹੁਲ ਗਾਂਧੀ ਨਾਲ ਮੁਲਾਕਾਤ ਦੇ ਸਵਾਲ ’ਤੇ ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਇਸ ਬਾਰੇ ਕਿਤੇ ਵੀ ਚਰਚਾ ਨਹੀਂ ਕਰਦੇ। ਜੇਕਰ ਮੁਲਾਕਾਤ ਹੁੰਦੀ ਹੈ ਤਾਂ ਉਥੇ ਗੱਲ ਹੋਵੇਗੀ। ਸਿੱਧਰਮਈਆ ਨੇ ਪਾਰਟੀ ਹਾਈਕਮਾਨ ਨੂੰ ਅਖੀਰ ਇਸ ਉਲਝਣ ਨੂੰ ਖਤਮ ਕਰਨਾ ਚਾਹੀਦਾ ਹੈ। ਉਹ ਮੁੱਖ ਮੰਤਰੀ ਅਹੁਦੇ ’ਤੇ ਬਦਲਾਅ ਸਬੰਧੀ ਮੁੱਦੇ ’ਤੇ ਹਾਈਕਮਾਨ ਦੇ ਫੈਸਲੇ ਦੀ ਪਾਲਣਾ ਕਰਨਗੇ।



# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗੁਰੂਗ੍ਰਾਮ ਵਿੱਚ ਟੇਸਲਾ ਇੰਡੀਆ ਮੋਟਰਸ ਦੇ ਦੇਸ਼ ਦੇ ਪਹਿਲੇ ਆਲ ਇਨ ਵਨ ਕੇਂਦਰ ਦਾ ਕੀਤਾ ਉਦਘਾਟਨ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ, 27 ਨਵੰਬਰ – ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਿਰਫ ਇੱਕ ਬਾਜ਼ਾਰ ਨਹੀਂ ਹੈ, ਇਹ ਮੈਨੂਫੈਕਚਰਿੰਗ ਦੀ ਮਹਾਸ਼ਕਤੀ ਹੈ। ਇਹ ਆਟੋਮੋਬਾਇਲ, ਆਈਟੀ ਅਤੇ ਹੋਰ ਉਦਯੋਗਾਂ ਦਾ ਵੱਡਾ ਕੇਂਦਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਟੇਸਲਾ ਭਾਰਤ ਵਿੱਚ ਆਪਣਾ ਪਹਿਲਾ ਇਲੈਕਟ੍ਰਿਕ ਵਾਹਨ ਮੈਨੂਫੈਕਚਰਿੰਗ ਪਲਾਂਟ ਹਰਿਆਣਾ ਵਿੱਚ ਹੀ ਸਥਾਪਿਤ ਕਰੇਗਾ ਅਤੇ ਟੇਸਲਾ ਦੀ ਹੋਰ ਸਬੰਧਿਤ ਇਕਾਈਆਂ ਵੀ ਇੱਥੇ ਲੱਗਣਗੀਆਂ। ਮੁੱਖ ਮੰਤਰੀ ਵੀਰਵਾਰ ਨੂੰ ਗੁਰੂਗ੍ਰਾਮ ਵਿੱਚ ਟੇਸਲਾ ਇੰਡੀਆ ਮੋਟਰਸ ਦੇ ਦੇਸ਼ ਦੇ ਪਹਿਲੇ ਆਲ ਇਨ ਵਨ ਕੇਂਦਰ ਦਾ ਉਦਘਾਟਨ ਕਰਨ ਬਾਅਦ ਮੌਜੂਦ ਲੋਕਾਂ ਨੂੰ ਸੰਬੋਧਿਤ ਕਰ ਰਹੇ ਸਨ। ਪ੍ਰੋਗਰਾਮ ਵਿੱਚ ਹਰਿਆਣਾ ਦੇ ਉਦਯੋਗ ਅਤੇ ਵਪਾਰ ਮੰਤਰੀ ਰਾਓ ਨਰਬੀਰ ਸਿੰਘ, ਪਟੌਦੀ ਦੀ ਵਿਧਾਇਕ ਸ੍ਰੀਮਤੀ ਬਿਮਲਾ ਚੌਧਰੀ, ਸੋਹਨਾ ਦੇ ਵਿਧਾਇਕ ਸ੍ਰੀ ਤੇਜਪਾਲ ਤੰਵਰ, ਗੁਰੂਗ੍ਰਾਮ ਦੇ ਵਿਧਾਇਕ ਸ੍ਰੀ ਮੁਕੇਸ਼ ਸ਼ਰਮਾ ਵੀ ਮੌਜੂਦ ਰਹੇ। ਮੁੱਖ ਮੰਤਰੀ ਨੇ ਟੇਸਲਾ ਇੰਡੀਆ ਮੋਟਰਸ ਦੇ ਕੇਂਦਰ ਦਾ ਉਦਘਾਟਨ ਕਰਨ ਦੇ ਬਾਅਦ ਆਪਣੇ ਸੰਬੋਧਨ ਵਿੱਚ ਕਿਹਾ ਕਿ ਹਰਿਆਣਾ ਵਿੱਚ ਉਦਯੋਗਾਂ ਦੀ ਕੋਸਟ ਆਫ ਡੂਇੰਗ ਬਿਜਨੈਸ ਨੂੰ ਘੱਟ ਕਰਨ ਲਈ ਹਰਿਆਣਾ ਸਰਕਾਰ ਲਗਾਤਾਰ ਯਤਨਸ਼ੀਲ ਹੈ। ਇੰਨ੍ਹਾਂ ਯਤਨਾਂ ਤਹਿਤ ਉਦਯੋਗਿਕ ਪਲਾਟਾਂ ਲਈ ਵਿਸ਼ੇਸ਼ ਲੀਜਿੰਗ ਪੋਲਿਸੀ ਬਣਾਈ ਗਈ ਹੈ। ਇਸੀ ਲੜੀ ਵਿੱਚ ਇੱਥੇ ਸਥਾਪਿਤ ਉਦਯੋਗਾਂ ਦੇ ਨਾਲ ਮਿਲ ਕੇ ਲੋਕਲ ਸਪਲਾਈ ਚੇਨ ਨੂੰ ਪ੍ਰੋਤਸਾਹਨ ਦਿੱਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਦੇਸ਼ੀ ਕੰਪਨੀਆਂ ਅਤੇ ਵਿਦੇਸ਼ਾਂ ਤੋਂ ਪ੍ਰਭਾਵਸ਼ਾਲੀ ਵਾਰਤਲਾਪ ਲਈ ਹਰਿਆਣਾ ਸਰਕਾਰ ਨੇ ਵਿਦੇਸ਼ ਸਹਿਯੋਗ ਵਿਭਾਗ ਦੀ ਸਥਾਪਨਾ ਕੀਤੀ ਹੈ ਜੋ ਵਿਦੇਸ਼ੀ ਨਿਵੇਸ਼ਕਾਂ ਦੇ ਨਾਲ ਲਗਾਤਾਰ ਸਹਿਯੋਗ ਸਥਾਪਿਤ ਕਰਨ ਦਾ ਕੰਮ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੇ ਉਦਯੋਗਿਕ ਵਿਕਾਸ ਨੂੰ ਗਤੀ ਦੇਣ ਲਈ ਈਜ਼ ਆਫ ਡੂਇੰਗ ਬਿਜਨੈਸ ਦਾ ਇੱਕ ਇਕੋ-ਸਿਸਟਮ ਤਿਆਰ ਕੀਤਾ ਹੈ, ਜਿਸ ਦੇ ਚਲਦੇ ਹਰਿਆਣਾ ਈਜ਼ ਆਫ ਡੂਇੰਗ ਬਿਜਨੈਸ ਦੀ ਟਾਪ ਅਚੀਵਰਸ ਕੈਟੇਗਰੀ ਵਿੱਚ ਮੋਹਰੀ ਸਥਾਨ ਬਣਾ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਨੂੰ ਆਪਣੇ ਆਟੋਮੋਬਾਇਲ ਸੈਕਟਰ ’ਤੇ ਮਾਣ ਹੈ, ਜੋ ਭਾਰਤ ਵਿੱਚ ਸੱਭ ਤੋਂ ਵੱਧ ਯਾਤਰੀ ਕਾਰਾਂ ਦਾ ਨਿਰਮਾਣ ਕਰਦਾ ਹੈ। ਨਿਵੇਸ਼ ਤੇ ਉਦਯੋਗ ਹਿਤੇਸ਼ੀ ਨੀਤੀਆਂ ਦੇ ਨਾਲ ਹਰਿਆਣਾ ਬਣਿਆ ਆਸਾਂ ਅਤੇ ਮੌਕਿਆਂ ਦੀ ਧਰਤੀ, ਪਿਛਲੇ 11 ਸਾਲਾਂ ਵਿੱਚ ਨਿਰਯਾਤ ਵਿੱਚ ਹੋਈ 2 ਲੱਖ ਕਰੋੜ ਰੁਪਏ ਤੋਂ ਵੱਧ ਦਾ ਵਾਧਾ ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸੂਬਾ ਅੱਜ ਆਪਣੀ ਵਿਸ਼ੇਸ਼ ਤੇ ਉਦਯੋਗ ਹਿਤੇਸ਼ੀ ਨੀਤੀਆਂ ਦੇ ਆਧਾਰ ’ਤੇ ਆਸਾਂ ਅਤੇ ਮੌਕਿਆਂ ਦੀ ਧਰਤੀ ਬਣ ਗਿਆ ਹੈ। ਅੱਜ ਸੂਬੇ ਦੀ ਗਿਣਤੀ ਦੇਸ਼ ਦੇ ਸਪੰਨ ਸੂਬਿਆਂ ਵਿੱਚ ਹੁੰਦੀ ਹੈ। ਦੇਸ਼ ਦੀ ਜੀਡੀਪੀ ਵਿੱਚ ਹਰਿਆਣਾ ਦੀ ਯੋਗਦਾਨ 3.6 ਫੀਸਦੀ ਹੈ। ਸਾਲ 2014 ਤੋਂ ਪਹਿਲਾਂ ਸੂਬੇ ਦਾ ਨਿਰਯਾਤ ਲਗਭਗ 70 ਹਜਾਰ ਕਰੋੜ ਰੁਪਏ ਤੱਕ ਸੀ, ਜੋ ਹੁਣ ਵੱਧ ਕੇ 2 ਲੱਖ 75 ਹਜਾਰ ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਉਦਯੋਗਾਂ ਨੂੰ ਲਾਜਿਸਟਿਕ ਸਹੂਲਤ ਦੇਣ ਵਿੱਚ ਦੇਸ਼ ਵਿੱਚ ਦੂਜੇ ਅਤੇ ਉੱਤਰ ਭਾਰਤ ਵਿੱਚ ਪਹਿਲੇ ਸਥਾਨ ’ਤੇ ਹੈ।



# ਹੈਂ... ! ਟਰੈਵਲ ਏਜੰਟ ਨਾਲ ਹੀ ਵੱਜ ਗਈ 36,00,000 ਰੁਪਏ ਦੀ ਠੱਗੀ

**ਕੌਮੀ ਪਤ੍ਰਿਕਾ**

ਲੁਧਿਆਣਾ 27 ਨਵੰਬਰ। ਵਿਦੇਸ਼ ਜਾਣ ਦੇ ਚਾਹਵਾਨ ਵੱਖ-ਵੱਖ ਤਰੀਕਿਆਂ ਨਾਲ ਧੋਖੇਬਾਜ਼ ਏਜੰਟਾਂ ਦਾ ਸ਼ਿਕਾਰ ਹੁੰਦੇ ਹਨ। ਪਰ ਇਸ ਵਾਰ ਖੁਦ ਏਜੰਟ ਯੂ.ਕੇ. ਵਿਚ ਬੈਠੇ ਇਕ ਵਿਅਕਤੀ ਦਾ ਸ਼ਿਕਾਰ ਹੋ ਗਿਆ। ਏਜੰਟ ਨੇ 2 ਔਰਤਾਂ ਨੂੰ ਯੂ.ਕੇ ਵਿਚ ਕੇਅਰ ਟੇਕਰ ਦੀ ਨੌਕਰੀ ਦੇਣ ਦਾ ਵਾਅਦਾ ਕੀਤਾ, ਪਰ ਯੂ.ਕੇ. ਵਿਚ ਬੈਠੇ ਵਿਅਕਤੀ ਨੇ ਏਜੰਟ ਤੋਂ 36 ਲੱਖ ਰੁਪਏ ਲੈ ਲਏ ਤੇ ਫ਼?ਰ ਨਾ ਔਰਤਾਂ ਨੂੰ ਯੂ.ਕੇ. ਭੇਜਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਜਿਸ ਤੋਂ ਬਾਅਦ ਏਜੰਟ ਨੇ ਦਸਤਾਵੇਜ਼ਾਂ ਸਮੇਤ ਪੁਲਸ ਅੱਗੇ ਇਨਸਾਫ਼ ਦੀ ਗੁਹਾਰ ਲਗਾਈ ਅਤੇ ਆਪਣੀ ਜੇਬ ਵਿਚੋਂ ਦੋਹਾਂ ਔਰਤਾਂ ਨੂੰ ਪੈਸੇ ਵਾਪਸ ਕੀਤੇ। ਇਕ ਸਾਲ ਦੀ ਜਾਂਚ ਤੋਂ ਬਾਅਦ, ਪੁਲਸ ਉੱਚ ਅਧਿਕਾਰੀਆਂ ਦੇ ਹੁਕਮਾਂ ’ਤੇ ਥਾਣਾ ਡਿਵੀਜ਼ਨ ਨੰਬਰ 5 ਦੀ ਪੁਲਸ ਨੇ ਐਜੂਕੇਸ਼ਨ ਓਵਰਸੀਜ਼ ਕੰਸਲਟੈਂਟ, ਗੁਰਦੇਵ ਨਗਰ ਮਲ੍ਹਾਰ ਰੋਡ ਦੇ ਮਾਲਕ ਹਰਜੀਤ ਸਿੰਘ ਦੀ ਸ਼ਿਕਾਇਤ ’ਤੇ ਰਾਜ ਕੁਮਾਰ ਉਰਫ ਰੌਕੀ, ਉਸ ਦੇ ਭਰਾ ਅਸ਼ੋਕ ਕੁਮਾਰ (ਨਿਵਾਸੀ ਸਾਧੂ ਸੁੰਦਰ ਸਿੰਘ ਕਲੋਨੀ, ਈਸ਼ਾ ਨਗਰੀ) ਅਤੇ ਅਭਿਸ਼ੇਕ ਨਥੈਨੀਅਲ ਖਿਲਾਫ ਧੋਖਾਧੜੀ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਪੀੜਤ ਹਰਜੀਤ ਸਿੰਘ ਦਾ ਕਹਿਣਾ ਹੈ ਕਿ ਮੁੱਖ ਦੋਸ਼ੀ ਰਾਜ ਕੁਮਾਰ ਉਰਫ ਰੌਕੀ ਉਸੇ ਕੋਲ ਨੌਕਰੀ ਕਰਦਾ ਸੀ। 2 ਸਾਲ ਪਹਿਲਾਂ ਉਹ ਨੌਕਰੀ ਛੱਡ ਕੇ ਯੂ.ਕੇ. ਚਲਾ ਗਿਆ। ਯੂ.ਕੇ. ਜਾਣ ਤੋਂ ਬਾਅਦ ਵੀ ਉਹ ਉਸ ਦੇ ਸੰਪਰਕ ਵਿਚ ਸੀ। ਰਾਜੂ ਨੇ ਉਸ ਨੂੰ ਕਿਹਾ ਕਿ ਯੂ.ਕੇ. ਵਿਚ ਉਸ ਦੀ ਚੰਗੀ ਜਾਣ-ਪਛਾਣ ਹੋ ਗਈ ਹੈ ਅਤੇ ਵਿਦੇਸ਼ ਜਾਣ ਦੇ ਚਾਹਵਾਨ ਵਿਅਕਤੀਆਂ ਦੇ ਕੇਸ ਉਸ ਨੂੰ ਦਿੱਤੇ ਜਾਣ। ਪੁਰਾਣੀ ਜਾਣ-ਪਛਾਣ ਹੋਣ ਕਾਰਨ ਉਸ ਨੂੰ ਰਾਜੂ ’ਤੇ ਭਰੋਸਾ ਸੀ। ਉਸ ਨੇ ਦੱਸਿਆ ਕਿ ਯੂ.ਕੇ. ਵਿਚ ਕੇਅਰ ਟੇਕਰ ਦੀ ਨੌਕਰੀ ਉਪਲਬਧ ਹੈ। ਉਸ ਦੀ ਕੰਸਲਟੈਂਟ ਕੰਪਨੀ ਵਿਚ 2 ਔਰਤਾਂ ਜਸਲੀਨ ਕੌਰ ਅਤੇ ਜਸ਼ਨਦੀਪ ਕੌਰ ਨੇ ਵਿਦੇਸ਼ ਜਾਣ ਲਈ ਉਸ



ਨਾਲ ਸੰਪਰਕ ਕੀਤਾ। ਦੋਹਾਂ ਔਰਤਾਂ ਨੇ ਯੂ.ਕੇ. ਜਾਣ ਬਦਲੇ ਉਸ ਨੂੰ 18-18 (ਕੁੱਲ 36 ਲੱਖ) ਲੱਖ ਰੁਪਏ ਦਿੱਤੇ। ਉਸ ਨੇ 36 ਲੱਖ ਰੁਪਏ ਰਾਜੂ, ਅਸ਼ੋਕ ਅਤੇ ਅਭਿਸ਼ੇਕ ਨੂੰ ਨਕਦ ਅਤੇ ਬੈਂਕ ਖਾਤੇ ਰਾਹੀਂ ਦਿੱਤੇ। ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਰਾਜੂ ਨੇ ਨਾ ਤਾਂ ਵੀਜ਼ਾ ਲਗਵਾਇਆ ਅਤੇ ਨਾ ਹੀ ਪੈਸੇ ਵਾਪਸ ਕੀਤੇ। ਜਦੋਂ ਵਿਦੇਸ਼ ਜਾਣ ਦੀਆਂ ਚਾਹਵਾਨ ਔਰਤਾਂ ਨੇ ਕੰਮ ਨਾ ਹੋਣ ’ਤੇ ਉਸ ਨੂੰ ਪੈਸੇ ਵਾਪਸ ਕਰਨ ਲਈ ਕਿਹਾ ਤਾਂ ਉਸ ਨੇ ਉਕਤ ਦੋਹਾਂ ਔਰਤਾਂ ਨੂੰ ਆਪਣੇ ਕੋਲੋਂ ਪੈਸੇ ਵਾਪਸ ਕੀਤੇ। ਪੀੜਤ ਹਰਜੀਤ ਸਿੰਘ ਦਾ ਦੋਸ਼ ਹੈ ਕਿ ਰਾਜੂ ਨੇ ਸਾਜ਼ਿਸ਼ ਤਹਿਤ ਯੋਜਨਾ ਬਣਾ ਕੇ ਉਸ ਨਾਲ ਠੱਗੀ ਮਾਰੀ ਹੈ। ਪੀੜਤ ਹਰਜੀਤ ਸਿੰਘ ਨੇ ਦੱਸਿਆ ਕਿ ਮੁੱਖ ਦੋਸ਼ੀ ਰਾਜ ਕੁਮਾਰ ਉਰਫ ਰਾਜੂ ਇਸ ਸਮੇਂ ਯੂ.ਕੇ. ਦੇ ਬਰਮਿੰਘਮ ਸ਼ਹਿਰ ਵਿਚ ਬੈਠਾ ਹੈ। ਜੋ ਕਈ ਹੋਰ ਲੋਕਾਂ ਨੂੰ ਵੀ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 3-4 ਕਰੋੜ ਰੁਪਏ ਹੜੱਪ ਚੁੱਕਾ ਹੈ। ਇਸ ਵਿਚ ਅਸ਼ੋਕ ਕੁਮਾਰ ਅਤੇ ਅਭਿਸ਼ੇਕ ਕੁਮਾਰ ਉਸ ਦੇ ਸਹਿਯੋਗੀ ਹਨ। ਜਾਂਚ ਅਧਿਕਾਰੀ ਮੋਹਨ ਲਾਲ ਨੇ ਦੱਸਿਆ ਕਿ ਸਾਜ਼ਿਸ਼ ਤਹਿਤ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਦੋਸ਼ੀਆਂ ਨੇ ਧੋਖਾਧੜੀ ਕੀਤੀ ਹੈ। ਪੁਲਸ ਨੇ ਕੇਸ ਦਰਜ ਕਰ ਲਿਆ ਹੈ। ਸਥਾਨਕ ਦੋਸ਼ੀ ਅਸ਼ੋਕ ਅਤੇ ਅਭਿਸ਼ੇਕ ਦੀ ਪੁਲਸ ਭਾਲ ਕਰ ਰਹੀ ਹੈ, ਜਦਕਿ ਰਾਜੂ ਨੂੰ ਯੂ.ਕੇ. ਤੋਂ ਲਿਆਉਣ ਦੀ ਪ੍ਰਕਿਰਿਆ ਬਾਰੇ ਸਾਰੀ ਜਾਣਕਾਰੀ ਪੁਲਸ ਉੱਚ ਅਧਿਕਾਰੀਆਂ ਕੋਲ ਹੈ।

## ਵਿਆਹ ’ਤੇ ਗਿਆ ਸੀ ਪਰਿਵਾਰ, ਤਿੰਨ ਲੱਖ ਦੇ ਗਹਿਣੇ ਤੇ ਆਈਫੋਨ ਚੋਰੀ

ਡੇਰਾਬੱਸੀ 27 ਨਵੰਬਰ। ਹੈਬਤਪੁਰ ਰੋਡ ਦੀ ਗੋਲਫ ਵਿਊ ਕਾਲੋਨੀ ’ਚ ਪਰਿਵਾਰ ਦੀ ਗ਼ੈਰ-ਮੌਜੂਦਗੀ ’ਚ ਚੋਰਾਂ ਨੇ ਤਿੰਨ ਲੱਖ ਦੇ ਗਹਿਣੇ, ਲੈਪਟਾਪ ਤੇ ਆਈਫੋਨ ਚੋਰੀ ਕਰ ਲਿਆ। ਮਕਾਨ ਮਾਲਕ ਰਾਜੇਸ਼ ਸਿੰਘ ਨੇ ਦੱਸਿਆ ਕਿ ਉਹ 22 ਨਵੰਬਰ ਨੂੰ ਪਰਿਵਾਰ ਸਮੇਤ ਚੰਡੀਗੜ੍ਹ ਸੈਕਟਰ-14 ’ਚ ਵਿਆਹ ਸਮਾਗਮ ’ਚ ਗਏ ਸੀ ਅਤੇ ਐਤਵਾਰ ਨੂੰ ਉੱਥੇ ਹੀ ਰਹੇ। ਸੋਮਵਾਰ ਸ਼ਾਮ ਜਦੋਂ ਉਹ ਘਰ ਵਾਪਸ ਆਏ ਤਾਂ ਮੇਨ ਗੇਟ ਦਾ ਤਾਲਾ ਲੱਗਿਆ ਸੀ ਪਰ ਅੰਦਰਲਾ ਦਰਵਾਜ਼ਾ ਟੁੱਟਿਆ ਪਿਆ ਸੀ। ਅੰਦਰ ਦਾਖ਼ਲ ਹੋਣ ’ਤੇ ਘਰ ਦਾ ਫਰਨੀਚਰ, ਅਲਮਾਰੀ ਤੇ ਸਮਾਨ ਪੂਰੀ ਤਰ੍ਹਾਂ ਖਿੱਲਰਿਆ ਪਿਆ ਸੀ। ਰਾਜੇਸ਼ ਸਿੰਘ ਨੇ ਦੱਸਿਆ ਕਿ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਵਿੱਚ ਰਾਤ ਕਰੀਬ ਡੇਢ ਵਜੇ ਦੋ ਸ਼ੱਕੀ ਨੌਜਵਾਨ ਘਰ ’ਚ ਦਾਖ਼ਲ ਹੁੰਦੇ ਨਜ਼ਰ ਆਏ ਹਨ

# ਕੈਨੇਡਾ ਭੇਜਣ ਦੇ ਨਾਂ ’ਤੇ 19 ਲੱਖ ਰੁਪਏ ਦੀ ਠੱਗੀ, ਪਤੀ-ਪਤਨੀ ਸਣੇ 3 ’ਤੇ ਕੇਸ ਦਰਜ

**ਕੌਮੀ ਪਤ੍ਰਿਕਾ**

ਜਲੰਧਰ 27 ਨਵੰਬਰ। ਅਰਬਨ ਅਸਟੇਟ ਵਿਚ ਦਫਤਰ ਖੋਲ੍ਹ ਕੇ ਲੋਕਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਧੋਖਾਦੇਹੀ ਕਰਨ ਵਾਲੇ ਪਤੀ-ਪਤਨੀ ਅਤੇ ਉਨ੍ਹਾਂ ਦੀ ਸਹਿਯੋਗੀ ਮਹਿਲਾ ਖ਼?ਲਾਫ਼ ਥਾਣਾ ਨੰਬਰ 7 ਦੀ ਪੁਲਸ ਨੇ ਕੇਸ ਦਰਜ ਕੀਤਾ ਹੈ। ਫਿਲਹਾਲ ਕਿਸੇ ਦੀ ਹਾਲੇ ਤਕ ਗ੍ਰਿਫ਼ਤਾਰੀ ਨਹੀਂ ਹੋ ਸਕੀ। ਪੁਲਸ ਦਾ ਕਹਿਣਾ ਹੈ ਕਿ ਤਿੰਨਾਂ ਦੀ ਭਾਲ ਵਿਚ ਰੇਡ ਕੀਤੀ ਜਾ ਰਹੀ ਹੈ। ਥਾਣਾ ਨੰਬਰ 7 ਦੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਕਮਲਜੀਤ ਸਿੰਘ ਵਾਸੀ ਬੰਬੇ ਨਗਰ ਨੇ ਦੱਸਿਆ ਕਿ ਉਸ ਨੇ ਆਪਣੇ ਬੇਟੇ ਨੂੰ ਕੈਨੇਡਾ ਭੇਜਣ ਲਈ ਅਰਬਨ ਅਸਟੇਟ ਵਿਚ ਟ?ਰੈਵਲ ਏਜੰਟੀ ਦਾ ਦਫਤਰ ਖੋਲ੍ਹ ਕੇ ਬੈਠੇ ਸੋਨੀਆ ਅਤੇ ਉਸ ਦੇ ਪਤੀ ਸ਼ਮਸ਼ੇਰ ਸਿੰਘ ਵਾਸੀ ਬੇਗੋਵਾਲ ਕਪੂਰਥਲਾ ਨਾਲ ਸੰਪਰਕ ਕੀਤਾ ਸੀ। ਪਤੀ-ਪਤਨੀ ਅਤੇ ਉਨ੍ਹਾਂ ਦੀ ਸਹਿਯੋਗੀ ਪਰਮਜੀਤ ਕੌਰ ਪਤਨੀ ਗੁਰਬਚਨ ਸਿੰਘ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਸੀ ਕਿ ਉਹ ਉਨ੍ਹਾਂ ਦੇ ਬੇਟੇ ਨੂੰ 20 ਲੱਖ ਰੁਪਏ ਵਿਚ ਕੈਨੇਡਾ ਭੇਜ ਦੇਣਗੇ। ਕਮਲਜੀਤ ਸਿੰਘ ਨੇ ਆਪਣੇ ਬਿਆਨਾਂ ?ਵਚ ਦੋਸ਼ ਲਾਇਆ ਕਿ ਵੱਖ-ਵੱਖ ਤਰੀਕਾਂ ’ਤੇ ਉਸ ਨੇ ਏਜੰਟ ਦੇ ਬੈਂਕ ਖਾਤੇ ਵਿਚ 19 ਲੱਖ 35 ਲੱਖ ਰੁਪਏ ਟਰਾਂਸਫਰ ਕੀਤੇ ਅਤੇ ਪਾਸਪੋਰਟ ਸਮੇਤ ਹੋਰ ਦਸਤਾਵੇਜ਼ ਵੀ ਦੇ ਦਿੱਤੇ। ਦੋਸ਼ ਹੈ ਕਿ ਪੈਸੇ ਲੈਣ ਤੋਂ ਬਾਅਦ ਜਦੋਂ ਉਹ ਫਾਈਲ ਬਾਰੇ ਪੁੱਛਦਾ ਤਾਂ ਏਜੰਟ ਟਾਲ-ਮਟੋਲ ਕਰਨ ਲੱਗੇ। ਕਾਫੀ ਸਮਾਂ ਬੀਤ ਜਾਣ ਤੋਂ ਬਾਅਦ ਜਦੋਂ ਏਜੰਟਾਂ ਨੇ ਉਸ ਦੇ ਬੇਟੇ ਨੇ ਵਿਦੇਸ਼ ਨਹੀਂ ਭੇਜਿਆ ਅਤੇ ਪੈਸੇ ਵੀ ਨਹੀਂ ਵਾਪਸ ਕੀਤੇ ਤਾਂ ਉਨ੍ਹਾਂ ਨੇ ਪੁਲਸ ਕਮਿਸ਼ਨਰ ਜਲੰਧਰ ਨੂੰ ਸ਼ਿਕਾਇਤ ਦਿੱਤੀ। ਸ਼ਿਕਾਇਤ ਦੀ ਜਾਂਚ ਕਰਨ ਤੋਂ ਬਾਅਦ ਥਾਣਾ ਨੰਬਰ 7 ਵਿਚ ਸੋਨੀਆ ਅਤੇ ਉਸ ਦੇ ਪਤੀ ਸ਼ਮਸ਼ੇਰ ਸਿੰਘ ਅਤੇ ਸਹਿਯੋਗੀ ਪਰਮਜੀਤ ਕੌਰ ਖ਼?ਲਾਫ ਕੇਸ ਦਰਜ ਕਰ ਲਿਆ ਗਿਆ। ਪੁਲਸ ਦਾ ਕਹਿਣਾ ਹੈ ਕਿ ਮੁਲਜ਼ਮਾਂ ਦੀ ਭਾਲ ਵਿਚ ਰੇਡ ਕੀਤੀ ਜਾ ਰਹੀ ਹੈ। ਜਲਦ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਵਿਆਹ ਤੋਂ ਵਾਪਸ ਆਉਂਦੇ ਸਮੇਂ ਵਾਪਰਿਆ ਰੂਹ ਕੰਬਾਊ ਹਾਦਸਾ

ਜੰਜਗੀਰ-ਚੰਪਾ 27 ਨਵੰਬਰ। ਛੱਤੀਸਗੜ੍ਹ ਦੇ ਜਾਂਜਗੀਰ ਚੰਪਾ ਜ਼ਿਲ੍ਹੇ ਵਿੱਚ ਵਾਪਰੇ ਇੱਕ ਸੜਕ ਹਾਦਸੇ ਵਿੱਚ ਪੰਜ ਲੋਕਾਂ ਦੀ ਦਰਦਨਾਕ ਮੌਤ ਹੋ ਜਾਣ ਦੀ ਸੂਚਨਾ ਮਿਲੀ, ਜਿਸ ਦੌਰਾਨ ਤਿੰਨ ਹੋਰ ਲੋਕ ਜ਼ਖਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਪੁਲਸ ਅਧਿਕਾਰੀਆਂ ਨੇ ਬੁੱਧਵਾਰ ਨੂੰ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹੇ ਦੇ ਸੁਕਲੀ ਪਿੰਡ ਨੇੜੇ ਬੀਤੀ ਦੇਰ ਰਾਤ ਇੱਕ ਟਰੱਕ ਅਤੇ ਇੱਕ ਵਾਹਨ ਵਿਚਕਾਰ ਆਹਮੋ-ਸਾਹਮਣੀ ਤੋਂ ਜ਼ੋਰਦਾਰ ਟੱਕਰ ਹੋ ਗਈ। ਇਸ ਹਾਦਸੇ ਦੌਰਾਨ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਗੰਭੀਰ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਵਿਸ਼ਵਨਾਥ ਦੇਵਾਂਗਨ (43), ਰਾਜੇਂਦਰ ਕਸ਼ਯਪ (27), ਪੋਮੇਸ਼ਵਰ ਜਲਤਾਰੇ (33), ਭੂਪੇਂਦਰ ਸਾਹੂ (40) ਅਤੇ ਕਮਲਨਯਨ ਸਾਹੂ (22) ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਦੀ ਇੱਕ ਟੀਮ ਮੌਕੇ ’ਤੇ ਪਹੁੰਚੀ।

# ਸਾਨ੍ਹ ਵੱਲੋਂ ਟੱਕਰ ਮਾਰਨ ਕਾਰਨ ਜ਼ਖਮੀ ਵਿਅਕਤੀ ਦੀ ਮੌਤ

ਅਬੋਹਰ 27 ਨਵੰਬਰ। ਅਬੋਹਰ ਦੇ ਸ਼?ਰੀਗੰਗਾਨਗਰ ਰੋਡ ’ਤੇ ਸਥਿਤ ਸ਼ਿਵ ਸ਼ਾਕਿਆ ਨਗਰ ਦਾ ਇਕ ਵਿਅਕਤੀ ਇਕ ਹਫ਼ਤਾ ਪਹਿਲਾਂ ਸਾਨ੍ਹ ਦੀ ਟੱਕਰ ਤੋਂ ਬਾਅਦ ਗੰਭੀਰ ਜ਼ਖਮੀ ਹੋ ਗਿਆ ਸੀ। ਮੁੱਢਲਾ ਇਲਾਜ



ਕਰਵਾਉਣ ਤੋਂ ਬਾਅਦ ਉਸ ਦੇ ਪਰਿਵਾਰ ਵਾਲੇ ਉਸ ਨੂੰ ਸ਼?ਰੀਗੰਗਾਨਗਰ ਦੇ ਇਕ ਹਸਪਤਾਲ ਲੈ ਗਏ, ਜਿਥੇ ਸੱਤ ਦਿਨਾਂ ਦੇ ਇਲਾਜ ਤੋਂ ਬਾਅਦ ਅੱਜ ਸਵੇਰੇ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਪਿੱਛੇ ਇਕ ਪੁੱਤਰ ਅਤੇ ਇਕ ਧੀ ਹੈ। ਉਸ ਦੀ ਲਾਸ਼ ਅੱਜ ਦੁਪਹਿਰ ਅਬੋਹਰ ਦੇ ਸਰਕਾਰੀ ਹਸਪਤਾਲ ’ਚ ਲਿਆਂਦੀ ਗਈ। ਸਿਟੀ ਥਾਣਾ ਨੰਬਰ 2 ਦੇ ਸਹਾਇਕ ਸਬ-ਇੰਸਪੈਕਟਰ ਵਿਨੋਦ ਕੁਮਾਰ ਨੇ ਆਈ. ਪੀ. ਸੀ. ਦੀ ਧਾਰਾ 194 ਦੇ ਤਹਿਤ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ’ਤੇ ਕਾਰਵਾਈ ਕੀਤੀ ਹੈ। ਮ੍ਰਿਤਕ ਦੇ ਪਰਿਵਾਰ ਨੇ ਸਥਾਨਕ ਪ੍ਰਸ਼ਾਸਨ ਅਤੇ ਸਰਕਾਰ ਤੋਂ ਉਨ੍ਹਾਂ ਦੇ ਪਰਿਵਾਰ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਮੁਆਵਜ਼ੇ ਦੀ ਮੰਗ ਕੀਤੀ ਹੈ। ਜਾਣਕਾਰੀ ਅਨੁਸਾਰ ਕਰੀਬ 46 ਸਾਲਾ ਰੌਸ਼ਨ ਲਾਲ ਪੁੱਤਰ ਬਿਸ਼ਨ ਦਯਾਲ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਲਈ ਦਿਹਾੜੀਦਾਰ ਮਜ਼ਦੂਰ ਵਜੋਂ ਕੰਮ ਕਰਦਾ ਸੀ। 5 ਨਵੰਬਰ ਦੀ ਸ਼ਾਮ ਨੂੰ ਉਹ ਕੰਮ ਤੋਂ ਪੈਦਲ ਘਰ ਵਾਪਸ ਆ ਰਿਹਾ ਸੀ ਤਾਂ ਇਲਾਕੇ ਦੇ ਨੇੜੇ ਸੜਕ ’ਤੇ ਘੁੰਮ ਰਹੇ ਇਕ ਅਵਾਰਾ ਸਾਨ੍ਹ ਨੇ ਉਸ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ ਅਤੇ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਆਲੇ-ਦੁਆਲੇ ਦੇ ਲੋਕਾਂ ਨੇ ਉਸ ਦੀ ਦੇਖਭਾਲ ਕੀਤੀ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੀ ਮਦਦ ਨਾਲ ਉਸ ਨੂੰ ਹਸਪਤਾਲ ਲਿਜਾਇਆ ਗਿਆ। ਉਸ ਨੂੰ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਡਾਕਟਰਾਂ ਨੇ ਉਸ ਦੀ ਹਾਲਤ ਨਾਜ਼ੁਕ ਹੋਣ ਕਾਰਨ ਉਸ ਨੂੰ ਰੈਫਰ ਕਰ ਦਿੱਤਾ। ਜਿਸ ’ਤੇ ਉਸ ਦੇ ਪਰਿਵਾਰਕ ਮੈਂਬਰ ਉਸ ਨੂੰ ਇਲਾਜ ਲਈ ਸ਼?ਰੀ ਗੰਗਾਨਗਰ ਦੇ ਜਨ ਸੇਵਾ ਹਸਪਤਾਲ ਲੈ ਗਏ, ਜਿੱਥੇ ਉਸ ਦਾ 7 ਦਿਨ ਇਲਾਜ ਚੱਲਿਆ ਅਤੇ ਅੱਜ ਸਵੇਰੇ ਉਸ ਦੀ ਮੌਤ ਹੋ ਗਈ। ਅੱਜ ਦੁਪਹਿਰ ਉਸ ਦੀ ਲਾਸ਼ ਨੂੰ ਅਬੋਹਰ ਦੇ ਹਸਪਤਾਲ ਦੇ ਮੁਰਦਾਘਰ ’ਚ ਰੱਖਿਆ ਗਿਆ।

## ਬਜ਼ੁਰਗ ਔਰਤ ਨਾਲ ਲੁਟੇਰਿਆਂ ਦੀ ਵੱਡੀ ਲੁੱਟ, ਹਿਪਨੋਟਾਈਜ਼ ਕਰ ਲੈ ਕੇ ਸੋਨੇ ਦੇ 2 ਕੜੇ ਤੇ ਮੁੰਦਰੀ

ਫ਼ਰੀਦਕੋਟ 27 ਨਵੰਬਰ। ਸ਼ਹਿਰ ਅੰਦਰ ਇਕ ਬਜ਼ੁਰਗ ਔਰਤ ਦੇ ਸੋਨੇ ਦੇ ਗਹਿਣੇ 2 ਮੋਟਰਸਾਇਕਲ ਸਵਾਰਾਂ ਵੱਲੋਂ ਉਸ ਨੂੰ ਬੇਹੋਸ਼ ਕਰ ਕੇ ਲਾਹ ਕੇ ਫਰਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ’ਤੇ ਪੁਲਸ ਵੱਲੋਂ ਇਸ ਮਾਮਲੇ ਨੂੰ ਸੁਲਝਾਉਣ ਲਈ ਵਾਰਦਾਤ ਵਾਲੀ ਥਾਂ ’ਤੇ ਆਸ ਪਾਸ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਰੀਕਾਰਡਿੰਗ ਖੰਗਾਲੀ ਜਾ ਰਹੀ ਹੈ। ਪ੍ਰਾਪਤ ਵੇਰਵੇ ਅਨੁਸਾਰ ਸ਼ਹਿਰ ਦੇ ਵਪਾਰੀ ਵਰਿੰਦਰ ਸ਼ਾਹ ਨੇ ਦੱਸਿਆ ਕਿ ਉਸ ਦੇ ਛੋਟੇ ਭਰਾ ਦੀ ਬਜ਼ੁਰਗ ਪਤਨੀ ਅੱਜ ਮੱਸਿਆ ’ਤੇ ਪਾਣੀ ਦਾ ਡੋਲਣਾ ਲੈ ਕੇ ਪਿੱਪਲ ’ਤੇ ਪਾਣੀ ਚੜ੍ਹਾਉਣ ਲਈ ਜਾ ਰਹੀ ਸੀ ਤਾਂ ਮੋਰ ਸ਼ੋਅ ਰੂਮ ਲਾਗੇ ਦੋ ਤਿੰਨ ਮੋਟਰਸਾਈਕਲ ਸਵਾਰ ਜਿਨ੍ਹਾਂ ਆਪਣੇ ਮੂੰਹ ’ਤੇ ਕੱਪੜਾ ਲਪੇਟਿਆ ਹੋਇਆ ਸੀ, ਨੇ ਉਸ ਨੂੰ ਕੁਝ ਸੁਘਾ ਕੇ ਜਾਂ ਹਿਪਨੋਟਾਈਜ਼ ਕਰ ਕੇ ਬੇਹੋਸ਼ ਕਰ ਦਿੱਤਾ ਅਤੇ ਉਸ ਦੇ ਹੱਥਾਂ ’ਚ ਫੜਿ ਆ ਡੋਲਣਾ ਖੋਹ ਕੇ ਤਕਰੀਬਨ ਢਾਈ-ਢਾਈ ਤੋਲੇ ਦੇ ਪਾਏ ਸੋਨੇ ਦੇ ਕੜੇ ਅਤੇ ਤਕਰੀਬਨ ਅੱਧੇ ਪੌਣੇ ਤੋਲੇ ਦੀ ਇਕ ਸੋਨੇ ਦੀ ਮੁੰਦਰੀ ਲਾਹ ਕੇ ਭੱਜ ਗਏ। ਜਦੋਂ ਬਜ਼ੁਰਗ ਨੂੰ ਹੋਸ਼ ਆਇਆ ਤਾਂ ਉਹ ਘਬਰਾ ਗਈ ਅਤੇ ਉਸ ਨੇ ਘਰ ਜਾ ਕੇ ਸਾਰੀ ਵਾਰਦਾਤ ਦੱਸੀ। ਜਾਂਚ ਕਰ ਰਹੇ ਪੁਲਸ ਅਧਿਕਾਰੀ ਨੇ ਦੱਸਿਆ ਕਿ ਸਵੇਰੇ ਕਰੀਬ 9 ਵਜੇ ਉਨ੍ਹਾਂ ਨੂੰ ਇਸ ਵਾਰਦਾਤ ਬਾਰੇ ਪਤਾ ਲੱਗਾ ਅਤੇ ਪੁਲਸ ਵੱਲੋਂ ਲਗਾਤਾਰ ਇਸ ਮਾਮਲੇ ਦੀ ਜਾਂਚ ਜਾਰੀ ਹੈ ਤਾਂ ਜੋ ਲੁਟੇਰਿਆਂ ਨੂੰ ਜਲਦ ਕਾਬੂ ਕੀਤਾ ਜਾ ਸਕੇ।

# ਹੈਂ ! ਵਿਆਹ ’ਚੋਂ ਚਿਪਸ ਦਾ ਪੈਕੇਟ ਲੈ ਕੇ ਭੱਜਿਆ ਲਾੜਾ, ਖਾਣੇ ਨੂੰ ਟੁੱਟ ਪਏ ਬਰਾਤੀ, ਵੀਡੀਓ ਹੋਈ ਵਾਇਰਲ

ਨੈਸ਼ਨਲ ਡੈਸਕ 27 ਨਵੰਬਰ। ਉੱਤਰ ਪ੍ਰਦੇਸ਼ ਦੇ ਹਮੀਰਪੁਰ ਜ਼ਿਲ੍ਹੇ ਦੇ ਰਾਠ ਕਸਬੇ ਵਿੱਚ ਆਯੋਜਿਤ ਮੁੱਖ ਮੰਤਰੀ ਸਮੂਹਿਕ ਵਿਆਹ ਸਮਾਗਮ ਦੌਰਾਨ ਉਸ ਸਮੇਂ ਵੱਡਾ ਹੰਗਾਮਾ ਹੋ ਗਿਆ, ਜਦੋਂ ਮਹਿਮਾਨਾਂ ਨੇ ਨਾਸ਼ਤੇ ਦੇ ਕਾਊਂਟਰ ’ਤੇ ਲੁੱਟ ਮਚਾ ਦਿੱਤੀ। ਲੋਕ ਚਿਪਸ ਦੇ ਪੈਕੇਟ ਲੁੱਟ ਕੇ ਭੱਜਣ ਲੱਗੇ ਅਤੇ ਇਸ ਦੌਰਾਨ ਕਈ ਲੋਕ ਇੱਕ-ਦੂਜੇ ਉੱਪਰ ਡਿੱਗ ਪਏ। ਰਾਠ ਕਸਬੇ ਵਿੱਚ ਮੰਗਲਵਾਰ ਨੂੰ ਹੋਏ ਇਸ ਸਮੂਹਿਕ ਵਿਆਹ ਦੇ ਪ੍ਰੋਗਰਾਮ ਵਿੱਚ ਕੁੱਲ 383 ਜੋੜਿਆਂ ਦਾ ਵਿਆਹ ਕਰਵਾਇਆ ਗਿਆ, ਜਿਸ ਵਿੱਚ 380 ਹਿੰਦੂ ਜੋੜਿਆਂ ਨੇ ਵਰਮਾਲਾ ਪਾਈ ਅਤੇ ਤਿੰਨ ਮੁਸਲਿਮ ਜੋੜਿਆਂ ਨੇ ਨਿਕਾਹ ਕੀਤਾ। ਇਸ ਦਾ ਆਯੋਜਨ ਬ੍ਰਹਮਾਨੰਦ ਵਿਦਿਆਲਿਆ ਦੇ ਖੇਡ ਮੈਦਾਨ ਵਿੱਚ ਕੀਤਾ ਗਿਆ ਸੀ। ਜਿਵੇਂ ਹੀ ਨਾਸ਼ਤਾ ਵੰਡਣਾ ਸ਼ੁਰੂ ਹੋਇਆ, ਮੌਕੇ ’ਤੇ ਆਲੂਬੜੇ ਅਤੇ ਚਿਪਸ ਦੇ ਪੈਕੇਟ ਲੁੱਟਣ ਲਈ ਭੀੜ ਇਕੱਠੀ ਹੋ ਗਈ। ਘਟਨਾ ਦੀ ਵੀਡੀਓ ਵਿੱਚ, ਇੱਕ ਲਾੜਾ ਵੀ ਆਪਣੇ ਹੀ ਵਿਆਹ ਵਿੱਚ ਚਿਪਸ ਦਾ ਪੈਕੇਟ ਲੁੱਟ ਕੇ ਭੱਜਦਾ ਦਿਖਾਈ ਦਿੱਤਾ। ਕਈ ਔਰਤਾਂ ਨੂੰ ਵੀ ਇੱਕ ਤੋਂ ਵੱਧ ਆਲੂਬੜੇ ਹੱਥਾਂ ਵਿੱਚ ਫੜ ਕੇ ਜਾਂ ਤੁਰੰਤ ਆਪਣੇ ਦੰਦਾਂ ਨਾਲ ਪੈਕੇਟ ਫਾੜ ਕੇ ਖਾਂਦੇ ਦੇਖਿਆ ਗਿਆ। ਇਸ ਭਗਦੜ ਦੌਰਾਨ ਇੱਕ ਮੰਦਭਾਗੀ ਘਟਨਾ ਵੀ ਵਾਪਰੀ। ਨਾਸ਼ਤਾ ਲੁੱਟਣ ਦੀ ਲੱਗੀ ਦੌੜ ਵਿੱਚ ਇੱਕ ਮਾਸੂਮ ਬੱਚੇ ਦਾ ਹੱਥ ਗਰਮ ਚਾਹ ਵਿੱਚ ਡਿੱਗ ਗਿਆ, ਜਿਸ ਕਾਰਨ ਉਹ ਝੁਲਸ ਗਿਆ। ਸਰੋਤਾਂ ਮੁਤਾਬਕ, ਵਿਆਹਾਂ ਤੋਂ ਬਾਅਦ ਅਧਿਕਾਰੀ ਮੌਕੇ ਤੋਂ ਨਿਕਲ ਗਏ ਸਨ। ਨਾਸ਼ਤੇ ਦੀ ਲੁੱਟ ਦੌਰਾਨ ਮੈਨੇਜਮੈਂਟ ਦੇ ਲੋਕ ਵਿਵਸਥਾ ਨੂੰ ਸੰਭਾਲ ਨਹੀਂ ਸਕੇ।

# ਲਾਟਰੀ ਦੀ ਦੁਕਾਨ ਤੇ ਗਾਹਕਾਂ ਨੂੰ ਲੁੱਟਣ ਵਾਲੇ ਤਿੰਨੋਂ ਮੁਲਜ਼ਮ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਜਲੰਧਰ 27 ਨਵੰਬਰ। ਨਾਰਥ ਹਲਕੇ ਵਿਚ ਲਾਟਰੀ ਦੀ ਦੁਕਾਨ ਲੁੱਟਣ ਵਾਲੇ ਤਿੰਨੋਂ ਮੁਲਜ਼ਮਾਂ ਨੂੰ ਥਾਣਾ ਨੰਬਰ 8 ਦੀ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਹ ਮੁਲਜ਼ਮ ਗੁੱਜਾਪੀਰ ਰੋਡ ’ਤੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਾਕ ਵਿਚ ਸਨ ਪਰ ਜਿਵੇਂ ਹੀ ਥਾਣਾ ਨੰਬਰ 8 ਦੇ ਐਡੀਸ਼ਨਲ ਐੱਸ. ਐੱਚ. ਓ. ਜਗਦੀਸ਼ ਲਾਲ ਨੂੰ ਸੂਚਨਾ ਮਿਲੀ ਤਾਂ ਉਨ੍ਹਾਂ ਨੇ ਆਪਣੀ ਟੀਮ ਨਾਲ ਤਿੰਨਾਂ ਲੁਟੇਰਿਆਂ ਨੂੰ ਕਾਬੂ ਕਰ ਲਿਆ। ਜਗਦੀਸ਼ ਲਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਇਨਪੁੱਟ ਮਿਲੇ ਸਨ ਕਿ ਤਿੰਨੇ ਸ਼ੱਕੀ ਗੁੱਜਾਪੀਰ ਰੋਡ ’ਤੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਲਈ ਘੁੰਮ ਰਹੇ ਹਨ। ਉਨ੍ਹਾਂ ਨੇ ਟ?ਰੈਪ ਲਗਾ ਕੇ ਤਿੰਨਾਂ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਤਿੰਨਾਂ ਨੇ ਆਪਣੀ ਪਛਾਣ ਕਰਨਜੀਤ ਉਰਫ ਨੰਨਾ, ਕਰਨ ਸਿੰਘ ਅਤੇ ਸ਼ੁਭਮ ਨਾਰੰਗ ਵਜੋਂ ਦੱਸੀ। ਪੁਲਸ ਨੇ ਤਿੰਨਾਂ ਤੋਂ ਤੇਜ਼ਧਾਰ ਹਥਿਆਰ ਵੀ ਬਰਾਮਦ ਕੀਤੇ, ਜਿਸ ਤੋਂ ਬਾਅਦ ਤਿੰਨਾਂ ਤੋਂ ਗੰਭੀਰਤਾ ਨਾਲ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਉਕਤ ਲੋਕਾਂ ਨੇ ਹਾਲ ਹੀ ਵਿਚ



ਇਕ ਲਾਟਰੀ ਦੀ ਦੁਕਾਨ ਲੁੱਟੀ ਸੀ, ਜਿਸ ਵਿਚ ਕਰਮਚਾਰੀਆਂ ਦੇ ਨਾਲ-ਨਾਲ ਗਾਹਕਾਂ ਨੂੰ ਵੀ ਤੇਜ਼ਧਾਰ ਹਥਿਆਰ ਦਿਖਾ ਕੇ ਉਨ੍ਹਾਂ ਤੋਂ ਪੈਸੇ ਲੁੱਟ ਲਏ ਸਨ। ਇਸ ਲੁੱਟ ਦੀ ਵੀਡੀਓ ਵੀ ਵਾਇਰਲ ਹੋਈ ਸੀ, ਜਿਸ ਵਿਚ ਮੁਲਜ਼ਮ ਖੁਦ ਨੂੰ ਬਦਮਾਸ਼ ਚਿੰਟੂ ਦੇ ਲੋਕ ਦੱਸ ਕੇ ਫਰਾਰ ਹੋ ਗਏ ਸਨ ਪਰ ਤਿੰਨਾਂ ਨੇ ਚਿੰਟੂ ਦਾ ਨਾਂ ਹੀ ਇਸਤੇਮਾਲ ਕੀਤਾ ਸੀ, ਹਾਲਾਂਕਿ ਚਿੰਟੂ ਵੀ ਲਾਟਰੀ ਦੀਆਂ ਦੁਕਾਨਾਂ ਨੂੰ ਲੁੱਟਦਾ ਰਹਿੰਦਾ ਸੀ। ਉਧਰ ਥਾਣਾ ਨੰਬਰ 8 ਦੇ ਐਡੀਸ਼ਨਲ ਐੱਸ. ਐੱਚ. ਓ. ਜਗਦੀਸ਼ ਲਾਲ ਨੇ ਕਿਹਾ ਕਿ ਤਿੰਨਾਂ ਮੁਲਜ਼ਮਾਂ ਕਰਨਜੀਤ ਉਰਫ ਨੰਨਾ, ਕਰਨ ਸਿੰਘ ਦੋਵੇਂ ਵਾਸੀ ਕੋਟ ਬਾਬਾ ਦੀਪ ਸਿੰਘ ਨਗਰ ਅਤੇ ਸ਼ੁਭਮ ਨਾਰੰਗ ਉਰਫ ਲੰਦਨ ਵਾਸੀ ਬਸ਼ੀਰਪੁਰਾ ਖ਼?ਲਾਫ਼ ਕੇਸ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ?ਤੰਨਾਂ ਨੂੰ ਰਿਮਾਂਡ ’ਤੇ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

# ਵਿਆਹ ਤੋਂ ਵਾਪਸ ਆਉਂਦੇ ਨਾਲੇ ’ਚ ਡਿੱਗੀ ਬੇਕਾਬੂ ਹੋਈ ਕਾਰ, 5 ਲੋਕਾਂ ਦੀ ਮੌਤ,

ਖੇੜੀ 27 ਨਵੰਬਰ। ਜ਼ਿਲ੍ਹੇ ਦੇ ਢਾਖੇਰਵਾ-ਗਿਰੀਜਾਪੁਰੀ ਬੈਰਾਜ ਰੋਡ ’ਤੇ ਗਾਜ਼ੀਪੁਰ ਨੇੜੇ ਸ਼ਾਰਦਾ ਨਹਿਰ ਦੇ ਕੰਢੇ ਇੱਕ ਕਾਰ ਦੇ ਕੰਟਰੋਲ ਤੋਂ ਬਾਹਰ ਹੋ ਕੇ ਕੰਕਰੀਟ ਦੇ ਨਾਲੇ ਵਿੱਚ ਡਿੱਗ ਜਾਣ ਦੀ ਸੂਚਨਾ ਮਿਲੀ। ਇਸ ਘਟਨਾ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਇੱਕ ਜ਼ਖ਼ਮੀ ਹੋ ਗਿਆ। ਇਹ ਹਾਦਸਾ ਮੰਗਲਵਾਰ ਦੇਰ ਰਾਤ ਪਧੂਵਾ ਪੁਲਸ ਸਟੇਸ਼ਨ ਖੇਤਰ ਵਿੱਚ ਵਾਪਰਿਆ ਹੈ। ਇੱਕ ਪੁਲਸ ਸਬ-ਇੰਸਪੈਕਟਰ (ਐੱਸਆਈ) ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਜਤਿੰਦਰ (23), ਘਨਸ਼ਿਆਮ (25), ਲਾਲਜੀ (45), ਅਜ਼ੀਮੁੱਲਾ (45) ਅਤੇ ਸੁਰੇਂਦਰ (56) ਵਜੋਂ ਹੋਈ ਹੈ, ਜੋ ਬਹਿਰਾਈਚ ਜ਼ਿਲ੍ਹੇ ਦੇ ਵਸਨੀਕ ਸਨ। ਉਨ੍ਹਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਸਿੰਘ ਨੇ ਕਿਹਾ, ÷ਹਾਦਸੇ ਵਿਚ ਬਚਣ ਵਾਲੇ ਵਿਅਕਤੀ ਦੀ ਪਛਾਣ ਸੂਰਜ ਉਰਫ਼ ਬੱਬੂ ਵਜੋਂ ਹੋਈ ਹੈ, ਜੋ ਕਿ ਬਹਿਰਾਈਚ ਦਾ ਰਹਿਣ ਵਾਲਾ ਹੈ ਅਤੇ ਗੱਡੀ ਦਾ ਡਰਾਈਵਰ ਹੈ। ਉਸਨੂੰ ਰਾਮੀਆਬਿਹਾਰ ਪ੍ਰਾਇਮਰੀ ਹੈਲਥ ਸੈਂਟਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਖ਼ਤਰੇ ਤੋਂ ਬਾਹਰ ਐਲਾਨ ਦਿੱਤਾ।

# ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦੇ ਲੱਗੀ ਗੋਲੀ

ਮੋਗਾ 27 ਨਵੰਬਰ। ਮੋਗਾ ਜ਼ਿਲ੍ਹੇ ਦੇ ਪਿੰਡ ਭੋਡੀਵਾਲ ਦੀ ਭਾਟੇਵਾਲਾ ਬਸਤੀ ’ਚ ਰਹਿੰਦੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਮੌਜੂਦਾ ਸਰਪੰਚ ਦੀ ਸ਼ੱਕੀ ਹਾਲਾਤ ਵਿਚ ਗੋਲੀ ਲੱਗਣ ਕਾਰਣ ਮੌਤ ਹੋ ਗਈ। ਸੂਤਰਾਂ ਮੁਤਾਬਕ ਸਰਪੰਚ ਵੱਲੋਂ ਗੋਲੀ ਮਾਰ ਕੇ ਖੁਦਕੁਸ਼ੀ ਕੀਤੀ ਗਈ ਹੈ। ਧਰਮਕੋਟ ਦੇ ਏ. ਐੱਸ. ਆਈ. ਜਰਨੈਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮ੍ਰਿਤਕ ਦੀ ਪਛਾਣ 28 ਸਾਲਾ ਜਸਵੰਤ ਸਿੰਘ ਵਾਸੀ ਭੋਡੀਵਾਲ ਵਜੋਂ ਹੋਈ ਹੈ। ਉਹ ਤਿੰਨ ਬੱਚਿਆਂ ਦਾ ਪਿਤਾ ਸੀ ਅਤੇ ਪਿਛਲੇ ਕੁਝ ਸਮੇਂ ਤੋਂ ਮਾਨਸਿਕ ਤੌਰ ‘ਤੇ ਪ੍ਰੇਸ਼ਾਨ ਚੱਲ ਰਿਹਾ ਸੀ। ਪੁਲਸ ਅਨੁਸਾਰ ਪਿਛਲੀ ਰਾਤ ਜਸਵੰਤ ਸਿੰਘ ਆਪਣੇ ਕਮਰੇ ਵਿਚ ਸੌਣ ਲਈ ਗਿਆ ਸੀ। ਸਵੇਰੇ ਪਰਿਵਾਰ ਵੱਲੋਂ ਕਈ ਵਾਰ ਫ਼ੋਨ ਕਰਨ ਦੇ ਬਾਵਜੂਦ ਜਦੋਂ ਉਸ ਨੇ ਜਵਾਬ ਨਾ ਦਿੱਤਾ ਤਾਂ ਪਰਿਵਾਰਕ ਮੈਂਬਰਾਂ ਨੇ ਕਮਰੇ ਦਾ ਦਰਵਾਜ਼ਾ ਤੋੜਿਆ। ਦਰਵਾਜ਼ਾ ਖੁੱਲ੍ਹਣ ’ਤੇ ਉਨ੍ਹਾਂ ਨੇ ਦੇਖਿਆ ਕਿ ਸਰਪੰਚ ਕਮਰੇ ਵਿਚ ਮ੍ਰਿਤ ਪਿਆ ਸੀ ਅਤੇ ਉਸ ਦੇ ਨੇੜੇ .32 ਬੋਰ ਦਾ ਰਿਵਾਲਵਰ ਵੀ ਪਿਆ ਹੋਇਆ ਸੀ। ਏ.ਐੱਸ.ਆਈ. ਜਰਨੈਲ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਮੌਕੇ ’ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਮੋਗਾ ਭੇਜਿਆ ਗਿਆ ਹੈ, ਜਿੱਥੇ ਪੋਸਟਮਾਰਟਮ ਕਰਵਾਉਣ ਉਪਰੰਤ ਲਾਸ਼ ਪਰਿਵਾਰ ਦੇ ਹਵਾਲੇ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ ’ਤੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਮੌਤ ਦੇ ਅਸਲ ਕਾਰਣਾਂ ਦੀ ਜਾਂਚ ਜਾਰੀ ਹੈ।

# ਭਵਾਨੀਗੜ੍ਹ ’ਚ ਵੱਡੀ ਵਾਰਦਾਤ, ਲੁੱਟ ਕੇ ਲੈ ਗਏ ਠੇਕਾ, CCTV ’ਚ ਕੈਦ ਹੋਈ ਘਟਨਾ

**ਕੌਮੀ ਪਤ੍ਰਿਕਾ**

ਭਵਾਨੀਗੜ੍ਹ 27 ਨਵੰਬਰ। ਚੋਰਾਂ ਤੋਂ ਬਾਅਦ ਹੁਣ ਭਵਾਨੀਗੜ੍ਹ ਇਲਾਕੇ ’ਚ ਲੁਟੇਰਿਆਂ ਦਾ ਆਤੰਕ ਦੇਖਣ ਨੂੰ ਮਿਲ ਰਿਹਾ ਹੈ। ਬੀਤੀ ਰਾਤ ਇੱਥੇ ਬਠਿੰਡਾ-ਚੰਡੀਗੜ੍ਹ ਨੈਸ਼ਨਲ ਹਾਈਵੇ ’ਤੇ ਅਜੀਤ ਨਗਰ ਦੇ ਸਾਹਮਣੇ ਸਥਿਤ ਸ਼ਰਾਬ ਦੇ ਠੇਕੇ ਤੋਂ ਤੇਜ਼ਧਾਰ ਹਥਿਆਰਾਂ ਨਾਲ ਲੈਸ ਮੋਟਰਸਾਈਕਲ ਸਵਾਰ 3 ਅਣਪਛਾਤੇ ਲੁਟੇਰੇ ਕਰਿੰਦੇ ਨੂੰ ਜ਼ਖਮੀ ਕਰਦਿਆਂ 43 ਹਜ਼ਾਰ ਰੁਪਏ ਦੀ ਨਕਦੀ ਲੁੱਟ ਕੇ ਫਰਾਰ ਹੋ ਗਏ। ਪੁਲਸ ਨੇ ਘਟਨਾ ਸਬੰਧੀ ਜਾਂਚ ਸ਼ੁਰੂ ਕਰ ਦਿੱਤੀ ਹੈ, ਉੱਥੇ ਹੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਲੁਟੇਰਿਆਂ ਦੀ ਤਸਵੀਰ ਠੇਕੇ ’ਤੇ ਲੱਗੇ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਈ ਹੈ। ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਮਾਲਵਾ ਲਿਕਰ ਕੰਪਨੀ ਸਰਕਲ ਭਵਾਨੀਗੜ੍ਹ ਦੇ ਠੇਕੇਦਾਰ ਸੰਜੀਵ ਕੁਮਾਰ ਸ਼ੈਟੀ ਵਾਸੀ ਦਿੜ੍ਹਬਾ ਅਤੇ ਵਿਜੇ ਕੁਮਾਰ ਵਾਸੀ ਭਵਾਨੀਗੜ੍ਹ ਨੇ ਦੱਸਿਆ ਕਿ ਘਟਨਾ ਬੁੱਧਵਾਰ ਰਾਤ ਕਰੀਬ 9 ਵਜੇ ਵਾਪਰੀ। ਮੋਟਰਸਾਈਕਲ ’ਤੇ ਸਵਾਰ ਤਿੰਨ ਨੌਜਵਾਨ ਸ਼ਰਾਬ ਖਰੀਦਣ ਦੇ ਬਹਾਨੇ ਠੇਕੇ ’ਤੇ ਆਏ, ਜਿਨ੍ਹਾਂ ’ਚੋਂ ਦੋ ਨੇ ਮੂੰਹ ਢਕੇ ਹੋਏ ਸਨ। ਇਸ ਦੌਰਾਨ ਉਕਤ ਨੌਜਵਾਨਾਂ ਨੇ ਮੌਕਾ ਦੇਖ ਕੇ ਆਪਣੇ ਕੱਪੜਿਆਂ ’ਚ ਛੁਪ?ਾਏ



ਤੇਜ਼ਧਾਰ ਹਥਿਆਰ ਕੱਢ ਕੇ ਠੇਕੇ ਦੇ ਕਰਿੰਦੇ ’ਤੇ ਹਮਲਾ ਕਰ ਦਿੱਤਾ ਤੇ ਉਸਨੂੰ ਡਰਾਉਂਦੇ ਧਮਕਾਉਂਦੇ ਹੋਏ ਠੇਕੇ ਤੋਂ 43 ਹਜ਼ਾਰ ਰੁਪਏ ਦੀ ਨਕਦੀ ਲੁੱਟ ਕੇ ਭਵਾਨੀਗੜ੍ਹ ਸ਼ਹਿਰ ਵੱਲ ਨੂੰ ਫ਼ਰਾਰ ਹੋ ਗਏ। ਠੇਕੇਦਾਰ ਸੰਜੀਵ ਕੁਮਾਰ ਨੇ ਦੱਸਿਆ ਕਿ ਘਟਨਾ ਦਾ ਪਤਾ ਲੱਗਦਿਆਂ ਹੀ ਉਹ ਮੌਕੇ ’ਤੇ ਪੁੱਜੇ ਅਤੇ ਪੁਲਸ ਨੂੰ ਸੂਚਿਤ ਕੀਤਾ। ਇਸ ਮਗਰੋਂ ਪੁਲਸ ਨੇ ਮੌਕੇ ’ਤੇ ਪਹੁੰਚ ਕੇ ਕਾਰਵਾਈ ਸ਼ੁਰੂ ਕਰ ਦਿੱਤੀ। ਉਧਰ, ਚੋਰੀ ਤੇ ਲੁੱਟ-ਖੋਹ ਦੀਆਂ ਘਟਨਾਵਾਂ ਤੋਂ ਬਾਅਦ ਸ਼ਹਿਰ ਵਾਸੀਆਂ ਵਿਚ ਡਰ ਅਤੇ ਸਹਿਮ ਦਾ ਮਾਹੌਲ ਹੈ। ਦੋ ਦਿਨ ਪਹਿਲਾਂ ਸ਼ਹਿਰ ਦੇ ਦਸਮੇਸ਼ ਨਗਰ ਵਿਚ ਸਥਿਤ ਇਕ ਘਰ ’ਚੋਂ ਰਾਇਫਲ ਅਤੇ 20 ਦੇ ਕਰੀਬ ਚੋਰੀ ਹੋਏ ਰੌਂਦ ਦੇ ਮਾਮਲੇ ’ਚ ਪੁਲਸ ਦੇ ਹੱਥ ਕੁਝ ਨਹੀਂ ਲੱਗਾ ਸੀ ਕਿ ਇਸ ਵਿਚਕਾਰ ਅਣਪਛਾਤੇ ਲੁਟੇਰੇ ਨੇ ਸ਼ਰਾਬ ਦੇ ਠੇਕੇ ’ਤੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇ ਦਿੱਤਾ। ਦੂਜੇ ਪਾਸੇ ਡੀਐੱਸਪੀ ਰਾਹੁਲ ਕੌਸ਼ਲ ਭਵਾਨੀਗੜ੍ਹ ਦਾ ਕਹਿਣਾ ਹੈ ਕਿ ਪੁਲਸ ਲੁੱਟ ਦੀ ਘਟਨਾ ਤੋਂ ਬਾਅਦ ਮੁਲਜ਼ਮਾਂ ਦੀ ਭਾਲ ਵਿਚ ਲੱਗੀ ਹੋਈ ਹੈ। ਹੁਣ ਪੁਲਸ ਘਰੋਂ ਹਥਿਆਰ ਚੋਰੀ ਤੇ ਰਾਤ ਹੋਈ ਵਾਰਦਾਤ ਸਬੰਧੀ ਦੋਵਾਂ ਮਾਮਲਿਆਂ ਵਿਚ ਬਰਾਬਰ ਕੰਮ ਕਰ ਰਹੀ ਹੈ। ਡੀਐੱਸਪੀ ਨੇ ਦਾਅਵਾ ਕੀਤਾ ਕਿ ਵਾਰਦਾਤ ਦੇ ਦੋਸ਼ੀਆਂ ਨੂੰ ਜਲਦੀ ਹੀ ਕਾਬੂ ਕਰ ਲਿਆ

## ਵੱਡੀ ਗਿਣਤੀ ’ਚ ਸਰਵਾਈਕਲ ਕੈਂਸਰ ਦਾ ਸ਼ਿਕਾਰ ਹੋ ਰਹੀਆਂ ਔਰਤਾਂ !

ਨੈਸ਼ਨਲ ਡੈਸਕ 27 ਨਵੰਬਰ। ਕੇਰਲ ’ਚ ਕਰੀਬ 7.9 ਫੀਸਦੀ ਔਰਤਾਂ ਸਰਵਾਈਕਲ ਕੈਂਸਰ ਨਾਲ ਪ੍ਰਭਾਵਿਤ ਹਨ। ਇਕ ਨਵੇਂ ਅਧਿਐਨ ਨੇ ਚਿਤਾਵਨੀ ਦਿੱਤੀ ਹੈ ਕਿ ਸੂਬੇ ’ਚ ਸ਼ੁਰੂਆਤੀ ਪਹਿਚਾਣ ਅਤੇ ਮਜਬੂਤ ਨਿਵਾਰਕ ਕਦਮਾਂ ਦੀ ਤੁਰੰਤ ਲੋੜ ਹੈ। ਦੱਸਣਯੋਗ ਹੈ ਕਿ ਅੱਜ ਵਿਸ਼ਵ ਸਰਵਾਈਕਲ ਕੈਂਸਰ ਖ਼ਾਤਮਾ ਦਿਵਸ ਹੈ। ਇਹ ਦਿਵਸ ਸਰਵਾਈਕਲ ਕੈਂਸਰ ਦੇ ਪ੍ਰਤੀ ਜਾਗਰੂਕਤਾ ਅਤੇ ਸਮੇਂ ’ਤੇ ਮੈਡੀਕਲ ਜਾਂਚ ਦੇ ਮਹੱਤਵ ਲਈ ਮਨਾਇਆ ਜਾਂਦਾ ਹੈ। ਸਿਹਤ ਮਾਹਿਰਾਂ ਦੇ ਅਨੁਸਾਰ, ਔਰਤਾਂ ’ਚ ਸਭ ਤੋਂ ਵੱਧ ਮਿਲਣ ਵਾਲੇ ਕੈਂਸਰਾਂ ‘ਚੋਂ ਇਕ ਇਹ ਕੈਂਸਰ ਮੁੱਖ ਤੌਰ ‘ਤੇ ਹਿਊਮਨ ਪੈਪੀਲੋਮਾ ਵਾਇਰਸ ਇਨਫੈਕਸ਼ਨ ਕਾਰਨ ਹੁੰਦਾ ਹੈ। ਜੇ ਇਸ ਦੀ ਪਹਿਚਾਣ ਸ਼ੁਰੂਆਤੀ ਦਰਜੇ ‘ਤੇ ਹੋਵੇ ਤਾਂ ਇਲਾਜ ਕਾਫ਼ੀ ਪ੍ਰਭਾਵਸ਼ਾਲੀ ਰਹਿੰਦਾ ਹੈ। ਕੇਰਲ ’ਚ ਭਾਵੇਂ ਔਰਤਾਂ ‘ਚ ਛਾਤੀ ਅਤੇ ਥਾਇਰਾਇਡ ਕੈਂਸਰ ਵੀ ਆਮ ਹਨ, ਪਰ ਸਰਵਾਈਕਲ ਕੈਂਸਰ ਦੀ ਮੌਤ ਦਰ ਵੱਧ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਔਰਤਾਂ ਦੀ ਸਕ੍ਰੀਨਿੰਗ ‘ਚ ਘੱਟ ਭਾਗੀਦਾਰੀ ਅਤੇ ਦੇਰ ਨਾਲ ਕੀਤੀ ਜਾਂਚ ਕਾਰਨ ਬੀਮਾਰੀ ਅਕਸਰ ਆਖ਼ਰੀ ਪੜਾਅ ‘ਚ ਪਤਾ ਲੱਗਦੀ ਹੈ। ਕੇਰਲ ਸਿਹਤ ਵਿਭਾਗ ਨੇ 4 ਫ਼ਰਵਰੀ 2024 ਨੂੰ ਸਰਵਾਈਕਲ ਕੈਂਸਰ ਦੇ ਜਲਦੀ ਪਤਾ ਲਗਾਉਣ ਅਤੇ ਰੋਕਥਾਮ ਲਈ ਵੱਡੀ ਮੁਹਿੰਮ ਸ਼ੁਰੂ ਕੀਤੀ ਸੀ। ਇਹ ਮੁਹਿੰਮ 20 ਲੱਖ ਤੋਂ ਵੱਧ ਲੋਕਾਂ ਤੱਖ ਪਹੁੰਚ ਚੁੱਕੀ ਹੈ ਅਤੇ ਸ਼ੱਕੀ ਮਾਮਲਿਆਂ ਵਾਲੀਆਂ ਲਗਭਗ 30,000 ਔਰਤਾਂ ਨੂੰ ਅੱਗੇ ਦੇ ਮੁਲਾਂਕਣ ਲਈ ਭੇਜਿਆ ਗਿਆ ਹੈ। ਇਨ੍ਹਾਂ ’ਚੋਂ 84 ਮਾਮਲਿਆਂ ’ਚ ਕੈਂਸਰ ਦੀ ਪੁਸ਼ਟੀ ਹੋਈ, ਜਦੋਂ ਕਿ 243 ’ਚ ਕੈਂਸਰ ਤੋਂ ਪਹਿਲਾਂ ਦੀਆਂ ਸਥਿਤੀਆਂ ਦੀ ਪਛਾਣ ਕੀਤੀ ਗਈ, ਜਿਨ੍ਹਾਂ ਦਾ ਇਲਾਜ ਘਾਤਕ ਹੋਣ ਤੋਂ ਪਹਿਲਾਂ ਕੀਤਾ ਜਾ ਸਕਦਾ ਸੀ। ਟੀਕਾਕਰਣ ਸਭ ਤੋਂ ਪ੍ਰਭਾਵੀ ਰੋਕਥਾਮ ਉਪਾਅ ਬਣਿਆ ਹੋਇਆ ਹੈ। ਸੂਬਾ ਸਰਕਾਰ ਨੇ ਕਲਾਸ 6ਵੀਂ ਅਤੇ 12ਵੀਂ ਦੀਆਂ ਸਕੂਲੀ ਬੱਚੀਆਂ ਲਈ ਵੱਡੇ ਪੱਧਰ ‘ਤੇ HPV ਟੀਕਾਕਰਨ ਮੁਹਿੰਮ ਸ਼ੁਰੂ ਕੀਤੀ ਹੈ।

# ਆਬਕਾਰੀ ਟੀਮਾਂ ਨੇ 3 ਕਿਲੋਮੀਟਰ ਦੇ ਘੇਰੇ ’ਚ ਸ਼ਰਾਬ ਦੇ ਠੇਕੇ ਕਰਵਾਏ ਸੀਲ

ਅੰਮ੍ਰਿਤਸਰ 27 ਨਵੰਬਰ। ਆਬਕਾਰੀ ਵਿਭਾਗ ਨੇ ਤਰਨਤਾਰਨ ਚੋਣਾਂ ਦੇ ਮੱਦੇਨਜ਼ਰ ਬੀਤੇ ਦਿਨ ਆਬਕਾਰੀ ਟੀਮਾਂ ਦਾ ਠੇਕੇ ਬੰਦ ਕਰਵਾਉਣ ਕ੍ਰਮ ਜਾਰੀ ਰਿਹਾ। ਆਬਕਾਰੀ ਵਿਭਾਗ ਦੇ ਸਹਾਇਕ ਕਮਿਸ਼ਨਰ (ਅੰਮ੍ਰਿਤਸਰ/ਤਰਨਤਾਰਨ ਰੇਂਜ) ਦਿਲਬਾਗ ਸਿੰਘ ਚੀਮਾ ਵੱਲੋਂ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਅੰਮ੍ਰਿਤਸਰ-3 ਅਧੀਨ ਆਉਦੇ ਸ਼ਰਾਬ ਦੇ ਠੇਕੇ ਬੰਦ ਕਰਵਾਏ ਗਏ, ਜੋ ਚੋਣ ਕਮਿਸ਼ਨ ਦੇ ਮੁਤਾਬਕ ਬੰਦ ਦੀ ਰੇਂਜ ਵਿਚ ਆਉਂਦੇ ਸਨ। ਇਸ ਸਬੰਧ ਵਿਚ ਆਬਕਾਰੀ ਅਧਿਕਾਰੀਆਂ ਦੀ ਟੀਮ ਦਾ ਗਠਨ ਕੀਤਾ, ਜਿਸ ਵਿਚ ਇੰਸਪੈਕਟਰ ਰਮਨ ਸ਼ਰਮਾ ਦੀ ਅਗਵਾਈ ਹੇਠ ਆਬਕਾਰੀ ਵਿਭਾਗ ਦੇ ਸੁਰੱਖਿਆ ਜਵਾਨ ਸ਼ਾਮਲ ਸਨ। ਐਤਵਾਰ ਦੀ ਰਾਤ ਤੱਕ ਇੰਸਪੈਕਟਰ ਰਮਨ ਸ਼ਰਮਾ ਦੀ ਅਗਵਾਈ ਹੇਠ ਆਉਂਦੇ ਤਰਨਤਾਰਨ ਰੋਡ ਵਰਪਾਲ ਰੋਡ, ਚੱਬਾ ਰੋਡ, ਗੇਟ ਖਜ਼ਾਨਾ ਅਤੇ ਬਹੋੜੂ, ਆਬਕਾਰੀ ਸਰਕਲ ਅਟਾਰੀ, ਰਾਜਾਤਾਲ ਪਿੰਡ ਆਦਿ ਖੇਤਰਾਂ ਵਿਚ ਸ਼ਰਾਬ ਦੇ ਠੇਕੇ ਬੰਦ ਕਰਵਾਏ ਗਏ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਆਬਕਾਰੀ ਇੰਸਪੈਕਟਰ ਰਮਨ ਕੁਮਾਰ ਸ਼ਰਮਾ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਚੋਣ ਹਲਕੇ ਤੋਂ 3 ਕਿਲੋਮੀਟਰ ਦੇ ਦਾਇਰੇ ਵਿਚ ਚੋਣਾਂ ਤੋਂ 48 ਘੰਟੇ ਪਹਿਲਾਂ ਸ਼ਰਾਬ ਦੇ ਠੇਕੇ ਅਤੇ ਅਹਾਤੇ ਬੰਦ ਰਹਿਣਗੇ। ਹੁਕਮਾਂ ’ਤੇ ਕਾਰਵਾਈ ਕਰਦਿਆਂ, ਆਬਕਾਰੀ ਵਿਭਾਗ ਦੀਆਂ ਟੀਮਾਂ ਨੇ ਐਤਵਾਰ ਸ਼ਾਮ 6 ਵਜੇ ਤੋਂ ਪਹਿਲਾਂ ਸ਼ਰਾਬ ਦੇ ਠੇਕੇ ਬੰਦ ਕਰਵਾ ਦਿੱਤੇ ਸੀ। ਆਬਕਾਰੀ ਅਧਿਕਾਰੀਆਂ ਅਨੁਸਾਰ ਇਹ ਹੁਕਮ ਮੰਗਲਵਾਰ ਸ਼ਾਮ 6 ਵਜੇ ਤੱਕ ਲਾਗੂ ਰਹੇਗਾ। ਇੰਸਪੈਕਟਰ ਰਮਨ ਸ਼ਰਮਾ ਨੇ ਕਿਹਾ ਕਿ ਸ਼ਰਾਬ ਦੀ ਦੁਰਵਰਤੋਂ ਦੇ ਕਿਸੇ ਵੀ ਜੋਖਮ ਨੂੰ ਰੋਕਣ ਲਈ ਪਹਿਲਾਂ ਬੰਦ ਕੀਤੇ ਗਏ ਸ਼ਰਾਬ ਦੇ ਠੇਕਿਆਂ ਨੂੰ ਵੀ ਸੀਲ ਕਰ ਦਿੱਤਾ ਗਿਆ ਹੈ।

# ਮੈਟਲ ਡਿਟੈਕਟਰਾਂ ਦੀ ਘਾਟ ਬੱਸ ਸਟੈਂਡ ਨੂੰ ਆਸਾਨੀ ਨਾਲ ਬਣਾ ਸਕਦੀ ਹੈ ਬੰਬ ਧਮਾਕਿਆਂ ਦਾ ਨਿਸ਼ਾਨਾ

**ਕੌਮੀ ਪਤ੍ਰਿਕਾ**

ਲੁਧਿਆਣਾ 27 ਨਵੰਬਰ। ਲੁਧਿਆਣਾ ਬੱਸ ਸਟੈਂਡ ਵਿੱਚ ਮੈਟਲ ਡਿਟੈਕਟਰਾਂ ਦੀ ਘਾਟ ਹੈ। ਅੰਦਰ ਲਿਜਾਈ ਜਾ ਰਹੀ ਕਿਸੇ ਵੀ ਗੈਰ-ਕਾਨੂੰਨੀ ਵਸਤੂ ਦਾ ਪਤਾ ਲਗਾਉਣ ਲਈ ਕੋਈ ਡਿਟੈਕਟਰ ਨਹੀਂ ਹਨ। ਪੁਲਿਸ ਕਰਮਚਾਰੀ ਬੱਸ ਸਟੈਂਡ ’ਤੇ ਯਾਤਰੀਆਂ ਦੀ ਨਿਯਮਤ ਤੌਰ ”ਤੇ ਜਾਂਚ ਕਰਨ ਲਈ ਵੀ ਇੰਨੇ ਚੌਕਸ ਨਹੀਂ ਹਨ। ਸਰਕਾਰ ਵੱਲੋਂ ਯਾਤਰੀਆਂ ਲਈ ਸਹੂਲਤਾਂ ਦੇ ਪ੍ਰਬੰਧਾਂ ਦੇ ਬਾਵਜੂਦ, ਬੱਸ ਸਟੈਂਡ ਦਾ ਅਹਾਤਾ ਅਪਰਾਧੀਆਂ ਲਈ ਪਨਾਹਗਾਹ ਬਣ ਗਿਆ ਹੈ। ਯਾਤਰੀਆਂ ਦਾ ਕਹਿਣਾ ਹੈ ਕਿ ਉਹ ਬੱਸ ਸਟੈਂਡ ’ਤੇ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਜੇਕਰ ਦਿੱਲੀ ਬੰਬ ਧਮਾਕੇ ਵਿੱਚ ਦਿਖਾਈ ਗਈ ਲਾਪਰਵਾਹੀ ਬੱਸ ਸਟੈਂਡ ’ਤੇ ਦਿਖਾਈ ਜਾਂਦੀ ਹੈ, ਤਾਂ ਬੱਸ ਸਟੈਂਡ ਨੂੰ ਆਸਾਨੀ ਨਾਲ ਨਿਸ਼ਾਨਾ ਬਣਾਇਆ ਜਾ ਸਕਦਾ ਹੈ, ਜਿਸ ਨਾਲ ਪੂਰਾ ਬੱਸ ਸਟੈਂਡ ਤਬਾਹ ਹੋ ਸਕਦਾ ਹੈ। ਜਦੋਂ ਵੀ ਯਾਤਰੀ ਬੱਸ ਸਟੈਂਡ ਵਿੱਚ ਦਾਖਲ ਹੁੰਦੇ ਹਨ, ਤਾਂ ਕੋਈ ਸੁਰੱਖਿਆ ਉਪਾਅ ਨਹੀਂ ਹੁੰਦੇ, ਜਿਸ ਨਾਲ ਲੋਕ ਗੈਰ-ਕਾਨੂੰਨੀ ਵਸਤੂਆਂ ਨੂੰ ਇਕ ਜਗ?ਹਾ ਤੋਂ ਦੂਜੀ ਜਗ?ਹਾ ਲਿਜਾ ਸਕਦੇ ਹਨ। ਪ੍ਰਵੇਸ਼ ਦੁਆਰ



’ਤੇ ਮੌਜੂਦ ਪੁਲਿਸ ਕਰਮਚਾਰੀਆਂ ਦੀ ਗੈਰ-ਮੌਜੂਦਗੀ ਲੋਕਾਂ ਨੂੰ ਗੈਰ-ਕਾਨੂੰਨੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਦੀ ਆਗਿਆ ਦਿੰਦੀ ਹੈ। ਜੇਕਰ ਪ੍ਰਵੇਸ਼ ਦੁਆਰ ’ਤੇ ਪੁਲਸ ਕਰਮਚਾਰੀ ਤਾਇਨਾਤ ਹੁੰਦੇ, ਤਾਂ ਲੋਕਾਂ ਵਿੱਚ ਡਰ ਦਾ ਮਾਹੌਲ ਹੁੰਦਾ, ਅਤੇ ਕੋਈ ਵੀ ਗੈਰ-ਕਾਨੂੰਨੀ ਸਮਾਨ ਬੱਸ ਸਟੈਂਡ ਦੇ ਅਹਾਤੇ ਵਿੱਚ ਦਾਖਲ ਨਹੀਂ ਹੋ ਸਕਦਾ ਸੀ। ਬੰਬ ਧਮਾਕਿਆਂ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਪ੍ਰਵੇਸ਼ ਦੁਆਰ ’ਤੇ ਸੁਰੱਖਿਆ ਗਾਰਡ ਜਾਂ ਪੁਲਿਸ ਅਧਿਕਾਰੀ ਦੇ ਹੱਥਾਂ ਵਿਚ ਇਕ ਮੈਟਲ ਡਿਟੈਕਟਰ ਮਸ਼ੀਨ ਦਾ ਹੋਣਾ ਜ਼ਰੂਰੀ ਹੈ। ਇਹ ਮਸ਼ੀਨ ਕਿਸੇ ਵੀ ਗੈਰ-ਕਾਨੂੰਨੀ ਵਸਤੂ ਨੂੰ ਲੰਬੇ ਸਮੇਂ ਤੱਕ ਅੰਦਰ ਜਾਣ ਤੋਂ ਰੋਕੇਗੀ, ਇਸ ਤਰ੍ਹਾਂ ਸੁਰੱਖਿਆ ਨੂੰ ਯਕੀਨੀ ਬਣਾਏਗੀ। ਇਹ ਜ਼ਰੂਰੀ ਹੈ ਕਿ ਮੈਟਲ ਡਿਟੈਕਟਰ ਮਸ਼ੀਨਾਂ ਅਤੇ ਪੁਲਿਸ ਕਰਮਚਾਰੀ ਬੱਸ ਸਟੈਂਡ ਦੇ ਅਹਾਤੇ ਵਿਚ ਤਾਇਨਾਤ ਹੋਣ ਤਾਂ ਜੋ ਯਾਤਰੀ ਤੁਹਾਡੀ ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸਹੂਲਤਾਂ ਦਾ ਪੂਰਾ ਆਨੰਦ ਲੈ ਸਕਣ। ਜਦੋਂ ਇਸ ਮਾਮਲੇ ਸੰਬੰਧੀ ਪੁਲਸ ਸਟੇਸ਼ਨ ਨੰਬਰ 5 ਦੇ ਐਸ ਐਸ ਓ ਵਿਕਰਮਜੀਤ ਸਿੰਘ ਨਾਲ ਸੰਪਰਕ ਕੀਤਾ ਗਿਆ, ਤਾਂ ਉਨ੍ਹਾਂ ਨੇ ਕਿਹਾ ਕਿ ਬੱਸ ਸਟੈਂਡ ਦੇ ਅਹਾਤੇ ਵਿੱਚ ਇੱਕ ਪੀਆਰਸੀ ਡਿਊਟੀ ”ਤੇ ਹੈ ਅਤੇ ਡਿਊਟੀ ਅਫਸਰ ਨੂੰ ਬੱਸ ਸਟੈਂਡ ਦੇ ਅਹਾਤੇ ਵਿੱਚ ਗਸ਼ਤ ਕਰਨ ਦੇ ਆਦੇਸ਼ ਦਿੱਤੇ ਗਏ ਹਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਪੰਜਾਬ ਦੇ ਲੱਖਾਂ ਪੈਨਸ਼ਨ ਧਾਰਕਾਂ ਲਈ ਰਾਹਤ ਭਰੀ ਖ਼ਬਰ, ਸੂਬਾ ਸਰਕਾਰ ਨੇ ਸ਼ੁਰੂ ਕੀਤੀ ਵੱਡੀ ਸਕੀਮ

**ਕੌਮੀ ਪਤ੍ਰਿਕਾ**

ਮੋਹਾਲੀ 27 ਨਵੰਬਰ। ਪੰਜਾਬ ਸਰਕਾਰ ਦੇ ਹੁਕਮਾਂ ਮੁਤਾਬਕ ਜ਼ਿਲ੍ਹਾ ਖਜ਼ਾਨਾ ਦਫ਼ਤਰ ਮੋਹਾਲੀ ਵਿਖੇ 27 ਨਵੰਬਰ ਮਤਲਬ ਕਿ ਅੱਜ ਤੋਂ 27 ਨਵੰਬਰ ਤੱਕ 'ਪੈਨਸ਼ਨਰ ਸੇਵਾ ਮੇਲਾ' ਲਾਇਆ ਜਾਵੇਗਾ ਅਤੇ ਅੱਜ ਤੋਂ ਪੈਨਸ਼ਨ ਧਾਰਕਾਂ ਨੂੰ ਵੱਡੀਆਂ ਸਹੂਲਤਾਂ ਮਿਲਣ ਜਾ ਰਹੀਆਂ ਹਨ। ਇਸ ਪਹਿਲ ਕਦਮੀ ਦਾ ਮਕਸਦ ਜ਼ਿਲ੍ਹੇ ਦੇ ਸਮੂਹ ਪੈਨਸ਼ਨਰਾਂ ਨੂੰ ਜ਼ਰੂਰੀ ਈ-ਕੇ. ਵਾਈ. ਸੀ. ਪ੍ਰਕਿਰਿਆ ਸਬੰਧੀ ਸਹੂਲਤ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਨਵੇਂ ਲਾਂਚ ਕੀਤੇ ਗਏ 'ਪੈਨਸ਼ਨਰ ਸੇਵਾ ਪੋਰਟਲ' 'ਤੇ ਆਪਣੀ ਰਜਿਸਟ?ਰੇਸ਼ਨ ਕਰਵਾ ਸਕਣ। ਇਸ ਸਬੰਧੀ ਰੇਣੁਕਾ ਕਟਿਆਲ ਜ਼ਿਲ੍ਹਾ ਖਜ਼ਾਨਾ ਅਫ਼ਸਰ ਮੋਹਾਲੀ ਨੇ ਦੱਸਿਆ ਕਿ ਸਰਕਾਰ ਵੱਲੋਂ 3 ਨਵੰਬਰ ਨੂੰ ਸਾਰੀਆਂ ਪੈਨਸ਼ਨ ਸਬੰਧੀ ਸੇਵਾਵਾਂ ਲਈ ਵਨ-ਸਟਾਪ ਡਿਜੀਟਲ ਪਲੇਟਫਾਰਮ ਲਾਂਚ ਕੀਤਾ ਗਿਆ ਸੀ। ਪੈਨਸ਼ਨਰਾਂ ਲਈ ਪੋਰਟਲ 'ਤੇ ਆਪਣੀ ਰਜਿਸਟ?ਰੇਸ਼ਨ ਕਰਵਾਉਣ ਲਈ ਈ-ਕੇ. ਵਾਈ. ਸੀ. ਕਰਵਾਉਣਾ ਲਾਜ਼ਮੀ ਹੈ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਰਜਿਸਟ?ਰੇਸ਼ਨ ਕਰਵਾਉਣ ਅਤੇ ਸਹਿਜ ਡਿਜੀਟਲ ਪੈਨਸ਼ਨ ਸੇਵਾਵਾਂ



ਦਾ ਅਨੁਭਵ ਕਰਨ ਲਈ ਮੇਲੇ ਦੌਰਾਨ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸੈਕਟਰ-76ਮੋਹਾਲੀ ਵਿਖੇ ਪਹਿਲੀ ਮੰਜ਼ਿਲ 'ਤੇ ਸਥਿਤ ਕਮਰਾ ਨੰਬਰ-257 ਵਿਖੇ ਪਹੁੰਚਣ। ਇਸ ਪੋਰਟਲ ਰਾਹੀਂ ਸ਼ੁਰੂਆਤ 'ਚ ਪੈਨਸ਼ਨਰਾਂ ਨੂੰ 6 ਮੁੱਖ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਨ੍ਹਾਂ ਸੇਵਾਵਾਂ 'ਚ 'ਜੀਵਨ ਪ੍ਰਮਾਣ' ਮੋਬਾਇਲ ਐਪ ਰਾਹੀਂ ਡਿਜੀਟਲ ਲਾਈਫ ਸਰਟੀਫਿਕੇਟ ਜਮ੍ਹਾਂ ਕਰਵਾਉਣਾ, ਪੈਨਸ਼ਨ ਨੂੰ ਪਰਿਵਾਰਕ ਪੈਨਸ਼ਨ 'ਚ ਤਬਦੀਲ ਕਰਨ ਲਈ ਅਰਜ਼ੀ ਦੇਣਾ, ਲੀਵ ਟ੍ਰੈਵਲ ਕੁਨਸੈਸ਼ਨ ਲੈਣ ਲਈ ਅਰਜ਼ੀ ਦੇਣਾ, ਪੈਨਸ਼ਨ ਸਬੰਧੀ ਸ਼ਿਕਾਇਤਾਂ ਦਰਜ ਕਰਨਾ ਅਤੇ ਪੈਨਸ਼ਨਰਾਂ ਦੇ ਨਿੱਜੀ ਵੇਰਵਿਆਂ ਨੂੰ ਅਪਡੇਟ/ਬਦਲਣਾ ਸ਼ਾਮਲ ਹੈ। ਪੈਨਸ਼ਨਰ ਇਸ ਪੋਰਟਲ 'ਤੇ ਉਪਲੱਬਧ ਆਧਾਰ ਪ੍ਰਮਾਣਿਕਤਾ ਸਹੂਲਤ ਰਾਹੀਂ ਈ- ਕੇ. ਵਾਈ. ਸੀ. ਨੂੰ ਪੂਰਾ ਕਰਕੇ 'ਪੈਨਸ਼ਨਰ ਸੇਵਾ ਪੋਰਟਲ' 'ਤੇ ਰਜਿਸਟਰ ਕਰ ਸਕਦੇ ਹਨ। ਇਕ ਵਾਰ ਰਜਿਸਟਰ ਹੋਣ ਤੋਂ ਬਾਅਦ ਉਹ ਆਪਣੇ ਮੋਬਾਇਲ ਫੋਨ, ਕੰਪਿਊਟਰ ਜਾਂ ਲੈਪਟਾਪ ਦੀ ਵਰਤੋਂ ਕਰਕੇ ਪੋਰਟਲ 'ਤੇ ਆਪਣੇ ਲਾਗਇਨ ਆਈ. ਡੀ. ਰਾਹੀਂ ਘਰ ਬੈਠੇ ਹੀ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਡਾਇਰੈਕਟੋਰੇਟ ਪੱਧਰ 'ਤੇ ਤਿੰਨ ਸਮਰਪਿਤ ਹੈਲਪਲਾਈਨ ਨੰਬਰ, 18001802148, 017229-96385, ਅਤੇ 017229-96386 ਜਾਰੀ ਕੀਤੇ ਗਏ ਹਨ ਅਤੇ ਇਹ ਸਾਰੇ ਕੰਮਕਾਜੀ ਦਿਨਾਂ ਦੌਰਾਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕਾਰਜਸ਼ੀਲ ਹਨ।

## ਸਿਗਰਟ ਦਿਵਾਉਣ ਤੋਂ ਕੈਬ ਚਾਲਕ ਦਾ ਇਨਕਾਰ, ਕੁੜੀ ਨੇ ਪ੍ਰੇਮੀ ਤੋਂ ਕਰਵਾਈ ਕੁੱਟਮਾਰ

ਚੰਡੀਗੜ੍ਹ 27 ਨਵੰਬਰ। ਡੇਰਾਬੱਸੀ ਤੋਂ ਉਬਰ ਕੈਬ ਕਰਕੇ ਸੈਕਟਰ-24 ਆ ਰਹੀ ਕੁੜੀ ਨੇ ਗੱਡੀ ਚਾਲਕ ਤੋਂ ਸਿਗਰਟ ਤੇ ਸ਼ਰਾਬ ਦੀ ਮੰਗ ਕੀਤੀ। ਚਾਲਕ ਨੇ ਇਨਕਾਰ ਕੀਤਾ ਤਾਂ ਉਸ ਨੇ ਮੋਬਾਇਲ ਤੋਂ ਮੈਸੇਜ ਕਰਕੇ ਪ੍ਰੇਮੀ ਨੂੰ ਬੁਲਾਇਆ। ਉਸ ਦਾ ਪ੍ਰੇਮੀ ਨੌਜਵਾਨ ਸਾਥੀਆਂ ਨਾਲ ਸੈਕਟਰ-24 'ਚ ਪਹੁੰਚ ਗਿਆ। ਕੁੜੀ ਗੱਡੀ ਤੋਂ ਜਿਵੇਂ ਹੀ ਉਤਰੀ ਤਾਂ ਉਸ ਦੇ ਪ੍ਰੇਮੀ ਅਤੇ ਸਾਥੀਆਂ ਨੇ ਚਾਲਕ ਦੀ ਕੁੱਟਮਾਰ ਕੀਤੀ। ਚਾਲਕ ਕੁਲਦੀਪ ਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਪੁਲਸ ਨੇ ਚਾਲਕ ਦਾ ਸੈਕਟਰ-16 ਜਨਰਲ ਹਸਪਤਾਲ 'ਚ ਮੈਡੀਕਲ ਕਰਵਾਇਆ। ਸੈਕਟਰ-11 ਥਾਣਾ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਡੇਰਾਬੱਸੀ ਵਾਸੀ ਕੈਬ ਚਾਲਕ ਕੁਲਦੀਪ ਸਿੰਘ ਨੇ ਪੁਲਸ ਸ਼ਿਕਾਇਤ 'ਚ ਦੱਸਿਆ ਕਿ ਬੁੱਧਵਾਰ ਸਵੇਰ ਉਸ ਨੇ ਬਰਵਾਲਾ ਰੋਡ ਡੇਰਾਬਸੀ ਤੋਂ ਕੁੜੀ ਨੂੰ ਉਬਰ ਬੁਕਿੰਗ 'ਤੇ ਪਿੱਕ ਕੀਤਾ ਸੀ। ਜਿਵੇਂ ਹੀ ਗੱਡੀ ਚੰਡੀਗੜ੍ਹ 'ਚ ਐਂਟਰ ਹੋਈ, ਕੁੜੀ ਨੇ ਕਿਹਾ ਕਿ ਉਹ ਗੀਤ ਸੁਣਨਾ ਚਾਹੁੰਦੀ ਹੈ ਅਤੇ ਅੱਗੇ ਦੀ ਸੀਟ 'ਤੇ ਬੈਠੇਗੀ। ਕੁਲਦੀਪ ਨੇ ਉਸ ਨੂੰ ਪਿੱਛੇ ਬੈਠਣ ਦੇ ਲਈ ਕਿਹਾ, ਕਿਉਂਕਿ ਉਹ ਇਕੱਲੀ ਸਵਾਰੀ ਸੀ। ਕੁਲਦੀਪ ਨੇ ਕਿਹਾ ਕਿ ਕੁੱਝ ਦੇਰ ਬਾਅਦ ਕੁੜੀ ਨੇ ਸਿਗਰਟ ਪੀਣ ਦੀ ਗੱਲ ਕਹੀ ਤਾਂ ਚਾਲਕ ਨੇ ਮਨ੍ਹਾਂ ਕਰ ਦਿੱਤਾ। ਫਿਰ ਕੁੜੀ ਨੇ ਸ਼ਰਾਬ ਪੀਣ ਦੀ ਗੱਲ ਕਹੀ, ਜਿਸ 'ਤੇ ਡਰਾਈਵਰ ਨੇ ਕਿਹਾ ਕਿ ਤੁਹਾਡੀ ਮਰਜ਼ੀ। ਇਸ ਦੌਰਾਨ ਕੁੜੀ ਲਗਾਤਾਰ ਫ਼ੋਨ 'ਤੇ ਮੈਸੇਜ ਕਰ ਰਹੀ ਸੀ। ਜਿਵੇਂ ਹੀ ਕੈਬ ਸੈਕਟਰ-24 ਪੁਲਸ ਚੌਕੀ ਕੋਲ ਪਹੁੰਚੀ, ਲਗਜ਼ਰੀ ਕਾਰ 'ਚ ਆਏ ਕੁੱਝ ਮੁੰਡੇ ਉਸ ਦੀ ਗੱਡੀ ਸਾਹਮਣੇ ਆ ਕੇ ਰੁਕੇ। ਉਨ੍ਹਾਂ ਨੇ ਕੁਲਦੀਪ ਨੂੰ ਬਾਹਰ ਕੱਢਿਆ ਅਤੇ ਕਿਸੇ ਤਿੱਖੀ ਚੀਜ਼ ਨਾਲ ਵਾਰ 'ਤੇ ਕੁੱਟਮਾਰ ਕਰਕੇ ਕੁੜੀ ਨੂੰ ਲੈ ਕੇ ਫ਼ਰਾਰ ਹੋ ਗਏ। ਹਮਲੇ 'ਚ ਉਸ ਦੀ ਬਾਂਹ ਅਤੇ ਮੱਥੇ 'ਤੇ ਸੱਟਾਂ ਲੱਗੀਆਂ। ਚਾਲਕ ਨੇ ਪੁਲਸ ਕੰਟਰੋਲ ਰੂਮ 'ਤੇ ਕਾਲ ਕੀਤੀ। ਕੁੱਝ ਦੇਰ ਬਾਅਦ ਮੌਕੇ 'ਤੇ ਪੁਲਸ ਪਹੁੰਚੀ।

## ਨਸ਼ਾ ਤਸਕਰ ਦਾ ਪਿੱਛਾ ਕਰਦੇ ਪੁਲਸ ਮੁਲਾਜ਼ਮਾਂ ਨਾਲ ਵੱਡਾ ਹਾਦਸਾ, ਗੱਡੀ ਦਾ ਸ਼ੀਸ਼ਾ ਤੋੜ ਕੱਢਣੇ ਪਏ ਬਾਹਰ

ਫਾਜ਼ਿਲਕਾ 27 ਨਵੰਬਰ। ਫਾਜ਼ਿਲਕਾ 'ਚ ਨਸ਼ਾ ਤਸਕਰਾਂ ਦਾ ਪਿੱਛਾ ਕਰਦੇ ਹੋਏ ਪੁਲਸ ਦੀ ਗੱਡੀ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਹਾਦਸੇ ਦੌਰਾਨ 2 ਪੁਲਸ ਮੁਲਾਜ਼ਮ ਜ਼ਖਮੀ ਹੋ ਗਏ, ਜਦੋਂ ਕਿ ਇਕ ਮੁਲਾਜ਼ਮ ਦੀ ਬਾਂਹ ਟੁੱਟ ਗਈ। ਜਾਣਕਾਰੀ ਮੁਤਾਬਕ ਥਾਣਾ ਖੂਈਆਂ ਸਰਵਰ ਦੀ ਪੁਲਸ ਕੋਲ ਗੁਪਤ ਸੂਚਨਾ ਸੀ ਕਿ ਇਕ ਕਾਰ ਸਵਾਰ ਨਸ਼ਾ ਤਸਕਰ ਚੂਰਾ-ਪੋਸਤ ਲੈ ਕੇ ਜਾ ਰਿਹਾ ਹੈ, ਜੋ ਕਿ ਨਾਕਾ ਤੋੜ ਕੇ ਭੱਜਿਆ ਹੈ। ਉਸ ਦਾ ਪਿੱਛਾ ਥਾਣਾ ਖੂਈਆਂ ਸਰਵਰ ਦੀ ਪੁਲਸ ਵਲੋਂ ਕੀਤਾ ਜਾ ਰਿਹਾ ਸੀ ਕਿ ਅਚਾਨਕ ਅੱਗੇ ਬੇਸਹਾਰਾ ਪਸ਼ੂ ਆਉਣ ਨਾਲ ਪੁਲਸ ਦੀ ਗੱਡੀ ਬੇਕਾਬੂ ਹੋ ਗਈ ਅਤੇ ਪਲਟ ਗਈ। ਮੌਕੇ 'ਤੇ ਹਾਹਾਕਾਰ ਮਚ ਗਈ। ਇਸ ਦੌਰਾਨ ਪਿੱਛਿਓਂ ਆ ਰਹੇ ਕਾਰ ਸਵਾਰ ਕੁੱਝ ਲੋਕਾਂ ਨੇ ਗੱਡੀ ਦਾ ਸ਼ੀਸ਼ਾ ਤੋੜ ਕੇ ਪੁਲਸ ਮੁਲਾਜ਼ਮਾਂ ਨੂੰ ਬਾਹਰ ਕੱਢਿਆ ਅਤੇ ਸਾਰਿਆਂ ਨੂੰ ਹਸਪਤਾਲ ਇਲਾਜ ਲਈ ਦਾਖ਼ਲ ਕਰਾਇਆ ਗਿਆ। ਜ਼ਖਮੀ ਪੁਲਸ ਮੁਲਾਜ਼ਮ ਸੀਨੀਅਰ ਸਿਪਾਹੀ ਬੰਸੀ ਲਾਲ ਨੇ ਦੱਸਿਆ ਕਿ ਉਨ੍ਹਾਂ ਵਲੋਂ ਨਸ਼ਾ ਤਸਕਰ ਨੂੰ ਫੜ੍ਹਨ ਲਈ ਉਸ ਦਾ ਪਿੱਛਾ ਕੀਤਾ ਜਾ ਰਿਹਾ ਸੀ ਕਿ ਉਨ੍ਹਾਂ ਦੀ ਗੱਡੀ ਰਾਹ 'ਚ ਹਾਦਸੇ ਦਾ ਸ਼ਿਕਾਰ ਹੋ ਗਈ। ਹਾਲਾਂਕਿ ਪਿੱਛਿਓਂ ਵਿਆਹ ਸਮਾਰੋਹ ਤੋਂ ਆ ਰਹੇ ਕਾਰ ਚਾਲਕ ਸੁਨੀਲ ਸਹਾਰਨ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਦੇਖਿਆ ਕਿ ਹਾਦਸਾ ਹੋਇਆ ਹੈ ਤਾਂ ਮੌਕੇ 'ਤੇ ਉਨ੍ਹਾਂ ਨੇ ਗੱਡੀ ਦਾ ਸ਼ੀਸ਼ਾ ਤੋੜ ਕੇ ਜ਼ਖਮੀ ਪੁਲਸ ਮੁਲਾਜ਼ਮਾਂ ਨੂੰ ਬਾਹਰ ਕੱਢਿਆ ਅਤੇ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਦਾਖ਼ਲ ਕਰਾਇਆ। ਇਸ ਹਾਦਸੇ ਦੌਰਾਨ ਇਕ ਪੁਲਸ ਮੁਲਾਜ਼ਮ ਦੀ ਬਾਂਹ ਟੁੱਟ ਗਈ ਹੈ ਅਤੇ ਦੂਜੇ ਦੇ ਸਿਰ 'ਤੇ ਸੱਟ ਲੱਗੀ ਹੈ। ਫਿਲਹਾਲ ਬਾਕੀ ਪੁਲਸ ਮੁਲਾਜ਼ਮ ਵੀ ਜ਼ੇਰੇ ਇਲਾਜ ਹਨ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 , have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of mine, my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਯਾਂਤਰਿਕ ਇੰਜੀਨੀਅਰ/ਉਤਰ ਰੇਲਵੇ, ਟ੍ਰੇਨ ਸੇਟ, ਸ਼ਕੂਰਬਸਤੀ, ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਨ੍ਹਾਂ ਦੇ ਲਈ ਹੇਠਾਂ ਲਿਖਤ ਕੰਮ ਦੇ ਲਈ IREPS ਸਾਈਟ (www.ireps.gov.in) ਉਤੇ ਮੰਗ ਕੀਤੀ ਜਾਂਦੀ ਹੈ।

| | | | |
|---|---|---|---|
| ਨਿਵਿਦਾ ਨੰਬਰ | 2581000TSDSSB | | |
| ਕੰਮ ਦਾ ਵੇਰਵਾ | ਟ੍ਰੇਨਸੇਟ ਡਿਪੋ, ਸ਼ਕੂਰਬਸਤੀ ਵਿਚ ਦੋ ਸਾਲ ਦੇ ਸਮੇਂ ਦੇ ਲਈ DEMU/SPIC ਦੇ ਅਨੁਰਖਸ਼ਣ ਦੇ ਦੌਰਾਨ ਸਾਧਾਰਨ ਫਰਨੀਸ਼ਿੰਗ, ਬੜਈਗੀਰੀ, ਪਲੰਬਿੰਗ, ਟਿਮਿੰਗ ਅਤੇ ਯਾਤਰੀ ਸੁਵਿਧਾ ਸਬੰਧੀ ਕੰਮ। | | |
| ਅੰਦਾਜਨ ਲਾਗਤ | ₹ 2,71,85,146.80 (GST ਸਮੇਤ ) | ਬਿਆਨਾ ਰਾਸ਼ੀ | ₹ 2,86,000.00 |
| ਕੰਮ ਸਮਾਂ | 24 ਮਹੀਨੇ | ਨਿਵਿਦਾ ਫਾਰਮ ਖੁਲਣ ਦੀ ਮਿਤੀ ਸਮਾਂ | 17.12.2025, 15:00 ਵਜੇ |
| ਨਿਵਿਦਾ ਫਾਰਮ ਡਾਊਨ ਲੋਡ ਕਰਨ ਦੇ ਇੰਟਰਨੈਟ ਸਾਈਟ | ਉਪਰੋਕਤ ਨਿਵਿਦਾ IREPS ਸਾਈਟ 'ਤੇ ਉਪਲਬਧ ਹੈ ਜੋ ਕਿ ਹੈ www.ireps.gov.in ਮਿਤੀ **25.11.2025, 20:01** ਤੋਂ ਪ੍ਰਭਾਵੀ ਹੈ। | | |

ਨੰ.: 2581000TSDSSB ਤਾਰੀਕ : 26.11.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3683/2025

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਅਮਨ ਅਰੋੜਾ ਨੇ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਦੇਸ਼ ਨੂੰ ਇੱਕਜੁੱਟ ਕਰਨ ਵਾਲੀ ਪ੍ਰੇਰਨਾ ਦੱਸਿਆ

## 'ਹਿੰਦੂ ਰਾਸ਼ਟਰ' ਅਤੇ 'ਖਾਲਿਸਤਾਨ' ਨੂੰ ਖਾਰਿਜ ਕਰਦਿਆਂ 'ਜੁਗ ਜੁਗ ਜੀਵੇ ਮੇਰਾ ਹਿੰਦੁਸਤਾਨ' ਦੇ ਨਾਅਰੇ ਲਾਏ

**ਚੰਡੀਗੜ੍ਹ, 25 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪੰਜਾਬ ਵਿਧਾਨ ਸਭਾ ਦੇ ਅੱਜ ਇੱਥੇ ਇੱਕ ਦਿਨਾਂ ਵਿਸ਼ੇਸ਼ ਸੈਸ਼ਨ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਨੌਵੇਂ ਪਾਤਸ਼ਾਹ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਸਦੀਆਂ ਪਹਿਲਾਂ ਦਿੱਤੇ ਸੰਦੇਸ਼ ਅਜੋਕੇਂ ਯੁੱਗ ਵਿੱਚ ਵੀ ਸਾਰਥਕ ਹਨ।

ਭਾਈ ਜੈਤਾ ਜੀ ਮੈਮੋਰੀਅਲ ਵਿਖੇ ਵਿਸ਼ੇਸ਼ ਸੈਸ਼ਨ ਦੌਰਾਨ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਨੂੰ ਸ਼ਬਦਾਂ ਵਿੱਚ ਬਿਆਨ ਨਹੀ ਕੀਤਾ ਜਾ ਸਕਦਾ, ਜਿਨ੍ਹਾਂ ਨੇ ਧਰਮ ਦੀ ਰਾਖੀ, ਮਨੁੱਖੀ ਅਧਿਕਾਰਾ ਅਤੇ ਸਾਝੀਵਾਲਤਾਂ ਲਈ ਲਾਸਾਨੀ ਸ਼ਹਾਦਤ ਦਿੱਤੀ। ਉਨ੍ਹਾਂ ਕਿਹਾ ਕਿ ਅਸੀ ਸਾਰੇ ਵਡਭਾਗੀ ਹਾਂ, ਜੋ ਗੁਰੂ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਮਨਾਉਣ ਲਈ ਇਕੱਤਰ ਹੋਏ ਹਾਂ। ਉਨ੍ਹਾਂ ਕਿਹਾ ਕਿ ਗੁਰੂ ਜੀ ਦੀ ਕੁਰਬਾਨੀ ਸਾਰਿਆਂ ਨੂੰ ਆਪਸੀ ਭਾਈਚਾਰੇ, ਸਰਬ ਧਰਮ ਦਾ ਸਤਿਕਾਰ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਦਾ ਸੁਨੇਹਾ ਦਿੰਦੀ ਹੈ, ਜਿਸ ਕਰਕੇ ਗੁਰੂ ਜੀ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੇ ਸੱਚੇ ਸਿੱਖ ਸ਼ਰਧਾਲੂਆਂ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆਂ ਗਿਆ, ਭਾਈ ਸਤੀ ਦਾਸ ਨੂੰ ਜ਼ਿੰਦਾ ਸਾੜਿਆ ਗਿਆ ਅਤੇ ਭਾਈ ਦਿਆਲਾ ਜੀ ਨੂੰ ਉੱਬਲਦੀ ਦੇਗ਼ ਵਿੱਚ ਉਬਾਲਿਆ ਗਿਆ, ਪਰ ਫਿਰ ਵੀ ਉਨ੍ਹਾਂ ਦਾ ਵਿਸ਼ਵਾਸ ਰਤਾ ਨਹੀਂ ਡੋਲਿਆ, ਜੋ ਇਤਿਹਾਸ ਦੇ ਪੰਨਿਆਂ ਵਿੱਚ ਸਦੀਵੀ ਅਮਿੱਟ ਰਹੇਗਾ।



ਗੁਰੂ ਜੀ ਵੱਲੋਂ ਧਰਮ ਦੀ ਆਜ਼ਾਦੀ ਅਤੇ ਆਪਸੀ ਸਦਭਾਵਨਾ ਦੇ ਸੰਦੇਸ਼ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਬਾਰੇ ਕਿਹਾ ਕਿ ਰਾਜ ਭਰ ਵਿੱਚ ਗੁਰੂ ਜੀ ਦੇ ਜੀਵਨ, ਸਿੱਖਿਆਵਾਂ ਅਤੇ ਸ਼ਹਾਦਤ ਬਾਰੇ ਵੱਖ-ਵੱਖ ਸਮਾਗਮਾਂ ਰਾਹੀ ਲੋਕਾਂ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਗੁਰੂ ਜੀ ਦੇ ਫਲਸਫੇ ਦੇ ਵੱਧ ਤੋਂ ਵੱਧ ਪ੍ਰਸਾਰ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਡੇਰਾ ਬੱਲਾਂ ਖੋਜ ਕੇਂਦਰ ਲਈ 25 ਕਰੋੜ ਰੁਪਏ, ਰਾਮ ਤੀਰਥ, ਅੰਮ੍ਰਿਤਸਰ ਵਿਖੇ ਭਗਵਾਨ ਵਾਲਮੀਕਿ ਪੈਨੋਰਮਾ ਲਈ 35 ਕਰੋੜ ਰੁਪਏ, ਕਾਲੀ ਮਾਤਾ ਮੰਦਿਰ ਕੰਪਲੈਕਸ ਲਈ 75 ਕਰੋੜ ਰੁਪਏ ਅਤੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਲਈ 25 ਕਰੋੜ ਰੁਪਏ ਦੇ ਫੰਡ ਜਾਰੀ ਕੀਤੇ ਹਨ, ਜਿਸ ਤੋਂ ਸੂਬਾ ਸਰਕਾਰ ਦੀ ਵਚਨਬੱਧਤਾ ਸਪੱਸ਼ਟ ਹੁੰਦੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਇਹਨਾਂ ਪਹਿਲਕਦਮੀਆਂ ਦਾ ਸਬੰਧ ਸਿਰਫ਼ ਫੰਡ ਜਾਰੀ ਕਰਨਾ ਨਹੀਂ, ਸਗੋਂ ਗੁਰੂ ਸਾਹਿਬ ਦੇ ਸੰਦੇਸ਼, ਜੋ ਹਰੇਕ ਵਿਅਕਤੀ ਲਈ ਧਰਮ ਦੀ ਆਜ਼ਾਦੀ ਦੀ ਵਕਾਲਤ ਕਰਦਾ ਹੈ, ਨੂੰ ਬਰਕਰਾਰ ਰੱਖਣ ਦੀ ਦਿਸ਼ਾ ਵਿੱਚ ਇੱਕ ਨਿਮਾਣਾ ਜਿਹਾ ਯਤਨ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੌਰਾਨ ਗੁਰੂ ਜੀ ਦੇ ਧਰਮ ਦੀ ਆਜ਼ਾਦੀ ਦੇ ਸੰਦੇਸ਼ ਦਾ ਵੱਧ ਤੋਂ ਵੱਧ ਫੈਲਾਅ ਸੂਬਾ ਸਰਕਾਰ ਦੀ ਮੁੱਖ ਤਰਜ਼ੀਹ ਹੈ।

ਕੈਬਨਿਟ ਮੰਤਰੀ ਨੇ ਵਿਸ਼ੇਸ਼ ਸੈਸ਼ਨ ਦੀ ਸਾਰਥਕਤਾ ਨੂੰ ਏਕਤਾ ਦੇ ਚਾਨਣ ਮੁਨਾਰੇ ਵਜੋਂ ਉਜਾਗਰ ਕਰਦਿਆਂ ਕਿਹਾ ਕਿ ਜਦੋਂ ਜਾਤੀ, ਧਰਮ ਅਤੇ ਫਿਰਕਾਪ੍ਰਸਤੀ ਦੇ ਨਾਂ 'ਤੇ ਸਮਾਜ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜੋ ਕਿ ਮਨੀਪੁਰ ਅਤੇ ਹਰਿਆਣਾ ਦੇ ਦੁਖਾਂਤਾਂ ਤੋਂ ਸਪੱਸ਼ਟ ਝਲਕਦਾ ਹੈ, ਤਾਂ ਉਸ ਵੇਲੇ ਅਜਿਹੇ ਸੈਸ਼ਨ ਦੀ ਲੋੜ ਹੋਰ ਵੀ ਵੱਧ ਜਾਂਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਇਤਿਹਾਸਕ ਮੌਕੇ ਪੰਜਾਬ ਦੇ ਤਿੰਨ ਕਰੋੜ ਨਿਵਾਸੀਆਂ ਨੂੰ ਦੇਸ਼ ਦੀ 150 ਕਰੋੜ ਜਨਤਾ ਤੱਕ ਸਦਭਾਵਨਾ, ਧਰਮ ਨਿਰਪੱਖਤਾ ਅਤੇ ਸ਼ਾਂਤੀ ਦਾ ਸੰਦੇਸ਼ ਪੁੱਜਦਾ ਕਰਨਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਪਾਵਨ ਧਰਤੀ ਤੋਂ, ਅਸੀਂ 'ਹਿੰਦੂ ਰਾਸ਼ਟਰ' ਅਤੇ 'ਖਾਲਿਸਤਾਨ' ਨੂੰ ਖਾਰਿਜ ਕਰਦਿਆਂ 'ਜੁਗ ਜੁਗ ਜੀਵੇ ਮੇਰਾ ਹਿੰਦੁਸਤਾਨ' ਦੇ ਨਾਅਰੇ ਦੀ ਵਕਾਲਤ ਕਰਦੇ ਹਾਂ ਜੋ ਗੁਰੂ ਸਾਹਿਬ ਵੱਲੋਂ ਦਿਖਾਏ ਮਾਰਗ ਅਨੁਸਾਰ ਦੇਸ਼ ਦੀ ਏਕਤਾ ਪ੍ਰਤੀ ਸਾਡੀ ਵਚਨਬੱਧਤਾ ਦਾ ਪ੍ਰਤੀਕ ਹੈ ਅਤੇ ਇਹ ਸੈਸ਼ਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਲਾਸਾਨੀ ਸ਼ਹਾਦਤ ਅਤੇ ਆਪਸੀ ਭਾਈਚਾਰੇ ਦੇ ਸੰਦੇਸ਼ ਨੂੰ ਨਿਮਾਣੀ ਸ਼ਰਧਾਂਜਲੀ ਹੈ।

# 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਬਾਬਾ ਬੁੱਢਾ ਦਲ ਛਾਉਣੀ ਵਿਖੇ ਕਰਵਾਇਆ ਵਿਸ਼ੇਸ਼ ਕਵੀ, ਢਾਡੀ ਤੇ ਕਵੀਸ਼ਰ ਦਰਬਾਰ



**ਚੰਡੀਗੜ੍ਹ, 25 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਅੱਜ ਬਾਬਾ ਬੁੱਢਾ ਦਲ ਛਾਉਣੀ ਦੇ ਮੁੱਖ ਪੰਡਾਲ਼ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੁਰੂ ਸਾਹਿਬ ਦੇ ਜੀਵਨ ਤੇ ਸਿੱਖਿਆਵਾਂ 'ਤੇ ਆਧਾਰਿਤ ਵਿਸ਼ੇਸ਼ ਕਵੀ, ਢਾਡੀ ਤੇ ਕਵੀਸ਼ਰ ਦਰਬਾਰ ਸਜਾਏ ਗਏ। ਇਸ ਮੌਕੇ ਉੱਘੇ ਕਵੀਆਂ, ਢਾਡੀਆਂ ਤੇ ਕਵੀਸ਼ਰਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ।

ਕਵੀ ਦਰਬਾਰ ਵਿਚ ਰਛਪਾਲ ਸਿੰਘ ਪਾਲ, ਕਰਮਜੀਤ ਸਿੰਘ, ਮਨਜੀਤ ਕੌਰ, ਜ਼ਮੀਰ ਅਲੀ, ਸ਼ੁਭਮ ਮੰਗਲਾ ਅਤੇ ਹਰੀ ਸਿੰਘ ਨੇ ਆਪਣੀ ਹਾਜ਼ਰੀ ਲਗਵਾਈ। ਇਸੇ ਤਰ੍ਹਾਂ ਢਾਡੀ ਤੇ ਕਵੀਸ਼ਰ ਦਰਬਾਰ ਵਿਚ ਜਿਨ੍ਹਾਂ ਪ੍ਰਸਿੱਧ ਢਾਡੀ ਤੇ ਕਵੀਸ਼ਰੀ ਜਥਿਆਂ ਨੇ ਕਵੀਸ਼ਰੀ ਅਤੇ ਵਾਰਾਂ ਨਾਲ ਸੰਗਤਾਂ ਵਿਚ ਜੋਸ਼ ਭਰਿਆ, ਉਨ੍ਹਾਂ ਵਿਚ ਢਾਡੀ ਗੁਰਪ੍ਰੀਤ ਸਿੰਘ ਲਾਂਡਰਾ, ਕਵੀਸ਼ਰ ਗੁਰਜੰਟ ਸਿੰਘ ਬੈਂਕਾ ਤੇ ਢਾਡੀ ਤਰਸੇਮ ਸਿੰਘ ਮੋਰਾਂਵਾਲੀ ਦੇ ਜਥੇ ਸ਼ਾਮਿਲ ਸਨ। ਇਸ ਮੌਕੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ ਦੇ ਸਲਾਹਕਾਰ ਦੀਪਕ ਬਾਲੀ, ਸਕੱਤਰ ਡਾ. ਅਭਿਨਾਵ ਤ੍ਰਿਖਾ ਡਾਇਰੈਕਟਰ ਸੰਜੀਵ ਤਿਵਾੜੀ ਅਤੇ ਹੋਰਨਾਂ ਉੱਘੀਆਂ ਸ਼ਖਸ਼ੀਅਤਾਂ ਨੇ ਹਾਜ਼ਰੀ ਭਰੀ। ਸਟੇਜ ਸਕੱਤਰ ਦੀ ਸੇਵਾ ਗਿਆਨੀ ਭਗਵਾਨ ਸਿੰਘ ਜੌਹਲ ਅਤੇ ਭਾਈ ਪ੍ਰੀਤਮ ਸਿੰਘ ਨੇ ਨਿਭਾਈ। ਭਲਕੇ ਮਿਤੀ 27 ਨਵੰਬਰ ਨੂੰ ਇਸੇ ਪੰਡਾਲ ਵਿਚ ਆਤਮਰਸ ਕੀਰਤਨ ਦਰਬਾਰ ਅਤੇ ਸਰਬੱਤ ਦੇ ਭਲੇ ਦੀ ਇਕੱਤਰਤਾ ਹੋਵੇਗੀ।

# ਲਾਲ ਕਿਲ੍ਹਾ ਮੈਦਾਨ ਵਿਚ 350 ਸਾਲਾ ਸ਼ਹਾਦਤ ਸਮਾਰੋਹ ਦੀਆਂ ਰੂਹਾਨੀ ਰੌਣਕਾਂ



**ਨਵੀਂ ਦਿੱਲੀ, 25 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦਾਰ ਹਰਮੀਤ ਸਿੰਘ ਕਾਲਕਾ, ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਅਤੇ ਮਹਾਨ ਸ਼ਹੀਦਾਂ — ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹਾਦਤ ਨੂੰ ਸਮਰਪਿਤ ਲਾਲ ਕਿਲ੍ਹਾ ਮੈਦਾਨ ਵਿੱਚ ਆਰੰਭ ਹੋਏ ਸਮਾਗਮ ਭਰਪੂਰ ਰੂਹਾਨੀ ਜੋਸ਼ ਅਤੇ ਸ਼ਰਧਾ ਨਾਲ ਜਾਰੀ ਹਨ।

ਉਨ੍ਹਾਂ ਦੱਸਿਆ ਕਿ ਲਾਲ ਕਿਲ੍ਹਾ ਸਮਾਗਮ ਹਾਲ ਨੂੰ ਸੰਗਤਾਂ ਦੀ ਸਹੂਲਤਾਂ ਅਤੇ ਆਦਰ-ਸਤਿਕਾਰ ਲਈ ਬੇਮਿਸਾਲ ਪ੍ਰਬੰਧਾਂ ਨਾਲ ਸਜਾਇਆ ਗਿਆ ਹੈ। ਵਿਸ਼ਾਲ ਬੈਠਕ ਪ੍ਰਬੰਧ, ਸਫ਼ਾਈ, ਭਗਤੀਮਈ ਮਾਹੌਲ ਅਤੇ ਸੇਵਾ ਦੇ ਉੱਚਤਮ ਮਾਪਦੰਡਾਂ ਨੂੰ ਯਕੀਨੀ ਬਣਾਇਆ ਗਿਆ ਹੈ, ਤਾਂ ਜੋ ਹਰ ਸੰਗਤ ਗੁਰੂ ਸਾਹਿਬ ਦੀ ਕਿਰਪਾ ਹੇਠ ਸ਼ਬਦ ਕੀਰਤਨ ਦਾ ਆਨੰਦ ਲੈ ਸਕੇ।

ਸਰਦਾਰ ਕਾਲਕਾ ਨੇ ਸੰਗਤਾਂ ਨੂੰ ਨਿਮਰ ਅਰਦਾਸੀ ਬੇਨਤੀ ਕੀਤੀ ਹੈ ਕਿ ਉਹ ਆਪਣੇ ਪਰਿਵਾਰ ਸਮੇਤ 27 ਨਵੰਬਰ ਤੱਕ ਲਾਲ ਕਿਲ੍ਹੇ ਮੈਦਾਨ ਵਿੱਚ ਹਾਜ਼ਰੀ ਭਰ ਕੇ ਸ਼ਹਾਦਤ ਦੇ ਇਸ ਪਵਿੱਤਰ ਸਮਾਰੋਹ ਦਾ ਹਿੱਸਾ ਬਣਨ ਅਤੇ ਸਰਬੱਤ ਦਾ ਭਲਾ ਦੇ ਸਨੇਹੇ ਨੂੰ ਹੋਰ ਮਜ਼ਬੂਤ ਕਰਨ।

ਉਨ੍ਹਾਂ ਦੱਸਿਆ ਕਿ 27 ਨਵੰਬਰ ਨੂੰ ਲਾਲ ਕਿਲ੍ਹਾ ਮੈਦਾਨ ਵਿੱਚ ਸ਼ਾਮ 4:15 ਮਿੰਟ ਤੋਂ 4:45 ਵਜੇ ਤੱਕ ਗਿਆਨੀ ਸੁਖਜੀਤ ਸਿੰਘ ਜੀ ਕਨ੍ਹਈਆ ਕਥਾ ਕਰਨਗੇ। 4:45 ਤੋਂ 5:45 ਸੰਗਤੀ ਸਹਿਜ ਪਾਠਾਂ ਦੀ ਸੰਪੂਰਨਤਾ, 5:45 ਤੋਂ 6:25 ਤੱਕ ਸ੍ਰੀ ਰਹਿਰਾਸ ਸਾਹਿਬ ਅਤੇ 6:25 ਤੋਂ 7:00 ਵਜੇ ਤੱਕ 350 ਬੀਬੀਆਂ ਸਮੂਹ ਇਸਤਰੀ ਸਤਿਸੰਗ ਜਥੇ ਕੀਰਤਨ ਕਰਨਗੀਆਂ।

7:00 ਵਜੇ ਤੋਂ 7:40 ਵਜੇ ਤੱਕ ਭਾਈ ਗੁਰਮੀਤ ਸਿੰਘ ਸ਼ਾਤ ਹਜ਼ੂਰੀ ਕੀਰਤਨੀਏ, ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰਨਗੇ। 7:40 ਵਜੇ ਤੋਂ 8:20. ਤੱਕ ਭਾਈ ਸ਼ੁਭਦੀਪ ਸਿੰਘ ਜੀ ਹਜ਼ੂਰੀ ਕੀਰਤਨੀਏ, ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰਨਗੇ। 8:20 ਵਜੇ ਤੋਂ 9:00 ਤੱਕ ਭਾਈ ਮਨਿੰਦਰ ਸਿੰਘ ਜੀ ਹਜ਼ੂਰੀ ਕੀਰਤਨੀਏ, ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰਨਗੇ ਇਸ ਤੋਂ ਇਲਾਵਾ 9:00 ਵਜੇ ਤੋਂ 9:30 ਵਜੇ ਤੱਕ ਪੰਥਕ ਵਿਚਾਰਾਂ ਕੀਤੀਆਂ ਜਾਣਗੀਆਂ। 9:30 ਵਜੇ ਤੋਂ 10:30 ਤੱਕ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ ਕੀਰਤਨ ਕਰਨਗੇ ਅਤੇ 10:30 ਵਜੇ ਤੋਂ 11:30 ਤੱਕ ਭਾਈ ਸਰਬਜੀਤ ਸਿੰਘ ਜੀ ਪਟਨਾ ਸਾਹਿਬ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਤੋਂ ਅਰਦਾਸ ਤੋਂ ਬਾਅਦ ਸਮਾਪਤੀ ਹੋਵੇਗੀ।

# ਕਮਿਸ਼ਨਰ ਵੱਲੋਂ ਬਾਇਓ ਰੀਮੀਡੇਸ਼ਨ ਪ੍ਰੋਜੈਕਟ ਸਾਈਟ ਅਤੇ ਗਊਸ਼ਾਲਾ ਦਾ ਦੌਰਾ, ਕੰਮ ਵਿੱਚ ਤੇਜ਼ੀ ਦੇ ਨਿਰਦੇਸ਼



**ਪਟਿਆਲਾ, 24 ਨਵੰਬਰ**
**-ਨਿਊਜ਼ਲਾਈਨ ਐਕਸਪ੍ਰੈਸ-**

ਨਗਰ ਨਿਗਮ ਪਟਿਆਲਾ ਦੇ ਕਮਿਸ਼ਨਰ ਸ਼੍ਰੀ ਪਰਮਜੀਤ ਸਿੰਘ ਨੇ ਅੱਜ ਸ਼ਹਿਰ ਦੇ ਵਿਕਾਸ ਅਤੇ ਸਫ਼ਾਈ ਪ੍ਰਬੰਧਨ ਨਾਲ ਸੰਬੰਧਤ ਗਤੀਵਿਧੀਆਂ ਦੀ ਸਮੀਖਿਆ ਕਰਨ ਲਈ ਬਾਇਓ ਰੀਮੀਡੇਸ਼ਨ ਪ੍ਰੋਜੈਕਟ ਸਾਈਟ ਦਾ ਮੌਕਾ ਮੁਆਇਨਾ ਕੀਤਾ। ਦੌਰੇ ਦੌਰਾਨ ਉਨ੍ਹਾਂ ਨੇ ਅਧਿਕਾਰੀਆਂ ਅਤੇ ਤਕਨੀਕੀ ਟੀਮ ਨਾਲ ਵਿਚਾਰ-ਵਟਾਂਦਰਾ ਕਰਦਿਆਂ ਪ੍ਰੋਜੈਕਟ ਦੇ ਚੱਲ ਰਹੇ ਕੰਮ ਦੀ ਪ੍ਰਗਤੀ ਬਾਰੇ ਜਾਣਕਾਰੀ ਲਈ। ਪਰਮਜੀਤ ਸਿੰਘ ਨੇ ਕਿਹਾ ਕਿ ਕੱਚਰੇ ਦੀ ਵਿਗਿਆਨਕ ਨਿਪਟਾਰਾ ਪ੍ਰਣਾਲੀ ਹੀ ਭਵਿੱਖ ਦਾ ਹੱਲ ਹੈ ਅਤੇ ਇੱਥੇ ਲਗਾਇਆ ਗਿਆ ਬਾਇਓ ਰੀਮੀਡੇਸ਼ਨ ਮਾਡਿਊਲ ਪਟਿਆਲਾ ਨੂੰ ਸਵੱਛ ਅਤੇ ਪ੍ਰਦੂਸ਼ਣ-ਰਹਿਤ ਬਣਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਏਗਾ।

ਕਮਿਸ਼ਨਰ ਨੇ ਵੱਖ-ਵੱਖ ਕੰਮਾਂ ਦਾ ਜਾਇਜ਼ਾ ਲਿਆ ਜਿਸ ਵਿੱਚ ਕੱਚਰੇ ਦੀ ਵਰਗੀਕਰਨ ਪ੍ਰਕਿਰਿਆ, ਮਸ਼ੀਨਰੀ ਦੀ ਸਥਿਤੀ, ਰੋਜ਼ਾਨਾ ਨਿਕਾਸੀ, ਅਤੇ ਵਰਕਰਾਂ ਦੀ ਡਿਊਟੀ ਰੋਸਟਰ ਸ਼ਾਮਲ ਸੀ। ਉਨ੍ਹਾਂ ਨੇ ਖਾਸ ਤੌਰ 'ਤੇ ਕਿਹਾ ਕਿ ਕੱਚਰੇ ਦੇ ਪਹਾੜ ਇੱਕ ਵੱਡੀ ਚੁਣੌਤੀ ਹਨ, ਅਤੇ ਟੀਮ ਨੂੰ ਪ੍ਰੋਜੈਕਟ ਦੀ ਰਫ਼ਤਾਰ ਹੋਰ ਵਧਾਉਣੀ ਚਾਹੀਦੀ ਹੈ ਤਾਂ ਜੋ ਮੈਦਾਨੀ ਪੱਧਰ 'ਤੇ ਤੇਜ਼ ਨਤੀਜੇ ਸਾਹਮਣੇ ਆ ਸਕਣ। ਇਸ ਦੇ ਨਾਲ ਹੀ ਸਾਈਟ 'ਤੇ ਸੁਰੱਖਿਆ ਅਤੇ ਸਫ਼ਾਈ ਦੇ ਮਿਆਰਾਂ ਨੂੰ ਹੋਰ ਮਜ਼ਬੂਤ ਬਣਾਉਣ ਦੇ ਨਿਰਦੇਸ਼ ਵੀ ਜਾਰੀ ਕੀਤੇ ਗਏ। ਦੌਰੇ ਦੇ ਦੂਜੇ ਪੜਾਅ ਵਿੱਚ ਕਮਿਸ਼ਨਰ ਪਰਮਜੀਤ ਸਿੰਘ ਨੇ ਸ਼ਹਿਰ ਦੀ ਗਊਸ਼ਾਲਾ ਦਾ ਦੌਰਾ ਕੀਤਾ। ਉਨ੍ਹਾਂ ਨੇ ਗਊਸ਼ਾਲਾ ਪ੍ਰਬੰਧਕਾਂ ਨਾਲ ਮੀਟਿੰਗ ਕਰਕੇ ਚਾਰੇ-ਪਾਣੀ, ਸਫ਼ਾਈ, ਦਵਾਈ ਅਤੇ ਰਹਿਣ ਦੀ ਸਹੂਲਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਲਈ। ਪਸ਼ੂਆਂ ਦੀ ਸੇਵਾ ਨੂੰ ਮਨੁੱਖਤਾ ਦੀ ਸੇਵਾ ਦੱਸਦਿਆਂ ਉਨ੍ਹਾਂ ਨੇ ਕਿਹਾ ਕਿ ਗਊਸ਼ਾਲਾ ਵਿੱਚ ਬੇਘਰ, ਬਿਮਾਰ ਅਤੇ ਜ਼ਖ਼ਮੀ ਪਸ਼ੂਆਂ ਦੀ ਸੰਭਾਲ ਲਈ ਪੂਰਾ ਧਿਆਨ ਦਿੱਤਾ ਜਾਵੇ। ਲਾਪਰਵਾਹੀ ਜਾਂ ਕਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਦੌਰੇ ਦੇ ਅੰਤ 'ਤੇ ਕਮਿਸ਼ਨਰ ਨੇ ਕਿਹਾ ਕਿ ਸ਼ਹਿਰ ਦੀ ਸਫ਼ਾਈ, ਵਾਤਾਵਰਣ ਸੁਰੱਖਿਆ ਅਤੇ ਪਸ਼ੂ ਕਲਿਆਣ ਸਥਾਈ ਵਿਕਾਸ ਦੇ ਲਈ ਜ਼ਰੂਰੀ ਹਨ ਅਤੇ ਨਗਰ ਨਿਗਮ ਇਹਨਾਂ ਮੋਰਚਿਆਂ 'ਤੇ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਟੀਮ ਨੂੰ ਮਿਲ-ਜੁਲ ਕੇ ਕੰਮ ਕਰਨ ਅਤੇ ਸ਼ਹਿਰਵਾਸੀਆਂ ਨੂੰ ਸਾਫ਼ ਅਤੇ ਹਰੇ-ਭਰੇ ਪਟਿਆਲਾ ਲਈ ਸਹਿਯੋਗ ਦੇਣ ਦੀ ਅਪੀਲ ਕੀਤੀ।

# ਮੇਅਰ ਵੱਲੋਂ ਏ-ਟੈਂਕ ਸਥਿਤ ਵਾਟਰ ਸਪਲਾਈ ਦਫ਼ਤਰ ਵਿੱਚ ਅਚਨਚੇਤ ਚੈਕਿੰਗ, ਹਾਜ਼ਰੀ ਅਤੇ ਸਟੋਰ ਦੀ ਵਿਸਥਾਰ ਨਾਲ ਜਾਂਚ

**ਪਟਿਆਲਾ, 24 ਨਵੰਬਰ**
**-ਨਿਊਜ਼ਲਾਈਨ ਐਕਸਪ੍ਰੈਸ-**

ਨਗਰ ਨਿਗਮ ਪਟਿਆਲਾ ਦੇ ਮੇਅਰ ਸ਼੍ਰੀ ਕੁੰਦਨ ਗੋਗੀਆ ਨੇ ਅੱਜ ਸਵੇਰੇ ਸ਼ਹਿਰ ਦੀਆਂ ਮੂਲ ਸੁਵਿਧਾਵਾਂ ਅਤੇ ਪਾਣੀ ਸਪਲਾਈ ਪ੍ਰਣਾਲੀ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਨ ਲਈ ਏ-ਟੈਂਕ ਵਿਖੇ ਸਥਿਤ ਵਾਟਰ ਸਪਲਾਈ ਦਫ਼ਤਰ ਦਾ ਅਚਨਚੇਤ ਨਿਰੀਖਣ ਕੀਤਾ।

ਮੇਅਰ ਗੋਗੀਆ ਨੇ ਸਭ ਤੋਂ ਪਹਿਲਾਂ ਕਰਮਚਾਰੀਆਂ ਦੀ ਹਾਜ਼ਰੀ ਰਜਿਸਟਰ ਦੀ ਜਾਂਚ ਕੀਤੀ ਅਤੇ ਡਿਊਟੀ 'ਤੇ ਮੌਜੂਦ ਸਟਾਫ਼ ਅਤੇ ਗੈਰ-ਹਾਜ਼ਰ ਕਰਮਚਾਰੀਆਂ ਦੀ ਵਿਸਥਾਰ ਨਾਲ ਲਿਸਟ ਤਿਆਰ ਕਰਨ ਦੇ ਨਿਰਦੇਸ਼ ਜਾਰੀ ਕੀਤੇ।

ਦੌਰੇ ਦੌਰਾਨ ਉਨ੍ਹਾਂ ਨੇ ਸਟੋਰ ਸੈਕਸ਼ਨ ਦੀ ਖ਼ਾਸ ਜਾਂਚ ਕੀਤੀ, ਜਿਸ ਵਿੱਚ ਪਾਣੀ ਸਪਲਾਈ ਨਾਲ ਜੁੜੇ ਸਮਾਨ, ਮਸ਼ੀਨਰੀ, ਪਾਈਪ, ਮੁਰੰਮਤ ਸਮੱਗਰੀ ਅਤੇ ਰਿਕਾਰਡ ਰਜਿਸਟਰਾਂ ਦੀ ਉਪਲਬਧਤਾ ਦੀ ਤਸਦੀਕ ਕੀਤੀ। ਮੇਅਰ ਨੇ ਕਿਹਾ ਕਿ ਪਾਣੀ ਸਪਲਾਈ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨਾਲ ਸਿੱਧੀ ਤਰ੍ਹਾਂ ਜੁੜੀ ਸੇਵਾ ਹੈ, ਇਸ ਲਈ ਰਿਕਾਰਡ, ਸਟਾਕ ਅਤੇ ਮੁਰੰਮਤ ਪ੍ਰਣਾਲੀ ਵਿੱਚ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਘੁੰਮ-ਘੁੰਮ ਕੇ ਹਰ ਸੈਕਸ਼ਨ ਦੀ ਜਾਂਚ ਕੀਤੀ ਅਤੇ ਕਈ ਮਹੱਤਵਪੂਰਨ ਨਿਰਦੇਸ਼ ਦਫ਼ਤਰੀ ਕਰਮਚਾਰੀਆਂ ਨੂੰ ਸਿੱਧੇ ਤੌਰ 'ਤੇ ਜਾਰੀ ਕੀਤੇ।



ਇਸ ਮੌਕੇ ਮੇਅਰ ਗੋਗੀਆ ਨੇ ਕਿਹਾ ਕਿ ਜਨਤਾ ਨੂੰ ਨਿਰੰਤਰ ਅਤੇ ਪਾਰਦਰਸ਼ੀ ਪਾਣੀ ਸਪਲਾਈ ਪ੍ਰਦਾਨ ਕਰਨਾ ਨਗਰ ਨਿਗਮ ਦੀ ਪਹਿਲੀ ਪ੍ਰਾਥਮਿਕਤਾ ਹੈ। ਸ਼ਿਕਾਇਤਾਂ, ਲਾਈਨ ਲੀਕੇਜ਼ ਅਤੇ ਮੁਰੰਮਤ ਕਾਰਜਾਂ ਵਿੱਚ ਦੇਰੀ ਬਰਦਾਸ਼ਤ ਨਹੀਂ ਹੋਵੇਗੀ। ਉਨ੍ਹਾਂ ਨੇ ਜਿੱਥੇ ਲੋੜ ਹੋਵੇ, ਤੁਰੰਤ ਕਾਰਵਾਈ ਕਰਨ ਅਤੇ ਜਨਤਾ ਨੂੰ ਸਹੂਲਤਾਂ ਸੁਨਿਸ਼ਚਿਤ ਬਣਾਉਣ ਲਈ ਕਰਮਚਾਰੀਆਂ ਨੂੰ ਚੇਤਾਵਨੀ ਜਾਰੀ ਕੀਤੀ।

ਦੌਰੇ ਦੇ ਅੰਤ 'ਤੇ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਸਥਾਨਾਂ 'ਤੇ ਵੀ ਅਚਨਚੇਤ ਚੈਕਿੰਗ ਹੋਵੇਗੀ ਤਾਂ ਜੋ ਸੇਵਾਵਾਂ ਨੂੰ ਮਜ਼ਬੂਤ ਅਤੇ ਬੇਹਤਰ ਬਣਾਇਆ ਜਾ ਸਕੇ। ਮੇਅਰ ਨੇ ਅਪਰਾਧਿਕ ਲਾਪਰਵਾਹੀ ਪਾਏ ਜਾਣ 'ਤੇ ਕਾਰਵਾਈ ਦੇ ਸੰਕੇਤ ਵੀ ਦਿੱਤੇ।

# 'ਯੁੱਧ ਨਸ਼ਿਆਂ ਵਿਰੁੱਧ': 268ਵੇਂ ਦਿਨ, ਪੰਜਾਬ ਪੁਲਿਸ ਨੇ 87 ਨਸ਼ਾ ਤਸਕਰਾਂ ਨੂੰ 304 ਗ੍ਰਾਮ ਹੈਰੋਇਨ, 1 ਕਿਲੋ ਅਫੀਮ ਸਮੇਤ ਕੀਤਾ ਗ੍ਰਿਫ਼ਤਾਰ

## 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ 30 ਵਿਅਕਤੀਆਂ ਨੂੰ ਨਸ਼ਾ ਛੁਡਾਊ ਇਲਾਜ ਲਈ ਕੀਤਾ ਰਾਜ਼ੀ

**ਚੰਡੀਗੜ੍ਹ, 25 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਵਿਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਚਲਾਈ ਜਾ ਰਹੀ ਮੁਹਿੰਮ ਯੁੱਧ ਨਸਿ ?ਆਂ ਵਿਰੁੱਧ ਦੇ ਲਗਾਤਾਰ 268ਵੇਂ ਦਿਨ ਪੰਜਾਬ ਪੁਲਿਸ ਨੇ ਸੋਮਵਾਰ ਨੂੰ 325 ਥਾਵਾਂ 'ਤੇ ਛਾਪੇਮਾਰੀ ਕੀਤੀ ਜਿਸ ਦੌਰਾਨ ਸੂਬੇ ਭਰ ਵਿੱਚ 87 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਨ ਉਪਰੰਤ 67 ਐਫਆਈਆਰ ਦਰਜ ਕੀਤੀਆਂ ਗਈਆਂ। ਇਸ ਦੇ ਨਾਲ, 268 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ ਹੁਣ 37,875 ਹੋ ਗਈ ਹੈ।

ਛਾਪੇਮਾਰੀ ਦੇ ਨਤੀਜੇ ਵਜੋਂ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਚੋਂ 304 ਗ੍ਰਾਮ ਹੈਰੋਇਨ, 1 ਕਿਲੋ ਅਫੀਮ, 484 ਨਸ਼ੀਲੀਆਂ ਗੋਲੀਆਂ ਅਤੇ 2910 ਰੁਪਏ ਦੀ ਡਰੱਗ ਮਨੀ ਬਰਾਮਦ ਹੋਈ ਹੈ।

ਜਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸਿ ?ਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ -ਕਮੇਟੀ ਦਾ ਗਠਨ ਵੀ ਕੀਤਾ ਹੈ।

68 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 900 ਤੋਂ ਵੱਧ ਪੁਲਿਸ ਮੁਲਾਜ਼ਮਾਂ ਦੀ ਨਫ਼ਰੀ ਵਾਲੀਆਂ 100 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 325 ਥਾਵਾਂ ਤੇ ਛਾਪੇਮਾਰੀ ਕੀਤੀ। ਪੁਲਿਸ ਟੀਮਾਂ ਨੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 335 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸੂਬਾ ਸਰਕਾਰ ਨੇ ਰਾਜ ਵਿੱਚੋਂ ਨਸਿ ?ਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡਡਕਸ਼ਨ ਐਂਡ ਪ੍ਰੀਵੈਨਸ਼ਨ - ਲਾਗੂ ਕੀਤੀ ਹੈ, 'ਨਸ਼ਾ ਮੁਕਤੀ' ਦੇ ਹਿੱਸੇ ਵਜੋਂ ਪੰਜਾਬ ਪੁਲਿਸ ਨੇ ਅੱਜ 30 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਸਨਾਤਨ ਸੇਵਾ ਸਮਿਤੀ ਵੱਲੋਂ ਪੰਜਾਬ ਦੇ ਜ਼ੋਨ ਦਾ ਵਿਸਥਾਰ ਕਰਨ 'ਤੇ ਕੀਤੀਆਂ ਗਈਆਂ ਨਿਯੁਕਤੀਆਂ



**ਲੁਧਿਆਣਾ, 25 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨਾਤਨ ਸੇਵਾ ਸਮਿਤੀ ਵੱਲੋਂ ਪੰਜਾਬ ਵਿੱਚ ਸੰਗਠਨ ਦੇ ਵਿਸਥਾਰ ਦੇ ਤਹਿਤ ਮਹੱਤਵਪੂਰਨ ਨਿਯੁਕਤੀਆਂ ਕੀਤੀਆਂ ਗਈਆਂ। ਰਾਸ਼ਟਰੀ ਪ੍ਰਧਾਨ ਵਿਜੇ ਸ਼ਰਮਾ ਦੀ ਅਗਵਾਈ ਹੇਠ ਆਯੋਜਿਤ ਮੀਟਿੰਗ ਦੌਰਾਨ ਵਿਧਾਇਕ ਮਦਨ ਲਾਲ ਬੱਗਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਪੰਜਾਬ ਸਰਕਾਰ ਸਨਾਤਨ ਭਾਈਚਾਰੇ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ।

ਇਸ ਮੀਟਿੰਗ ਵਿੱਚ ਮਾਲਵਾ ਜ਼ੋਨ 1 ਦੇ ਸੰਗਠਨ ਜਨਰਲ ਸਕੱਤਰ ਵਜੋਂ ਵਰੁਣ ਮਹਿਤਾ ਦੀ ਨਿਯੁਕਤੀ ਸਮੇਤ ਕਈ ਹੋਰ ਮਹੱਤਵਪੂਰਨ ਜ਼ੋਨਲ ਇੰਚਾਰਜਾਂ ਅਤੇ ਕੋਆਰਡੀਨੇਟਰਾਂ ਦੇ ਨਾਮ ਘੋਸ਼ਿਤ ਕੀਤੇ ਗਏ। ਵਿਜੇ ਸ਼ਰਮਾ ਨੇ ਸਨਾਤਨ ਸੱਭਿਆਚਾਰ ਦੇ ????, ਇਤਿਹਾਸਕ ਸਥਾਨਾਂ ਦੇ ਸੁੰਦਰੀਕਰਨ ਅਤੇ ਬੇਅਦਬੀ ਵਿਰੋਧੀ ਕਾਨੂੰਨ ਵਿੱਚ ਸਨਾਤਨ ਗ੍ਰੰਥਾਂ ਨੂੰ ਸ਼ਾਮਲ ਕਰਨ ਦੀ ਮੰਗ ਉੱਠਾਈ।

ਵਰੁਣ ਮਹਿਤਾ ਨੇ ਘੋਸ਼ਣਾ ਕੀਤੀ ਕਿ ਹਫਤਾਵਾਰੀ ਹਨੂੰਮਾਨ ਚਾਲੀਸਾ ਪਾਠ ਰਾਹੀਂ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਕਰਕੇ ਸਨਾਤਨ ਮੁੱਲਾਂ ਨਾਲ ਜੋੜਨ ਦੀ ਮੁਹਿੰਮ ਚਲਾਈ ਜਾਵੇਗੀ।

ਸਮਾਰੋਹ ਵਿੱਚ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ, ਪੰਕਜ ਸ਼ਾਰਦਾ, ਅਜਿੰਦਰਾ ਕੌਰ, ਮਨੀਸ਼ਾ ਕਪੂਰ ਅਤੇ ਕਈ ਹੋਰ ਪ੍ਰਮੁੱਖ ਹਸਤੀਆਂ ਹਾਜ਼ਰ ਰਹੀਆਂ। ਪ੍ਰੋਗਰਾਮ ਦੀ ਸ਼ੁਰੂਆਤ ਪੰਡਿਤ ਕਰਨ ਸ਼ਾਸਤਰੀ ਵੱਲੋਂ ਮੰਤਰ ਜਾਪ ਅਤੇ ਦੀਵਾ ਜਗਾ ਕੇ ਕੀਤੀ ਗਈ।

# ਸਰਕਾਰਾਂ ਧਾਰਮਿਕ ਮਾਮਲਿਆਂ 'ਚ ਦਖ਼ਲ ਨਾ ਦੇਣ: ਅਕਾਲੀ ਦਲ



**ਚੰਡੀਗੜ੍ਹ, 25 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਨੇ ਕੇਂਦਰ ਅਤੇ ਵੱਖ-ਵੱਖ ਸੂਬਾ ਸਰਕਾਰਾਂ ਨੂੰ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਦਖ਼ਲ ਨਾ ਦੇਣ ਦੀ ਅਪੀਲ ਕੀਤੀ ਹੈ। ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਇਥੇ ਪਾਰਟੀ ਦਫ਼ਤਰ ਵਿੱਚ ਸ਼੍ਰੋਮਣੀ ਅਕਾਲੀ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਇਹ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਸਾਰਾ ਮੁਲਕ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਿਹਾ ਹੈ ਤਾਂ ਕੇਂਦਰ ਦੇ ਨਾਲ-ਨਾਲ ਬਿਹਾਰ, ਮਹਾਰਾਸ਼ਟਰ, ਦਿੱਲੀ, ਹਰਿਆਣਾ ਅਤੇ ਹੋਰ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਸਿੱਖ ਧਾਰਮਿਕ ਸੰਸਥਾਵਾਂ ਤੇ ਗੁਰਧਾਮਾਂ 'ਤੇ ਅਸਿੱਧੇ ਢੰਗ ਨਾਲ ਹਮਲੇ ਹੋ ਰਹੇ ਹਨ। ਜੇ ਸਰਕਾਰਾਂ ਦਖ਼ਲਅੰਦਾਜ਼ੀ ਬੰਦ ਕਰਦੀਆਂ ਹਨ ਤਾਂ ਇਹ ਗੁਰੂ ਤੇਗ ਬਹਾਦਰ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਸ੍ਰੀ ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਹੱਕਾਂ ਨੂੰ ਖੋਰਾ ਲਾਉਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਕੇਂਦਰ ਨੂੰ ਅਜਿਹੀਆਂ ਚਾਲਾਂ ਵਿੱਚ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਚੰਡੀਗੜ੍ਹ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਸੀ ਅਤੇ ਇਹ ਪੰਜਾਬ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇਣ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਵਿੱਚ ਜ਼ਿਲ੍ਹਾ ਪਰਿਸ਼ਦ ਤੇ ਬਲਾਕ ਸਮਿਤੀ ਚੋਣਾਂ ਪਾਰਟੀ ਇਕੱਲਿਆਂ ਹੀ ਲੜੇਗੀ। ਪਾਰਟੀ ਨੇ ਉਮੀਦਵਾਰਾਂ ਦੀ ਚੋਣ ਲਈ ਜ਼ਿਲ੍ਹਾ ਪੱਧਰ 'ਤੇ ਟੀਮਾਂ ਦਾ ਗਠਨ ਕਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਵੱਲੋਂ ਪੰਚਾਇਤੀ ਚੋਣਾਂ ਵਾਂਗ ਇਨ੍ਹਾਂ ਚੋਣਾਂ ਵਿੱਚ ਵੀ ਧੱਕੇਸ਼ਾਹੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ਪਰ ਪਾਰਟੀ ਧੱਕੇਸ਼ਾਹੀ ਦਾ ਡਟ ਕੇ ਸਾਹਮਣਾ ਕਰੇਗੀ। ਪਾਰਟੀ ਨੇ ਵਕੀਲਾਂ ਦੀਆਂ ਵਿਸ਼ੇਸ਼ ਟੀਮਾਂ ਬਣਾਈਆਂ ਹਨ, ਜਿਨ੍ਹਾਂ ਵੱਲੋਂ 'ਆਪ' ਦੀ ਧੱਕੇਸ਼ਾਹੀ ਵਿਰੁੱਧ ਕਾਨੂੰਨੀ ਲੜਾਈ ਲੜੀ ਜਾਵੇਗੀ।

# ਕੋਚ ਪ੍ਰਵੇਜ਼ ਜੋਸ਼ੀ ਨੂੰ 2025 ਦੇ ਸੰਵਿਧਾਨ ਰਤਨ ਐਵਾਰਡ ਨਾਲ ਸਨਮਾਨਤ

## ਅੰਤਰ ਰਾਸ਼ਟਰੀ ਪੱਧਰ 'ਤੇ ਸ਼ੂਟਿੰਗ ਦੇ ਖਿਡਾਰੀ ਪੈਦਾ ਕਰਨਾ ਵੱਡਾ ਕਾਰਜ: ਚੀਫ ਜਸਟਿਸ ਕੇ. ਜੀ. ਬਾਲਕ੍ਰਿਸ਼ਨ



**ਪਟਿਆਲਾ, 25 ਨਵੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਬੈਸਟ ਸ਼ੂਟਰਜ਼ ਸ਼ੂਟਿੰਗ ਅਕੈਡਮੀ ਦੇ ਕੋਚ ਪ੍ਰਵੇਜ਼ ਜੋਸ਼ੀ ਨੂੰ 2025 'ਸੰਵਿਧਾਨ ਰਤਨ' ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਲਿਹਾਜ਼ਾ ਕਾਂਸਟੀਚਿਊਸ਼ਨ ਕਲੱਬ ਆਫ ਇੰਡੀਆ ਨਵੀਂ ਦਿੱਲੀ ਵੱਲੋਂ ਨੈਸ਼ਨਲ ਪੱਧਰ 'ਤੇ ਇੱਕ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਣ ਵਾਲੇ ਵਿਅਕਤੀਆਂ ਨੂੰ ਸਨਮਾਨਤ ਕਰਨ ਦੀ ਰਸਮ ਅਦਾ ਕੀਤੀ ਗਈ। ਇਸ ਸਮਾਗਮ ਵਿਚ ਦੇਸ਼ ਦੇ 37ਵੇਂ ਚੀਫ ਜਸਟਿਸ ਆਫ ਇੰਡੀਆ ਕੇ. ਜੀ. ਬਾਲ ਕ੍ਰਿਸ਼ਨ, ਭਾਜਪਾ ਦੇ ਵਾਈਸ ਪ੍ਰਧਾਨ ਸ਼ਿਆਮ ਜਾਜੂ, ਸ੍ਰੀ 1008 ਮਹੰਤ ਕ੍ਰਿਸ਼ਨ ਦੇਵ ਆਨੰਦ ਸਰਸਵਤੀ ਮਹਾਰਾਜ, ਸ੍ਰੀ ਵੇਦ ਸਤਿਆ ਪ੍ਰਕਾਸ਼, ਦਿੱਲੀ ਦੇ ਏ. ਸੀ. ਪੀ. ਆਦਿ ਹੋਰ ਕਈ ਸਖਸ਼ੀਅਤਾਂ ਨੇ ਹਾਜ਼ਰੀ ਭਰੀ। ਜਿਥੇ ਪਟਿਆਲਾ ਦੇ ਰਫਲ, ਪਿਸਟਲ ਸ਼ੂਟਿੰਗ ਤੋਂ ਇਲਾਵਾ ਟਰੈਡੀਸ਼ਨਲ ਆਰਚਰੀ ਵਿਚ ਅੰਤਰ ਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕਰਨ ਵਾਲੇ ਕੋਚ ਪ੍ਰਵੇਜ਼ ਜੋਸ਼ੀ ਨੂੰ 2025 ਸੰਵਿਧਾਨ ਰਤਨ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਜੋ ਕਿ ਪਟਿਆਲਵੀਆਂ ਲਈ ਵੱਡੇ ਮਾਣ ਵਾਲੀ ਗੱਲ ਹੈ। ਉਥੇ ਹੀ ਚੀਫ ਜਸਟਿਸ ਆਫ ਇੰਡੀਆ ਕੇ. ਜੀ. ਬਾਲਕ੍ਰਿਸ਼ਨ ਨੇ ਕਿਹਾ ਕਿ ਅਜਿਹੇ ਕੋਚਾਂ ਦੀ ਬਦੌਲਤ ਪਿਛਲੇ 6 ਸਾਲ ਤੋਂ ਵੱਧ ਉਮਰ ਵਾਲੇ ਬ-ੱਚਿਆਂ ਨੂੰ ਅਜਿਹੀਆਂ ਰਵਾਇਤੀ ਖੇਡਾਂ ਰਾਹੀਂ ਅੰਤਰ ਰਾਸ਼ਟਰੀ ਪੱਧਰ ਤੱਕ ਪਹੁੰਚਾਉਣਾ ਦੇਸ਼ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਜੋਸ਼ੀ ਵਰਗੇ ਕੋਚ ਦੇ ਨਕਸ਼ੇ ਕਦਮਾਂ 'ਤੇ ਹੋਰਨਾਂ ਵਿਅਕਤੀਆਂ ਨੂੰ ਵੀ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਸਮੇਂ ਸਮੇਂ 'ਤੇ ਚੰਗੇ ਖਿਡਾਰੀ ਪੈਦਾ ਕੀਤਾ ਜਾ ਸਕਣ। ਇਸ ਮੌਕੇ ਕੋਚ ਪ੍ਰਵੇਜ਼ ਜੋਸ਼ੀ ਨੇ ਸੰਸਥਾ ਅਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਛੋਟੀ ਉਮਰ ਤੋਂ ਲੈ ਕੇ ਵੱਡੀ ਉਮਰ ਦੇ ਬੱਚਿਆਂ ਨੂੰ ਖੇਡਣ ਦਾ ਉਪਰਾਲਾ ਲਗਾਤਾਰ ਜਾਰੀ ਰਹੇਗਾ।

# ਖੱਟੜਾ ਨੇ ਪਰਿਵਾਰ ਸਮੇਤ ਨਗਰ ਕੀਰਤਨ ਦਾ ਕੀਤਾ ਨਿੱਘਾ ਸਵਾਗਤ

**ਪਟਿਆਲਾ, 25 ਨਵੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਪਟਿਆਲਾ ਦੇ ਦਿਹਾਤੀ ਹਲਕੇ ਚ ਪੈਂਦੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ ਸ਼ੋਹ ਪ੍ਰਾਪਤ ਗੁਰਦੁਆਰਾ ਸਾਹਿਬਾਨਾਂ ਵਿਖੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਛਤਰ ਛਾਇਆ ਹੇਠ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਜਿੱਥੇ ਸੰਗਤਾਂ ਭਾਰੀ ਗਿਣਤੀ ਵਿੱਚ ਨਗਰ ਕੀਰਤਨ ਦਾ ਫੁੱਲਾਂ ਦੀ ਵਰਖਾ ਨਾਲ ਸਵਾਗਤ ਕਰ ਰਹੀਆਂ ਸਨ ਉੱਥੇ ਹੀ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਨਗਰ ਕੀਰਤਨ ਦਾ ਪਹੁੰਚ ਕੇ ਤੇ ਜਿੱਥੇ ਸਵਾਗਤ ਕੀਤਾ ਉਥੇ ਹੀ ਨਤਮਸਤਕ ਵੀ ਹੋਏ ਇਸੇ ਅਨੁਸਾਰ ਗੁਰਦੁਆਰਾ ਰੋਹਟਾ ਸਾਹਿਬ ਵਿਖੇ ਪਹੁੰਚੇ ਨਗਰ ਕੀਰਤਨ ਦਾ ਪਟਿਆਲਾ ਦਿਹਾਤੀ ਹਲਕੇ ਤੋਂ



ਭਾਜਪਾ ਦੇ ਸੀਨੀਅਰ ਆਗੂ ਐਡਵੋਕੇਟ ਸਤਬੀਰ ਸਿੰਘ ਖੱਟੜਾ ਨੇ ਪਰਿਵਾਰ ਸਮੇਤ ਪੁੱਜ ਕੇ ਨਗਰ ਕੀਰਤਨ ਦਾ ਨਿੱਘਾ ਸਵਾਗਤ ਕੀਤਾ ਅਤੇ ਨਤਮਸਤਕ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਇਸ ਮੌਕੇ ਐਡਵੋਕੇਟ ਖੱਟੜਾ ਨੇ ਕਿਹਾ ਕਿ ਦੁਨੀਆ ਭਰ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਿੱਥੇ 350ਵਾਂ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਤੇ ਉਤਸਾਹ ਨਾਲ ਮਨਾਇਆ ਜਾ ਰਿਹਾ ਹੈ ਉੱਥੇ ਹੀ ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਜੀ ਭਾਈ ਦਿਆਲਾ ਜੀ ਜੀ ਦਾ ਦਿਹਾੜਾ ਵੀ ਬੜੀ ਸ਼ਰਧਾ ਨਾਲ ਸੰਗਤਾਂ ਵੱਲੋਂ ਮਨਾਇਆ ਜਾ ਰਿਹਾ ਹੈ ਉੱਥੇ ਹੀ ਸੰਗਤਾਂ ਵੱਲੋਂ ਵੀ ਵੱਖ-ਵੱਖ ਪ੍ਰੋਗਰਾਮ ਦਾ ਆਯੋਜਨ ਕਰਕੇ 350ਵਾਂ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ।

# ਸ਼ਰਾਬ ਦੀਆਂ 11 ਬੋਤਲਾਂ ਸਮੇਤ ਔਰਤ ਪੁਲਿਸ ਅੜਿੱਕੇ ਮਾਮਲਾ ਦਰਜ

**ਘੱਗਾ, 25 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਘੱਗਾ ਪੁਲਸ ਨੇ ਇੱਕ ਔਰਤ ਨੂੰ ਸ਼ਰਾਬ ਦੀਆਂ 11 ਬੋਤਲਾਂ ਸਮੇਤ ਗਿਰਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ।

ਜਾਣਕਾਰੀ ਅਨੁਸਾਰ ਥਾਣਾ ਘੱਗਾ ਦੇ ਇੰਚਾਰਜ ਗਗਨਦੀਪ ਸਿੰਘ ਦੀ ਅਗਵਾਈ ਹੇਠ ਸਹਾਇਕ ਥਾਣੇਦਾਰ ਸੇਵਕ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਦਫ਼ਤਰੀ ਵਾਲਾ ਨਜ਼ਦੀਕ ਮੌਜੂਦ ਸੀ। ਜਿਥੇ ਉਨ੍ਹਾਂ ਇੱਕ ਔਰਤ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਚੈੱਕ ਕਰਨ 'ਤੇ ਉਸ ਪਾਸੋਂ 11 ਬੋਤਲਾਂ ਸ਼ਰਾਬ ਠੇਕਾ ਦੇਸੀ ਮਾਰਕਾ ਪੰਜਾਬ ਮੋਟਾ ਸੰਤਰਾ ਬਰਾਮਦ ਕਰਕੇ ਗਿਰਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।

ਕਥਿਤ ਦੋਸ਼ਣ ਦੀ ਪਛਾਣ ਗੁਰਮੀਤ ਕੌਰ ਵਾਸੀ ਪਿੰਡ ਡਰੌਲੀ ਥਾਣਾ ਘੱਗਾ ਵਜੋਂ ਹੋਈ ਹੈ।

ਪੁਲਸ ਨੇ ਦੋਸ਼ਣ ਖਿਲਾਫ ਮੁਕੱਦਮਾ ਨੰਬਰ 141, ਮਿਤੀ 23-11-2025, ਐਕਸਾਈਜ਼ ਐਕਟ ਦੀ ਧਾਰਾ 61/1/14 ਅਧੀਨ ਥਾਣਾ ਘੱਗਾ ਵਿਖੇ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਰਬ ਸਾਂਝੇ ਰਹਿਬਰ
# ਸ੍ਰੀ ਗੁਰੂ ਨਾਨਕ ਦੇਵ ਜੀ



ਐਡਵੋਕੇਟ ਹਰਜਿੰਦਰ ਸਿੰਘ ਧਾਮੀ
ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸ੍ਰੀ ਗੁਰੂ ਨਾਨਕ ਦੇਵ ਜੀ ਮਨੁੱਖਤਾ ਦੇ ਸਰਬ-ਸਾਂਝੇ ਗੁਰੂ ਹਨ। ਆਪ ਦੀ ਵਿਚਾਰਧਾਰਾ ਤੇ ਉਪਦੇਸ਼ਾਂ ਦਾ ਆਧਾਰ ਅਧਿਆਤਮਿਕ, ਸਮਾਜਿਕ ਤੇ ਭਾਵਨਾਤਮਕ ਏਕਤਾ ਹੈ। ਆਪ ਨੇ ਆਪਣੀ ਪਾਵਨ ਗੁਰਬਾਣੀ ਅੰਦਰ ਜੀਵਨ ਦੇ ਹਰ ਪੱਖ ਨਾਲ ਸਬੰਧਤ ਭਾਰਤੀ ਦਰਸ਼ਨ 'ਚ ਪ੍ਰਚਲਿਤ ਕਦਰਾਂ-ਕੀਮਤਾਂ ਦੀ ਪੜਚੋਲ ਕਰਨ ਤੋਂ ਬਾਅਦ ਇਨ੍ਹਾਂ ਨੂੰ ਨਵੇਂ ਸਿਰਿਉਂ ਸੰਗਠਿਤ ਕੀਤਾ। ਇਸੇ ਲਈ ਭਾਰਤੀ ਦਰਸ਼ਨ ਦੇ ਇਤਿਹਾਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਵੇਕਲਾ ਤੇ ਪ੍ਰਥਮ ਸਥਾਨ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਕਰਮਕਾਂਡ ਤੋਂ ਵੱਖ ਕਰ ਕੇ ਸਮਾਜ ਵਿਚ ਧਰਮ ਦਾ ਸਹੀ ਸਥਾਨ ਨਿਸ਼ਚਿਤ ਕੀਤਾ ਅਤੇ ਧਰਮ ਤੇ ਸਮਾਜ ਦੀ ਇਕ-ਦੂਜੇ 'ਤੇ ਪਰਸਪਰ ਨਿਰਭਰਤਾ ਨੂੰ ਸਪਸ਼ਟ ਕੀਤਾ। ਇਹ ਇਸ ਲਈ ਵੱਡੇ ਅਰਥ ਰੱਖਦਾ ਹੈ ਕਿਉਂਕਿ ਉਸ ਸਮੇਂ ਧਰਮ ਦੀਆਂ ਧਾਰਨਾਵਾਂ ਨਾਲ ਕਰਮਕਾਂਡ ਸਹਿਵਨ ਹੀ ਜੋੜੇ ਜਾ ਰਹੇ ਸਨ। ਉਨ੍ਹਾਂ ਭਾਰਤੀ ਸਮਾਜ ਦੀਆਂ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰ ਕੇ ਉਨ੍ਹਾਂ ਦੇ ਢੁਕਵੇਂ, ਸਾਵੇਂ ਤੇ ਸਪਸ਼ਟ ਹੱਲ ਦੱਸੇ। ਭਾਰਤੀ ਧਾਰਮਿਕ ਖੇਤਰ ਤੇ ਧਰਮ ਦਰਸ਼ਨ ਵਿਚ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਅਜਿਹੇ ਯਤਨ ਕਿਸੇ ਹੋਰ ਨੇ ਕੀਤੇ ਹੋਣ ਇਸ ਦੀਆਂ ਉਦਾਹਰਣਾਂ ਨਾਮਾਤਰ ਹਨ। ਗੁਰੂ ਸਾਹਿਬ ਦੀ ਬਾਣੀ ਪੜ੍ਹਿਆਂ ਤੇ ਵਿਚਾਰਿਆਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਧਾਰਮਿਕ ਸਰੋਕਾਰਾਂ ਦੇ ਨਾਲ-ਨਾਲ ਸਮਾਜਿਕ, ਆਰਥਿਕ, ਰਾਜਨੀਤਿਕ, ਵਿਗਿਆਨਕ, ਵਿਉਪਾਰਕ ਆਦਿ ਹਰ ਖੇਤਰ 'ਚ ਮੁਕੰਮਲ ਸੇਧ ਦੇ ਕੇ ਮਨੁੱਖ ਦੀ ਹੋਣੀ ਸੰਵਾਰਨ ਲਈ ਸੁਚੱਜੀ ਜੀਵਨ ਜਾਂਚ ਦਿੱਤੀ।

ਗੁਰੂ ਸਾਹਿਬ ਤੋਂ ਪਹਿਲਾਂ ਭਾਰਤੀ ਦਰਸ਼ਨ ਵਿਚ ਦੂਸਰੇ ਦੀ ਵਿਚਾਰਧਾਰਾ ਨੂੰ ਰੱਦ ਕਰ ਕੇ ਆਪਣਾ ਮਤ ਸਥਾਪਿਤ ਕਰਨ ਦੀ ਪਿਰਤ ਸਮਾਜ ਲਈ ਬੜੀ ਘਾਤਕ ਸੀ ਪਰ ਜਦੋਂ ਅਸੀਂ ਗੁਰੂ ਸਾਹਿਬ ਦੀ ਬਾਣੀ ਪੜ੍ਹਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਗੁਰੂ ਸਾਹਿਬ ਨੇ ਦੂਸਰੇ ਦੀ ਵਿਚਾਰਧਾਰਾ ਨੂੰ ਰੱਦ ਕਰਨ 'ਤੇ ਹੀ ਜ਼ੋਰ ਨਹੀਂ ਦਿੱਤਾ ਸਗੋਂ ਆਪਣੇ ਢੰਗ ਨਾਲ ਉਸ ਦੀ ਵਿਆਖਿਆ ਕਰ ਕੇ ਸਹੀ ਦਿਸ਼ਾ ਵੀ ਪ੍ਰਦਾਨ ਕੀਤੀ। ਉਨ੍ਹਾਂ ਜੋਗੀ, ਸੰਨਿਆਸੀ, ਵੈਸ਼ਨਵ, ਸ਼ੈਵ, ਨਾਥ-ਪੰਥੀ, ਸਿੱਧ, ਪੀਰ ਆਦਿ ਸਭ ਵਿਚ ਜਿੱਥੇ ਕਿਤੇ ਕਮਜ਼ੋਰੀ ਦੇਖੀ, ਉੱਥੇ ਆਲੋਚਨਾ ਦੇ ਨਾਲ-ਨਾਲ ਸਹੀ ਮਾਰਗ ਦਰਸ਼ਨ ਵੀ ਕੀਤਾ। ਉਨ੍ਹਾਂ ਵੱਖ-ਵੱਖ ਧਰਮਾਂ ਦੇ ਅਗੂਆਂ ਨਾਲ ਕੀਤੀਆਂ ਗੋਸਟੀਆਂ ਵਿਚ ਹਰੇਕ ਦੇ ਸਵਾਲਾਂ ਦੇ ਜਵਾਬ ਦਿੱਤੇ। ਇਸ ਤਰ੍ਹਾਂ ਗੁਰੂ ਸਾਹਿਬ ਇਕ ਸੰਤੁਲਿਤ ਦਾਰਸ਼ਨਿਕ ਦੇ ਰੂਪ ਵਿਚ ਪ੍ਰਗਟ ਹੋਏ, ਜਿਸ ਦੀ ਭਾਰਤੀ ਧਰਮ ਦਰਸ਼ਨ 'ਚ ਘਾਟ ਸੀ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਵਿਚਾਰਦਿਆਂ ਸੱਜਰੀ ਰੌਸ਼ਨੀ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਸਾਹਿਬ ਨੇ ਊਚ-ਨੀਚ ਤੇ ਜਾਤ-ਪਾਤ ਦੇ ਵਿਤਕਰੇ ਦੀ ਨਿਖੇਧੀ ਕੀਤੀ। ਇਸ ਤੋਂ ਵੀ ਅਗਲੀ ਗੱਲ ਕਿ ਇਸ ਨੂੰ ਧਰਮ ਦੀਆਂ ਧਾਰਨਾਵਾਂ ਵਜੋਂ ਲੋਕਾਂ 'ਤੇ ਠੋਸਿਆਂ ਜਾ ਰਿਹਾ ਸੀ। ਗੁਰੂ ਸਾਹਿਬ ਨੇ ਇਸ ਨੂੰ ਮੂਲੋਂ ਨਕਾਰਿਆ ਤੇ ਮਨੁੱਖੀ ਬਰਾਬਰੀ ਨੂੰ ਪ੍ਰਧਾਨਤਾ ਦਿੱਤੀ। ਗੁਰੂ ਸਾਹਿਬ ਨੇ ਕੇਵਲ ਸਮਾਜ ਨੂੰ ਹੀ ਉਪਦੇਸ਼ ਹੀ ਨਹੀਂ ਕੀਤਾ, ਸਗੋਂ ਇਸ 'ਤੇ ਆਪ ਵੀ ਅਮਲੀ ਰੂਪ 'ਚ ਪਹਿਰਾ ਦਿੱਤਾ। ਆਪ ਫ਼ੁਰਮਾਉਂਦੇ ਹਨ :

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*

ਗੁਰੂ ਸਾਹਿਬ ਨੇ ਇਸਤਰੀ ਦੇ ਹੱਕ ਵਿਚ ਵੀ ਅਵਾਜ਼ ਉਠਾਈ। ਅਸਲ ਵਿਚ ਉਸ ਸਮੇਂ ਹਿੰਦੁਸਤਾਨੀ ਸਮਾਜ ਵਿਚ ਇਸਤਰੀ ਦੀ ਦਸ਼ਾ ਬੜੀ ਮਾੜੀ ਸੀ। ਆਪ ਨੇ ਇਸਤਰੀ ਦੇ ਸਨਮਾਨ ਨੂੰ ਹਕੀਕੀ ਤੌਰ 'ਤੇ ਬਹਾਲ ਕਰਦਿਆਂ ਆਪਣੇ ਪੰਥ ਵਿਚ ਮਰਦ ਦੇ ਬਰਾਬਰ ਖੜ੍ਹਾ ਕੀਤਾ। ਇਸ ਸਬੰਧੀ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਫ਼ੁਰਮਾਇਆ :

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥*

ਗੁਰੂ ਨਾਨਕ ਦੇਵ ਜੀ ਨੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ, ਨਾਮ ਜਪਣ, ਸੱਚੀ-ਸੁੱਚੀ ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ। ਗੁਰੂ ਪਾਤਸ਼ਾਹ ਦੇ ਉਪਦੇਸ਼ਾਂ 'ਚੋਂ 'ਸਰਬੱਤ ਦੇ ਭਲੇ' ਦੀ ਭਾਵਨਾ ਉਜਾਗਰ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਹੀ ਨਹੀਂ ਸਗੋਂ ਸਮੁੱਚੀ ਮਨੁੱਖਤਾ ਦੇ ਸੱਚੇ ਮਾਰਗ-ਦਰਸ਼ਕ ਸਨ, ਜਿਨ੍ਹਾਂ ਨੇ ਭਰਮ-ਭੁਲੇਖਿਆਂ 'ਚ ਭਟਕ ਰਹੀ ਲੋਕਾਈ ਨੂੰ ਸਹੀ ਰਸਤਾ ਦਿਖਾ ਕੇ ਪਰਮਾਰਥ ਦੇ ਰਾਹ ਤੋਰਿਆ। ਉਨ੍ਹਾਂ ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਦੀ ਪ੍ਰਥਾ ਕਾਇਮ ਕੀਤੀ ਅਤੇ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜੋ ਸਦੀਵੀ ਸੇਧ ਦੇਣ ਵਾਲੇ ਹਨ।

ਗੁਰੂ ਨਾਨਕ ਦੇਵ ਜੀ ਨੇ ਬਾਣੀ ਅੰਦਰ ਮਨੁੱਖ ਦੀ ਮੁਕੰਮਲ ਘਾੜਤ ਘੜਦਿਆਂ ਧਰਮ-ਕਰਮ ਤੇ ਆਚਾਰ-ਵਿਹਾਰ ਨਾਲ ਸਬੰਧਤ ਭਾਰਤੀ ਦਰਸ਼ਨ 'ਚ ਪ੍ਰਚਲਿਤ ਕਦਰਾਂ-ਕੀਮਤਾਂ ਨੂੰ ਨਵੇਂ ਸਿਰਿਉਂ ਸੰਗਠਿਤ ਕੀਤਾ। ਕਈ ਕਦਰਾਂ-ਕੀਮਤਾਂ ਨੂੰ ਤਿਆਗਿਆ, ਕਈਆਂ ਦੇ ਨਕਸ਼ ਤਰਾਸ਼ੇ ਤੇ ਕਈ ਨਵੇਂ ਰਾਹ ਦਿਖਾਏ। ਇਸ ਤਰ੍ਹਾਂ ਗੁਰੂ ਸਾਹਿਬ ਦੀ ਦਾਰਸ਼ਨਿਕ ਵਿਚਾਰਧਾਰਾ ਭਾਰਤੀ ਦਰਸ਼ਨ ਦੇ ਸੰਦਰਭ 'ਚ ਨਿਵੇਕਲੀ ਤੇ ਕਾਰਗਰ ਸਿੱਧ ਹੁੰਦੀ ਹੈ। ਬਹੁਪੱਖੀ ਸ਼ਖ਼ਸੀਅਤ ਤੇ ਵਿਸ਼ਾਲ ਪ੍ਰਤਿਭਾ ਦੇ ਮਾਲਕ ਹੋਣ ਕਰਕੇ ਆਪ ਧਰਮ ਦਰਸ਼ਨ ਸ਼ਾਸਤਰ ਦੇ ਖੇਤਰ ਵਿਚ ਵੀ ਵਿਲੱਖਣ ਤੇ ਮਹਾਨ ਕ੍ਰਾਂਤੀ ਦੇ ਜਨਮਦਾਤਾ ਸਨ। ਗੁਰੂ ਸਾਹਿਬ ਦੀ ਵਿਚਾਰਧਾਰਾ ਤੇ ਉਪਦੇਸ਼ਾਂ ਨੇ ਲੋਕਾਂ ਨੂੰ ਉਸਾਰੂ ਜੀਵਨ ਜਾਚ ਦੇ ਸਨਮੁੱਖ ਕੀਤਾ। ਇਹੀ ਕਾਰਨ ਸੀ ਕਿ ਗੁਰੂ ਸਾਹਿਬ ਦੇ ਵਿਚਾਰਾਂ ਨੂੰ ਲੋਕਾਂ ਨੇ ਪ੍ਰਵਾਨ ਕੀਤਾ।

ਅਖ਼ੀਰ 'ਚ ਕਹਾਂਗਾ ਕਿ ਗੁਰੂ ਸਾਹਿਬ ਦੀ ਵਿਚਾਰਧਾਰਾ ਸਦਾ ਨਿਵੇਕਲੀ ਹੈ, ਜਿਸ ਨੂੰ ਸਿੱਖਾਂ ਤੋਂ ਇਲਾਵਾ ਦੁਨੀਆ ਭਰ ਦੇ ਹਰ ਧਰਮ, ਵਰਗ, ਫ਼ਿਰਕੇ ਨਾਲ ਸਬੰਧਤ ਲੋਕ ਸਤਿਕਾਰਦੇ ਹਨ ਤੇ ਅਗਾਂਹ ਵੀ ਸਤਿਕਾਰਦੇ ਰਹਿਣਗੇ। •

# ਗੁਰੂ ਨਾਨਕ ਦੇਵ ਜੀ ਦਾ ਵਿਅਕਤਿਤਵ



> ਗੁਰੂ ਨਾਨਕ ਦੇਵ ਜੀ ਨੇ ਕੁੱਲ ਦੁਨੀਆ ਨੂੰ ਤਾਰਿਆ। ਦੁਨੀਆ 'ਚ ਉਨ੍ਹਾਂ ਨੂੰ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਸ੍ਰੀਲੰਕਾ ਵਿਚ ਨਾਨਕ ਅਚਾਰਿਆ, ਤਿੱਬਤ 'ਚ ਨਾਨਕ ਲਾਮਾ, ਸਿੱਕਮ 'ਚ ਗੁਰੂ ਰਿੰਮਪੋਚੀਆ, ਨੇਪਾਲ 'ਚ ਨਾਨਕ ਰਿਸ਼ੀ, ਬਗਦਾਦ 'ਚ ਨਾਨਕ ਪੀਰ, ਮੱਕਾ 'ਚ ਵਲੀ ਹਿੰਦ, ਮਿਸਰ 'ਚ ਨਾਨਕ ਵਲੀ, ਇਰਾਕ ਵਿਚ ਬਾਬਾ ਨਾਨਕ ਆਦਿ...

ਵਿਸ਼ੇਸ਼



ਪ੍ਰੋ. ਨਵਰੂਪ ਕੌਰ ਮਾਗੋ
98784-55044

ਗੁਰੂ ਨਾਨਕ ਦੇਵ ਜੀ ਇਕ ਮਹਾਨ ਧਰਮ-ਸੁਧਾਰਕ, ਮਹਾਨ ਦੇਸ਼ ਭਗਤ, ਨਖਿੱਧ ਪਰੰਪਰਾਵਾਂ ਦੇ ਵਿਰੋਧੀ ਤੇ ਪ੍ਰਭਾਵਸ਼ਾਲੀ ਯੁੱਗ ਪੁਰਸ਼ ਹਨ। ਉਨ੍ਹਾਂ ਦੀ ਬਾਣੀ ਵਿਸ਼ਾਲ ਜੀਵਨ ਤਜਰਬੇ ਤੇ ਅਧਿਐਨ, ਅਧਿਆਤਮਕ ਰਸ ਨਾਲ ਭਰਪੂਰ ਅਥਾਹ ਸਾਗਰ ਦੀ ਤਰ੍ਹਾਂ ਹੈ, ਜਿਸ ਦੀ ਥਾਹ ਪਾ ਸਕਣਾ ਮਨੁੱਖੀ ਬੁੱਧੀ ਖੇਤਰ ਤੋਂ ਬਾਹਰ ਹੈ। ਭਾਈ ਗੁਰਦਾਸ ਜੀ ਨੇ ਉਨ੍ਹਾਂ ਦੇ ਜਨਮ ਬਾਰੇ ਲਿਖਦੇ ਹਨ :

*ਸਤਿਗੁਰੂ ਨਾਨਕ ਪਰਗਟਿਆ*
*ਮਿਟੀ ਧੁੰਦ ਜਗ ਚਾਨਣ ਹੋਆ॥*
*ਜਿਉ ਕਰ ਸੂਰਜ ਨਿਕਲਿਆ*
*ਤਾਰੇ ਛਪਿ ਅੰਧੇਰ ਪਲੋਆ॥*

ਉਸ ਵੇਲੇ ਧਾਰਮਿਕ ਵਹਿਮ-ਭਰਮ, ਸਮਾਜਿਕ ਅਧੋਗਤੀ, ਸੱਭਿਆਚਾਰਕ ਗਿਰਾਵਟ, ਆਰਥਿਕ ਮੰਦਹਾਲੀ ਤੇ ਰਾਜਨੀਤਿਕ ਅਨਿਆਂ ਸਿਖ਼ਰ 'ਤੇ ਸਨ। ਧਰਮ 'ਖੰਭ' ਲਾ ਕੇ ਉੱਡ ਗਿਆ ਸੀ। ਧਾਰਮਿਕ ਆਗੂ 'ਸਿੱਧ' ਮਾਤ ਲੋਕ ਨੂੰ ਛੱਡ ਕੇ ਸੁਮੇਰ ਪਰਬਤ 'ਤੇ ਜਾ ਲੁਕੇ ਸਨ ਤੇ ਕਾਜ਼ੀ 'ਰਿਸ਼ਵਤੀ' ਹੋ ਚੁੱਕੇ ਸਨ। ਸਮਾਜ ਦੋ ਭਾਗਾਂ 'ਚ ਵੰਡਿਆ ਹੋਇਆ ਸੀ - ਹਿੰਦੂ ਤੇ ਮੁਸਲਮਾਨ। ਹਿੰਦੂ ਊਚ-ਨੀਚ ਦੇ ਆਧਾਰ 'ਤੇ ਆਪਸ 'ਚ ਪਾਟੇ ਹੋਏ ਸਨ। ਮੁਸਲਮਾਨ ਹਾਕਮ ਵਰਗ ਵਿੱਚੋਂ ਸਨ ਪਰ ਇਨ੍ਹਾਂ ਵਿਚ ਕੇਵਲ ਰਾਜ-ਕਾਜ ਨਾਲ ਸਬੰਧਤ ਮੌਲਵੀ ਹੀ ਸੁਖੀ ਸਨ, ਬਾਕੀ ਤਾਂ ਜੂਨ ਭੋਗ ਰਹੇ ਸਨ। ਹਿੰਦੂ ਆਪਣੇ ਸੱਭਿਆਚਾਰ ਨੂੰ ਭੁੱਲ ਕੇ 'ਅਭਾਖਿਆ ਦਾ ਕੁੱਠਾ ਬੱਕਰਾ' ਖਾ ਰਹੇ ਸਨ। ਉਹ 'ਨੀਲੇ ਬਸਤਰ' ਪਾ ਕੇ ਤੇ ਫ਼ਾਰਸੀ ਬੋਲੀ ਬੋਲ ਕੇ ਰਾਜ ਦਰਬਾਰ 'ਚ ਪ੍ਰਵਾਨ ਹੋ ਰਹੇ ਸਨ। ਮਲਕ ਭਾਗੋ ਤੇ ਦੁਨੀ ਚੰਦ ਜਿਹੇ ਪੂੰਜੀਪਤੀ ਗ਼ਰੀਬਾਂ ਦਾ ਖ਼ੂਨ ਚੂਸ ਰਹੇ ਸਨ। 'ਰਾਜੇ ਸ਼ੀਂਹ' ਤੇ 'ਮੁਕੱਦਮ ਕੁੱਤੇ' ਬਣ ਚੁੱਕੇ ਸਨ। ਉਹ ਕਸਾਈ ਬਣ ਕੇ 'ਕਲ ਕਾਤੀ' ਦੁਆਰਾ ਜਨਤਾ ਦੇ ਗਲ਼ ਕੱਟ ਰਹੇ ਸਨ। ਅਜਿਹੀ ਹਾਲਤ ਨੂੰ ਗੁਰੂ ਸਾਹਿਬ ਨੇ ਅੰਤਰ ਧਿਆਨ ਹੋ ਕੇ ਵੇਖਿਆ :

*ਬਾਬਾ ਦੇਖੈ ਧਿਆਨ ਧਰਿ*
*ਜਲਤੀ ਸਭਿ ਪ੍ਰਿਥਵੀ ਦਿਸਿ ਆਈ॥* (ਭਾਈ ਗੁਰਦਾਸ ਜੀ)

ਗੁਰੂ ਸਾਹਿਬ ਦੇ ਖ਼ਾਨਦਾਨੀ ਖ਼ਾਕੇ ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਆਪ ਕੌਰਵਾਂ-ਪਾਂਡਵਾਂ ਦੇ ਵੇਲੇ ਰਾਜਾ ਭੋਜ ਦੇ ਖ਼ਾਨਦਾਨ ਵਿੱਚੋਂ ਸਨ। ਮਹਿਮੂਦ ਗਜ਼ਨਵੀ ਸਮੇਂ ਇਸ ਰਾਜੇ ਦੇ ਖ਼ਾਨਦਾਨ ਵਿੱਚੋਂ ਨਾਥ ਜੀ ਬੇਦੀ ਹੋਏ, ਜਿਨ੍ਹਾਂ ਦੇ ਸਪੁੱਤਰ ਰਾਮ ਨਰਾਇਣ ਬੇਦੀ ਦੇ ਘਰ ਸ਼ਿਵ ਰਾਮ ਦਾਸ ਜਨਮੇ। ਸ਼ਿਵ ਰਾਮ ਦਾਸ ਜੀ ਦੇ ਅੱਗੋਂ ਦੋ ਲੜਕੇ ਕਾਲੂ ਚੰਦ ਤੇ ਲਾਲੂ ਚੰਦ ਹੋਏ ਤੇ ਮਹਿਤਾ ਕਾਲੂ ਚੰਦ ਜੀ ਦੇ ਘਰ ਆਪ ਨੇ ਅਵਤਾਰ ਧਾਰਿਆ।

## ਮੁੱਢਲਾ ਜੀਵਨ

ਆਪ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਆਪ ਦੀ ਇਕ ਭੈਣ ਬੇਬੇ ਨਾਨਕੀ ਜੀ ਸਨ, ਜੋ ਆਪ ਨਾਲੋਂ 5 ਸਾਲ ਵੱਡੇ ਸੀ। ਆਪ ਨੇ ਛੋਟੀ ਉਮਰ 'ਚ ਹੀ ਆਪਣੇ ਅਧਿਆਪਕਾਂ ਪੰਡਤ ਗੁਪਾਲ ਦਾਸ (ਹਿੰਦੀ), ਪੰਡਤ ਬਿਰਧ ਨਾਥ (ਸੰਸਕ੍ਰਿਤ) ਤੇ ਮੌਲਵੀ ਕੁਤਬਦੀਨ (ਫ਼ਾਰਸੀ ਦੇ) ਨੂੰ ਅਦੁੱਤੀ ਪ੍ਰਤਿਭਾ ਦੁਆਰਾ ਹੈਰਾਨ ਕਰ ਦਿੱਤਾ। ਆਪ ਨੇ 9 ਸਾਲ ਦੀ ਉਮਰ ਵਿਚ ਪੰਡਤ ਹਰਦਿਆਲ ਨੂੰ ਜੀਵਨ-ਅੰਮ੍ਰਿਤ ਪ੍ਰਦਾਨ ਕਰਨ ਵਾਲੀ ਜਨੇਊ ਪਾਉਣ ਲਈ ਕਿਹਾ :

*ਦਇਆ ਕਪਾਹ, ਸੰਤੋਖ ਸੂਤ, ਜਤ ਗੰਢੀ, ਸਤ ਵਟ॥*
*ਏਹੁ ਜਨੇਊ ਜੀਆ ਕਾ, ਹਈ ਤਾਂ ਪਾਂਡੇ ਘੱਤੁ॥*

ਆਪ ਬਚਪਨ ਤੋਂ ਨਾਮ ਖ਼ੁਮਾਰੀ 'ਚ ਮਸਤ ਰਹਿਣ ਲੱਗੇ। ਮੱਝਾਂ ਚਰਦੀਆਂ ਰਹਿੰਦੀਆਂ, ਆਪ ਮਸਤ ਪਏ ਰਹਿੰਦੇ, ਸੱਪ ਛਾਂ ਕਰਦੇ ਤਾਂ ਜੋ ਆਪ ਨੂੰ ਧੁੱਪ ਦਾ ਤਾਅ ਨਾ ਲੱਗੇ। ਮੱਝਾਂ ਲੋਕਾਂ ਦੇ ਖੇਤ ਉਜਾੜਦੀਆਂ, ਆਪ ਨਿਰੰਕਾਰ ਨਾਲ ਲਿਵ ਲਾਈ ਰੱਖਦੇ, ਉਹੀ (ਨਿਰੰਕਾਰ) ਖੇਤਾਂ ਨੂੰ ਮੁੜ ਹਰਾ ਵੀ ਕਰ ਦੇਂਦਾ। ਆਪ ਦੀ ਵਧ ਰਹੀ ਵੈਰਾਗਮਈ ਅਵਸਥਾ ਨੂੰ ਨਾ ਸਮਝਦਿਆਂ ਵੈਦਾਂ ਨੇ ਦੁਆ-ਦਾਰੂ ਦੁਆਰਾ ਟਿੱਲ ਲਾਇਆ ਪਰ ਰੋਗ ਆਤਮਿਕ ਸੀ, ਸਰੀਰਕ ਹੁੰਦਾ ਤਾਂ ਦਵਾਈ ਕਾਟ ਕਰਦੀ। ਅੰਤ, ਆਪ ਨੂੰ ਬਟਾਲੇ ਦੇ ਬਾਬਾ ਮੂਲ ਚੰਦ ਦੀ ਲੜਕੀ ਨਾਲ ਵਿਆਹ ਦਿੱਤਾ ਗਿਆ। ਇਸ ਤਰ੍ਹਾਂ ਆਪ ਦੀ ਜ਼ਿੰਮੇਵਾਰੀ ਜ਼ਰੂਰ ਵਧ ਗਈ ਪਰ ਆਪ ਵਿਚ ਦੁਨੀਆਦਾਰੀ ਨਾ ਆਈ।

ਇਕ ਵਾਰ ਆਪ ਵੀਹ ਰੁਪਏ ਲੈ ਕੇ ਚੂਹੜਕਾਣੇ ਵਪਾਰ ਲਈ ਗਏ। ਰਸਤੇ 'ਚ ਭੁੱਖੇ ਸਾਧੂਆਂ ਨੂੰ ਖੁਆ ਕੇ ਸੱਚਾ-ਸੁੱਚਾ ਵਪਾਰ ਕਰ ਆਏ। ਆਪ ਦੇ ਘਰ ਦੋ ਸਾਹਿਬਜ਼ਾਦੇ- ਸ੍ਰੀਚੰਦ ਤੇ ਲਖਮੀ ਦਾਸ ਹੋਏ। ਆਪ ਨੂੰ ਭਾਈਆ ਜੈ ਰਾਮ ਜੀ ਦੇ ਕਹਿਣ 'ਤੇ ਨਵਾਬ ਦੌਲਤ ਖ਼ਾਨ ਦਾ ਮੋਦੀ ਬਣਾਇਆ ਗਿਆ। ਆਪ ਇੱਥੋਂ ਮਿਲਦੀ ਤਨਖ਼ਾਹ ਨਾਲ ਗੁਜ਼ਾਰਾ ਕਰਦੇ ਤੇ ਅਲੂਫ਼ੇ (ਕਟੌਤੀ) ਨੂੰ ਮੋਦੀਖ਼ਾਨੇ 'ਚ ਹੀ, ਗ਼ਰੀਬ ਗੁਰਬਿਆਂ ਨੂੰ ਦਾਨ ਦੇਣ ਲਈ ਪਿਆ ਰਹਿਣ ਦਿੰਦੇ। ਇਕ ਵਾਰੀ ਅਨਾਜ ਤੋਲਦੇ-ਤੋਲਦੇ ਜਦ ਤੇਰਾਂ ਦੀ ਧਾਰਨਾ 'ਤੇ ਪੁੱਜੇ ਤਾਂ ਆਪ ਦੀ ਸੁਰਤਿ 'ਤੇਰਾ-ਤੇਰਾ' ਕਰਨ ਲੱਗ ਪਈ। ਆਪ ਨੇ ਕਈ ਧਾਰਨਾ ਤੋਲ ਛੱਡੀਆਂ। ਦੋਖੀਆਂ ਨੇ ਸੁਲਤਾਨ ਅੱਗੇ ਸ਼ਿਕਾਇਤ ਕੀਤੀ। ਮੋਦੀਖ਼ਾਨੇ 'ਚ ਪਏ ਮਾਲ ਦੀ ਪੜਤਾਲ ਹੋਈ, ਮਾਲ ਵੱਧ ਨਿਕਲਿਆ ਕਿਉਂਕਿ ਅਲੂਫ਼ੇ ਦੀ ਜਿਨਸ ਵੀ ਵਿਚ ਹੀ ਪਈ ਹੋਈ ਸੀ। ਇਸ ਘਟਨਾ ਨੇ ਗੁਰੂ ਜੀ ਦੇ ਜੀਵਨ 'ਚ ਇਕ ਮੋੜ ਲਿਆਂਦਾ। ਆਪ ਨੇ ਵੇਈਂ 'ਚ ਇਸ਼ਨਾਨ ਲਈ ਟੁੱਭੀ ਮਾਰੀ, ਤਿੰਨ ਦਿਨ ਅਲੋਪ ਰਹੇ। ਮਾਨੋਂ, ਟੁੱਭੀ ਮਾਰਦਿਆਂ ਆਪ ਤੇ ਉਹ ਦਿਨ ਆਇਆ ਜੋ ਮਹਾਤਮਾ ਬੁੱਧ ਲਈ ਗਯਾ ਵਿਚ, ਹਜ਼ਰਤ ਮੂਸਾ ਹੁਰਾਂ ਲਈ ਕੋਹਤੂਰ ਤੇ ਹਜ਼ਰਤ ਈਸਾ ਲਈ ਦਰਿਆ ਜਾਰਡਨ 'ਤੇ ਆਇਆ ਸੀ।

ਗੁਰੂ ਨਾਨਕ ਦੇਵ ਜੀ ਸਬੰਧੀ ਅਨੇਕਾਂ ਗ੍ਰੰਥ ਰਚੇ ਗਏ ਪਰ ਉਨ੍ਹਾਂ ਦੇ ਵਿਅਕਤਿਤਵ ਨੂੰ ਸਮਝਣ ਲਈ, ਉਨ੍ਹਾਂ ਦੀ ਮਹਾਨਤਾ ਦੀ ਥਾਹ ਪਾਉਣ ਲਈ, ਉਨ੍ਹਾਂ ਦੀ ਬਾਣੀ 'ਚ ਆਏ ਰੂਪਕਾਂ ਦਾ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ। ਡਾ. ਕਾਲਾ ਸਿੰਘ ਬੇਦੀ ਪੁਸਤਕ 'ਗੁਰੂ ਨਾਨਕ ਭਾਸ਼ਾ' 'ਚ ਲਿਖਦੇ ਹਨ : "ਜੇ ਕ੍ਰਿਸ਼ਨ ਜੀ ਦੀ ਸੱਚੀ ਤਸਵੀਰ ਦੇਖਣੀ ਹੋਵੇ ਤਦ ਭਾਗਵਤ ਤੋਂ ਬਾਹਰ ਗੀਤਾ ਵਿਚ ਲੱਭਣੀ ਚਾਹੀਦੀ ਹੈ, ਇਵੇਂ ਹੀ ਸਤਿਗੁਰੂ ਦੀ ਸੱਚੀ ਤਸਵੀਰ ਆਪ ਜੀ ਦੀ ਬਾਣੀ ਵਿੱਚੋਂ ਢੂੰਡਣੀ ਚਾਹੀਦੀ ਹੈ।"

ਕਵੀ ਦਾ ਜੀਵਨ, ਉਸ ਸਮੇਂ ਦਾ ਸਮਾਜ, ਸਥਿਤੀਆਂ ਪਰਸਥਿਤੀਆਂ, ਕਵੀ ਦੇ ਸੰਸਕਾਰ, ਰੁਚੀਆਂ ਆਦਿ ਉਸ ਦੀ ਕਵਿਤਾ ਵਿਚਲੇ ਬਿੰਬਾਂ ਤੋਂ ਪ੍ਰਗਟ ਹੋ ਜਾਂਦੇ ਹਨ। ਬਿੰਬ-ਵਿਧਾਨ ਰਾਹੀਂ ਕਵੀ ਦਾ ਵਿਅਕਤਿਤਵ ਸਪਸ਼ਟ ਵੇਖਿਆ ਜਾ ਸਕਦਾ ਹੈ। ਗੁਰੂ ਸਾਹਿਬ ਦੇ ਬਿੰਬਾਂ 'ਚੋਂ ਉਨ੍ਹਾਂ ਦਾ ਵਿਅਕਤਿਤਵ ਸਪਸ਼ਟ ਝਲਕਦਾ ਹੈ। ਗੁਰੂ ਸਾਹਿਬ ਅਤਿਅੰਤ ਕਲਪਨਾਸ਼ੀਲ ਤੇ ਸੰਵੇਦਨਸ਼ੀਲ ਸਨ। ਉਹ ਸਥਾਨ ਤੇ ਮੌਕੇ ਮੁਤਾਬਿਕ ਢੁਕਵਾਂ ਬਿੰਬ ਸਿਰਜਣ 'ਚ ਸਫਲ ਹੋਏ। ਉਹ ਸਰਲ ਹਿਰਦੇ ਵਾਲੇ ਸਿੱਧ ਹਸਤ ਮਹਾਂਕਵੀ ਸਨ। ਉਨ੍ਹਾਂ ਦਾ ਬਚਪਨ ਪੇਂਡੂ ਆਲੇ-ਦੁਆਲੇ 'ਚ ਬੀਤਿਆ, ਸੋ ਪਿੰਡਾਂ ਦੇ ਦ੍ਰਿਸ਼ ਸਰੋਵਰ, ਮਛਲੀ, ਖੇਤ ਨਿਰਮਾਣ, ਬ੍ਰਿਛ ਬੂਟੇ, ਘਾਹ, ਅੰਬ, ਕੋਇਲ, ਚਾਤ੍ਰਿਕ ਆਦਿ ਦੀ ਵਰਤੋਂ ਉਨ੍ਹਾਂ ਦੀ ਬਾਣੀ ਸਿਰਜਣਾਂ ਦਾ ਆਪ ਮੁਹਾਰੇ ਹਿੱਸਾ ਬਣ ਗਈ। ਉਨ੍ਹਾਂ ਨੇ ਆਪਣੀ ਬਾਣੀ 'ਚ ਹਟਵਾਣੀਆਂ, ਕਿਸਾਨਾਂ, ਸ਼ਾਹੂਕਾਰਾਂ, ਪਟਵਾਰੀਆਂ, ਕਾਜ਼ੀਆਂ, ਲੁਹਾਰ, ਤਰਖਾਣ, ਸੁਨਾਰ, ਜੁਲਾਹੇ, ਘੁੰਮਿਆਰ ਤੇ ਪਾਂਧੇ ਪੰਡਤਾਂ ਦਾ ਵਰਨਣ ਕੀਤਾ ਹੈ। ਪ੍ਰਕਿਰਤੀ ਪ੍ਰਤੀ ਪਿਆਰ ਦਾ ਪ੍ਰਗਟਾਵਾ ਵੀ ਉਨ੍ਹਾਂ ਦੀ ਬਾਣੀ 'ਚ ਖ਼ੂਬ ਮਿਲਦਾ ਹੈ। ਡਾ. ਜੈ ਰਾਮ ਮਿਸ਼ਰ ਨੇ ਆਪਣੇ ਗ੍ਰੰਥ 'ਨਾਨਕ ਬਾਣੀ' 'ਚ ਇਸ ਇਸ ਗੱਲ ਦੀ ਪੁਸ਼ਟੀ ਕੀਤੀ ਹੈ :

"ਗੁਰੂ ਨਾਨਕ ਦੇਵ ਪ੍ਰਕਿਰਤੀ ਦੀ ਗੋਦ 'ਚ ਪਲੇ ਸਨ। ਇਸ ਲਈ ਪ੍ਰਕਿਰਤੀ ਦੇ ਪ੍ਰਤੀ ਉਨ੍ਹਾਂ ਦਾ ਮਹਾਨ ਆਕਰਸ਼ਣ ਸ਼ੀ। ਪ੍ਰਕਿਰਤੀ ਦੀ ਅਨੇਕ ਰੂਪਤਾ ਦੇ ਸਹਾਰੇ ਉਨ੍ਹਾਂ ਨੇ ਪਰਮਾਤਮਾ ਦੀ ਮਹੱਤਤਾ ਦਰਸਾਈ। ਉਸ 'ਹਰੀ' ਦੁਆਰਾ ਨਿਰਮਤਿ ਪ੍ਰਕਿਰਤੀ ਜਦ ਇਤਨੀ ਮੋਹਕ ਹੈ ਤਾਂ ਉਸ ਦਾ ਨਿਰਮਾਤਾ ਕਿਤਨਾ ਸੁੰਦਰ ਹੋਵੇਗਾ। ਇਹੀ ਕਾਰਨ ਹੈ ਕਿ ਵਿਸਤ੍ਰਿਤ ਨੀਲਾ ਆਕਾਸ਼ ਉਨ੍ਹਾਂ ਨੂੰ ਪ੍ਰਭੂ ਦੀ ਆਰਤੀ ਦੀ ਧੂਪ ਤੇ ਸਮੱਸਤ ਪੁਸ਼ਪ-ਰਾਸ਼ੀ ਉਸ ਆਰਤੀ ਦੇ ਨਿਮਿਤ ਪੁਸ਼ਪ ਹਨ। ਵਾਯੂ, ਨਦੀਆਂ, ਅਗਨੀ, ਪ੍ਰਿਥਵੀ, ਇੰਦਰ, ਧਰਮਰਾਜ, ਸੂਰਜ-ਚੰਦਰਮਾ, ਸਿੱਧ ਬੁੱਧ ਦੇਵਤਾਗਣ, ਆਕਾਸ਼ ਆਦਿ ਪਰਮਾਤਮਾ ਦੇ ਭੈਅ 'ਚ ਸਥਿਤ ਹਨ।"

ਜਿਸ ਦੌਰ 'ਚ ਗੁਰੂ ਜੀ ਰਹਿ ਰਹੇ ਸਨ, ਉਹ ਉੱਤਰੀ ਭਾਰਤ ਦੀ ਸਾਮੰਤੀ ਫੁੱਟ ਦਾ ਸਿਖ਼ਰ ਤੇ ਕੇਂਦਰਿਤ ਸਾਮੰਤੀ ਰਾਜ ਕਾਇਮ ਹੋਣ ਤੋਂ ਐਨ ਪਹਿਲਾਂ ਦਾ ਸਮਾਂ ਸੀ। ਰਾਜਸੀ ਸਥਿਰਤਾ ਦੀ ਅਣਹੋਂਦ ਸੀ। ਗੁਰੂ ਨਾਨਕ ਦੇਵ ਦੀ ਮਹਾਨ ਸੱਚੇ ਦੇਸ਼ ਭਗਤ ਸਨ। ਸੰਤ ਕਵੀਆਂ ਵਿੱਚੋਂ ਉਹੀ ਸਨ, ਜਿਨ੍ਹਾਂ ਨੇ ਨਿਧੜਕ ਹੋ ਕੇ ਦੇਸ਼ ਦੀ ਦੁਰਦਸ਼ਾ ਦਾ ਚਿਤ੍ਰਣ ਕੀਤਾ ਹੈ। ਦੇਸ਼ ਦੇ ਦੁਰਭਾਗ, ਅਤਿਆਚਾਰ, ਜ਼ਾਲਮ ਰਾਜਿਆਂ ਦੀ ਪਸ਼ੂ ਬਿਰਤੀ ਦਾ ਵਰਨਣ ਕੀਤਾ ਹੈ। ਬਾਬਰ ਦੇ ਹਮਲੇ, ਔਰਤਾਂ ਦੀ ਬੇਪਤੀ ਨੂੰ ਉਸ ਵੇਲੇ ਦੀਆਂ ਕੋਝੀਆਂ ਸਥਿਤੀਆਂ ਨੂੰ ਬੜੇ ਕਰੁਣਾਮਈ ਢੰਗ ਨਾਲ ਗੁਰੂ ਜੀ ਨੇ ਆਪਣੀ ਕਲਮ ਰਾਹੀਂ ਲਿਖਿਆ।

'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ' ਦੇਸ਼ ਭਗਤੀ ਦੇ ਜਜ਼ਬੇ ਨਾਲ ਭਰਪੂਰ ਅਜਿਹੀਆਂ ਪੰਕਤੀਆਂ ਹਨ, ਜਿਨ੍ਹਾਂ 'ਤੇ ਕੋਈ ਵੀ ਦੇਸ਼ ਭਗਤ ਮਾਣ ਕਰ ਸਕਦਾ ਹੈ। ਉਨ੍ਹਾਂ ਨੇ ਬਾਬਰ ਨੂੰ ਉਪਦੇਸ਼ ਦਿੱਤਾ ਤੇ ਦੇਸ਼ਵਾਸੀਆਂ ਨੂੰ ਨੈਤਿਕ ਕਦਰਾਂ-ਕੀਮਤਾਂ ਦੀ ਰਾਖੀ ਕਰਨ ਲਈ ਪ੍ਰੇਰਿਆ। ਗੁਰੂ ਜੀ ਦੇ ਮਨ ਵਿਚ 'ਮਾਤ ਬੋਲੀ' ਲਈ ਵੀ ਅਟੁੱਟ ਪਿਆਰ ਸੀ। ਉਹ ਜਾਣਦੇ ਸਨ ਕਿ ਉਹੀ ਕੌਮ ਜਿਊਂਦੀ ਰਹਿ ਸਕਦੀ ਹੈ, ਜਿਸ ਦਾ ਆਪਣੀ ਬੋਲੀ ਵਿਚ ਸਾਹਿਤ ਹੋਵੇ। ਗੁਰੂ ਜੀ ਨੇ ਸੰਸਕ੍ਰਿਤ ਪੜ੍ਹੇ ਹੋਣ ਦੇ ਬਾਵਜੂਦ ਲੋਕ ਹਿੱਤਾਂ ਤੇ ਦੇਸ਼ ਹਿੱਤਾਂ ਨੂੰ ਮੁੱਖ ਰੱਖ ਕੇ ਪੰਜਾਬੀ ਬੋਲੀ ਨੂੰ ਮਾਣ ਦਿੱਤਾ।

ਗੁਰੂ ਜੀ ਕ੍ਰਾਂਤੀਕਾਰੀ, ਦੂਰਦਰਸ਼ੀ, ਸਮਾਜ ਸੁਧਾਰਕ ਸਨ। ਉਨ੍ਹਾਂ ਨੇ ਬਰਾਬਰੀ ਦੀ ਗੱਲ ਕੀਤੀ, ਕੁਰੀਤੀਆਂ ਨੂੰ ਦੂਰ ਕੀਤਾ। ਉਨ੍ਹਾਂ ਵੱਲੋਂ ਸਭ ਤੋਂ ਸੋਹਣਾ ਵਿਚਾਰ ਲੋਕਾਂ ਦੀ ਬਰਾਬਰੀ ਦਾ ਐਲਾਨ ਸੀ, ਜਿਸ ਕਾਰਨ ਕਸ਼ਟ ਭੋਗ ਰਹੇ ਲੋਕ ਉਨ੍ਹਾਂ ਵੱਲ ਖਿੱਚੇ ਗਏ। ਉਨ੍ਹਾਂ ਦੀ ਮਾਨਵਵਾਦੀ ਸਿੱਖਿਆ ਨੇ ਸਾਮੰਤੀ ਅਨਿਆਂ, ਵਰਗ ਜ਼ਾਤ ਵੰਡ, ਪਿਛਾਂਹ ਖਿੱਚੂ ਕਾਨੂੰਨਾਂ ਖ਼ਿਲਾਫ਼ ਚੋਣਵਿਆਂ ਬੰਦਿਆਂ ਦੇ ਪੱਕੇ ਹੋ ਰਹੇ ਵਿਸ਼ੇਸ਼ ਅਧਿਕਾਰਾਂ ਤੇ ਲੱਖਾਂ ਲੋਕਾਂ ਦੀ ਤ੍ਰਿਸਕਾਰਿਤ ਹਾਲਤ ਖ਼ਿਲਾਫ਼ ਬਗ਼ਾਵਤ ਕੀਤੀ। ਉਨ੍ਹਾਂ ਨੇ ਔਰਤ ਨੂੰ ਸਮਾਜ ਵਿਚ ਗੌਰਵ ਤੇ ਸਨਮਾਨ ਦਿਵਾਇਆ। ਡਾ. ਜੈ ਰਾਮ ਮਿਸ਼ਰ ਅਨੁਸਾਰ ਮੱਧ-ਯੁੱਗ ਵਿਚ ਹਿੰਦੁਸਤਾਨ ਅੰਦਰ ਅਨੇਕ ਧਰਮ ਸੁਧਾਰਕ ਹੋਏ ਪਰ ਉਨ੍ਹਾਂ ਨੂੰ ਉਹ ਸਫਲਤਾ ਨਹੀਂ ਪ੍ਰਾਪਤ ਹੋਈ, ਜੋ ਗੁਰੂ ਨਾਨਕ ਦੇਵ ਜੀ ਨੂੰ ਹੋਈ।

ਗੁਰੂ ਜੀ ਦਾ ਜੀਵਨ ਤਜਰਬਾ ਬੇਹੱਦ ਵਿਸ਼ਾਲ ਸੀ। ਉਹ ਅਦਭੁੱਤ, ਸਾਹਸੀ, ਨਿਰਭੈ ਭਗਤ ਸਨ। ਆਪਣੇ ਮਿਸ਼ਨ ਦੇ ਪ੍ਰਚਾਰ ਲਈ ਉਨ੍ਹਾਂ ਨੇ ਹਿਮਾਲਾ ਦੀਆਂ ਬਰਫੀਲੀਆਂ ਚੋਟੀਆਂ ਤੇ ਅਰਬ ਦੇ ਰੇਗਿਸਤਾਨਾਂ ਨੂੰ ਆਪਣੇ ਚਰਨਾਂ ਨਾਲ ਪਵਿੱਤਰ ਕੀਤਾ। ਉਨ੍ਹਾਂ ਨੇ ਸਭ ਨੂੰ ਨਿਮਰਤਾ, ਮਿੱਠਤ, ਪ੍ਰੇਮ, ਤਿਆਗ ਤੇ ਕਰਮਯੋਗ ਦਾ ਪਾਠ ਪੜ੍ਹਾਇਆ। ਪਾਖੰਡਾਂ, ਦਿਖਾਵੇ, ਝੂਠ ਤੋਂ ਉਹ ਮੀਲਾਂ ਦੂਰ ਸਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਚੌਗਿਰਦੇ ਤੋਂ ਪ੍ਰਭਾਵਿਤ ਹੋ ਕੇ ਜੀਵਨ ਦੇ ਵਿਸ਼ਾਲ ਤਜਰਬਿਆਂ ਨੂੰ ਮਹਾਨ ਸੱਚਾਈ ਦੇ ਰੂਪ ਵਿਚ ਮਾਤ ਬੋਲੀ ਰਾਹੀਂ ਪ੍ਰਗਟ ਕੀਤਾ ਤੇ ਸਮੇਂ ਦੇ ਕੋਝਾਂ, ਕੁਰੀਤੀਆਂ, ਬੇਇਨਸਾਫ਼ੀਆਂ ਨੂੰ ਦੂਰ ਕਰ ਕੇ ਸਹੀ ਅਰਥਾਂ 'ਚ ਲੋਕਾਂ ਦੀ ਅਗਵਾਈ ਕੀਤੀ। ਦੇਸ਼ਾਂ ਦੇਸਾਂਤਰਾਂ ਦੇ ਭ੍ਰਮਣ ਤੇ ਆਮ ਲੋਕਾਂ ਦੇ ਮੇਲਜੋਲ ਨੇ ਗੁਰੂ ਜੀ ਨੂੰ ਪੂਰੀ ਦੁਨੀਆ 'ਚ ਹਰਮਨ ਪਿਆਰਾ ਬਣਾ ਦਿੱਤਾ। ਦੁਨੀਆ ਵਿਚ ਗੁਰੂ ਜੀ ਨੂੰ ਵੱਖ-ਵੱਖ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਸ੍ਰੀਲੰਕਾ ਵਿਚ ਨਾਨਕ ਅਚਾਰਿਆ, ਤਿੱਬਤ 'ਚ ਨਾਨਕ ਲਾਮਾ, ਸਿੱਕਮ 'ਚ ਗੁਰੂ ਰਿੰਮਪੋਚੀਆ, ਨੇਪਾਲ 'ਚ ਨਾਨਕ ਰਿਸ਼ੀ, ਬਗਦਾਦ 'ਚ ਨਾਨਕ ਪੀਰ, ਮੱਕਾ ਵਿਚ ਵਲੀ ਹਿੰਦ, ਮਿਸਰ ਵਿਚ ਨਾਨਕ ਵਲੀ, ਰੂਸ ਵਿਚ ਨਾਨਕ ਕਦਮਦਰ, ਇਰਾਕ ਵਿਚ ਬਾਬਾ ਨਾਨਕ ਆਦਿ, ਕਹਿਣ ਤੋਂ ਭਾਵ ਕਿ ਉਨ੍ਹਾਂ ਨੇ ਕੁੱਲ ਦੁਨੀਆ ਨੂੰ ਤਾਰਿਆ।

ਗੁਰੂ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਤੇ 'ਜਪੁਜੀ' ਸਾਹਿਬ ਦੀ ਬਾਣੀ ਅਧਿਆਤਮਿਕ ਕਵਿਤਾ ਵਿਚ ਸ਼ਾਹਕਾਰ ਮੰਨੀ ਜਾਂਦੀ ਹੈ। ਆਪ ਜੀ ਦੀ ਹੋਰ ਬਾਣੀ ਵਿਚ ਆਸਾ ਦੀ ਵਾਰ, ਸਿਧ ਗੋਸ਼ਟਿ, ਬਾਰਾਹਮਾਹ ਤੇ ਪੱਟੀ ਪ੍ਰਮੁੱਖ ਹਨ।

ਆਪ ਕਰਤਾਰਪੁਰ ਵਿਚ 1539 ਈਸਵੀ ਵਿਚ 70 ਸਾਲ 5 ਮਹੀਨੇ ਦੀ ਸੰਸਾਰਕ ਯਾਤਰਾ ਕਰ ਕੇ ਜੋਤੀ ਜੋਤ ਸਮਾਏ। ਆਪ ਜਿੱਥੇ ਹਿੰਦੂਆਂ ਦੇ ਗੁਰੂ ਸਨ, ਉੱਥੇ ਮੁਸਲਮਾਨਾਂ ਦੇ ਪੀਰ ਸਨ। ਆਪ ਸਰਬ-ਸਾਂਝੇ ਧਰਮ ਦੇ ਅਨੁਯਾਈ ਤੇ ਪ੍ਰਚਾਰਕ ਸਨ। ਗੁਰੂ ਜੀ ਦੀ ਰੂਹ ਪ੍ਰਭੂ ਭਗਤੀ ਨਾਲ ਓਤ ਪੋਤ ਸੀ। ਉਹ ਇਕ ਚੰਗੇ ਧਾਰਮਿਕ ਆਗੂ, ਮਹਾਨ ਚਿੰਤਕ, ਨਿਰਭੈ ਵਿਅਕਤੀ ਸਨ। ਉਨ੍ਹਾਂ ਦੀ ਦੇਣ ਧਾਰਮਿਕ, ਸਮਾਜਕ, ਰਾਜਨੀਤਿਕ ਖੇਤਰ ਵਿਚ ਮਹਾਨ ਹੈ। •

# ਸੁਲਤਾਨਪੁਰ ਲੋਧੀ ਦੇ ਇਤਿਹਾਸਕ ਗੁਰਦੁਆਰੇ





ਬਹਾਦਰ ਸਿੰਘ ਗੋਸਲ
98764-52223

ਸਿੱਖ ਇਤਿਹਾਸ ਵਿਚ ਸੁਲਤਾਨਪੁਰ ਲੋਧੀ ਦਾ ਵਿਲੱਖਣ ਸਥਾਨ ਹੈ। ਇਹ ਨਗਰ ਭਾਰਤ ਦੇ ਪੁਰਾਤਨ ਸ਼ਹਿਰਾਂ ਵਿੱਚੋਂ ਇਕ ਹੈ। ਇਸ ਦਾ ਪੁਰਾਣਾ ਨਾਂ ਸਰਵਮਾਨਪੁਰ ਸੀ, ਜਿਸ ਨੂੰ ਮਹਿਮੂਦ ਗਜ਼ਨਵੀ ਨੇ ਆਪਣੇ ਹੱਲਿਆਂ ਦੌਰਾਨ ਅੱਗ ਲਗਾ ਕੇ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ ਪਰ ਪੰਜਾਬ ਦੇ ਹਾਕਮ ਵਲੀ ਮੁਹੰਮਦ ਖ਼ਾਨ ਦੇ ਸ਼ਹਿਜ਼ਾਦੇ ਸੁਲਤਾਨ ਖ਼ਾਨ ਲੋਧੀ ਦੇ ਚੰਗੇ ਪ੍ਰਬੰਧਾਂ ਕਾਰਨ ਇਸ ਦਾ ਵਿਕਾਸ ਹੋਣ ਲੱਗਾ ਤੇ ਇਸ ਦਾ ਨਾਂ ਸੁਲਤਾਨਪੁਰ ਲੋਧੀ ਪੈ ਗਿਆ।

ਇਹ ਨਗਰ ਪੁਰਾਣੇ ਸਮਿਆਂ ਵਿਚ ਦਿੱਲੀ-ਲਾਹੌਰ ਮੁੱਖ ਮਾਰਗ 'ਤੇ ਸਥਿਤ ਹੋਣ ਕਾਰਨ ਵਪਾਰ ਦਾ ਵੱਡਾ ਕੇਂਦਰ ਸੀ। ਕਿਹਾ ਜਾਂਦਾ ਹੈ ਕਿ ਇਥੇ 32 ਬਾਜ਼ਾਰ ਤੇ 5600 ਦੁਕਾਨਾਂ ਸਨ ਤੇ ਇਹ ਅੱਠ ਮੀਲ ਰਕਬੇ 'ਚ ਫ਼ੈਲਿਆ ਸੀ। ਗੁਰੂ ਨਾਨਕ ਦੇਵ ਜੀ ਦੀ ਭੈਣ ਬੇਬੇ ਨਾਨਕੀ ਜੀ ਦਾ ਵਿਆਹ ਭਾਈ ਜੈ ਰਾਮ ਜੀ ਨਾਲ ਇਸੇ ਨਗਰ 'ਚ ਹੋਇਆ। ਜੈ ਰਾਮ ਜੀ ਨਵਾਬ ਦੌਲਤ ਖ਼ਾਨ ਲੋਧੀ ਦੇ ਆਲਾ ਅਧਿਕਾਰੀ ਸਨ। ਭਾਈਆ ਜੈ ਰਾਮ ਦੇ ਸੱਦੇ 'ਤੇ ਗੁਰੂ ਨਾਨਕ ਦੇਵ ਜੀ 1484 ਈਸਵੀ ਨੂੰ ਸੁਲਤਾਨਪੁਰ ਲੋਧੀ ਆਏ ਤੇ ਇਥੇ ਜੀਵਨ ਦੇ 14 ਸਾਲ ਤੋਂ ਵੱਧ ਸਮਾਂ ਬਤੀਤ ਕੀਤਾ। ਇਥੇ ਗੁਰੂ ਸਾਹਿਬ ਨੇ ਮੋਦੀਖ਼ਾਨੇ 'ਚ ਮੋਦੀ ਦਾ ਕੰਮ ਕੀਤਾ। ਗੁਰੂ ਨਾਨਕ ਦੇਵ ਜੀ ਦਾ ਵਿਆਹ 1487 ਵਿਚ ਬਟਾਲਾ ਵਿਖੇ ਮਾਤਾ ਸੁਲਖਣੀ ਜੀ ਨਾਲ ਹੋਇਆ। ਇਥੇ ਹੀ ਉਨ੍ਹਾਂ ਦੇ ਘਰ ਦੋ ਸਪੁੱਤਰਾਂ ਬਾਬਾ ਸ੍ਰੀਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਦਾ ਜਨਮ ਹੋਇਆ। ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਲੋਧੀ ਵਿਖੇ ਲੰਬਾ ਸਮਾਂ ਰਹਿਣ ਕਰਕੇ ਇਥੇ ਗੁਰੂ ਸਾਹਿਬ ਨਾਲ ਸਬੰਧਤ ਕਈ ਗੁਰਦੁਆਰੇ ਸੁਸ਼ੋਭਿਤ ਹਨ।

## ਗੁਰਦੁਆਰਾ ਸ੍ਰੀ ਬੇਰ ਸਾਹਿਬ

ਸੁਲਤਾਨਪੁਰ ਲੋਧੀ ਦਾ ਇਹ ਪ੍ਰਮੁੱਖ ਗੁਰਦੁਆਰਾ ਸਾਹਿਬ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਪਵਿੱਤਰ ਵੇਈਂ 'ਚ ਇਸ਼ਨਾਨ ਕਰ ਕੇ ਸਿਮਰਨ ਕਰਦੇ ਸਨ। ਬੇਰੀ ਦੀ ਦਾਤਨ ਜੋ ਗੁਰੂ ਜੀ ਨੇ ਨਦੀ ਕਿਨਾਰੇ ਗੱਡੀ ਸੀ ਉਹ ਅੱਜ ਬੇਰੀ ਦਾ ਬਹੁਤ ਵੱਡੇ ਰੁੱਖ ਦੇ ਰੂਪ 'ਚ ਇਥੇ ਮੌਜੂਦ ਹੈ। ਇਸੇ ਲਈ ਇਸ ਗੁਰਦੁਆਰਾ ਸਾਹਿਬ ਦਾ ਨੂੰ 'ਬੇਰ ਸਾਹਿਬ' ਆਖਦੇ ਹਨ। ਗੁਰੂ ਜੀ ਦੇ ਵੇਈਂ ਵਿਚ ਤਿੰਨ ਦਿਨ ਅਲੋਪ ਹੋਣ ਦੀ ਘਟਨਾ ਵੀ ਇਸ ਸਥਾਨ ਨਾਲ ਜੁੜੀ ਹੋਈ ਹੈ। ਇਸੇ ਗੁਰਦੁਆਰਾ ਸਾਹਿਬ ਅੰਦਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਦੇ ਬਿਲਕੁਲ ਹੇਠਾਂ ਭੋਰਾ ਸਾਹਿਬ ਹੈ, ਜਿੱਥੇ ਗੁਰੂ ਜੀ ਰੋਜ਼ਨਾ ਭਗਤੀ ਲਈ ਬੈਠਦੇ ਸਨ। ਇਸ ਤਪ ਅਸਥਾਨ ਦੀ ਨਿਸ਼ਾਨੀ ਵਜੋਂ ਇਥੇ ਇਕ ਥੜ੍ਹਾ ਵੀ ਹੈ ਜਿੱਥੇ ਗੁਰੂ ਜੀ ਬਿਰਾਜਦੇ ਸਨ।

## ਗੁਰਦੁਆਰਾ ਸੰਤ ਘਾਟ

ਜਦੋਂ ਗੁਰੂ ਨਾਨਕ ਦੇਵ ਜੀ ਜਦੋਂ ਵੇਂਈ 'ਚ ਅਲੋਪ ਹੋ ਗਏ ਸਨ ਤਾਂ ਗੁਰਦੁਆਰਾ ਬੇਰ ਸਾਹਿਬ ਤੋਂ ਤਿੰਨ ਮੀਲ ਦੂਰ ਇਸ ਅਸਥਾਨ ਤੇ ਪ੍ਰਗਟ ਹੋਏ ਸਨ। ਇਸ ਜਗ੍ਹਾ ਆਪ ਨੇ ਮੂਲ ਮੰਤਰ ਦਾ ਉਚਾਰਣ ਕੀਤਾ ਸੀ। ਹੁਣ ਇਸ ਜਗ੍ਹਾ ਪਰ ਗੁਰਦੁਆਰਾ ਸ੍ਰੀ ਸੰਤ ਘਾਟ ਸੁਸ਼ੋਭਿਤ ਹੈ। ਖ਼ਾਲਸਾ ਰਾਜ ਸਮੇਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਉਦਾਸੀ ਮਹੰਤਾਂ ਕੋਲ ਸੀ।

## ਗੁਰਦੁਆਰਾ ਸ੍ਰੀ ਸਿਹਰਾ ਸਾਹਿਬ

ਇਹ ਉਹ ਪਵਿੱਤਰ ਅਸਥਾਨ ਹੈ ਜਿੱਥੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਆਪਣੇ ਸਪੁੱਤਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ ਵਿਆਹੁਣ ਜਾਂਦੇ ਹੋਏ ਰਾਤ ਠਹਿਰੇ ਸਨ ਤੇ ਇਥੇ ਹੀ ਸਿਹਰਾ-ਬੰਦੀ ਕਰ ਕੇ ਡੱਲੇ ਪਧਾਰੇ ਸਨ। ਇਸ ਗੁਰਦੁਆਰੇ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਦੀ ਧਰਮਸ਼ਾਲਾ ਵੀ ਕਹਿੰਦੇ ਹਨ।

## ਗੁਰਦੁਆਰਾ ਸ੍ਰੀ ਗੁਰੂ ਕਾ ਬਾਗ਼ ਸਾਹਿਬ

ਇਸ ਪਵਿੱਤਰ ਅਸਥਾਨ 'ਤੇ ਗੁਰੂ ਸਾਹਿਬ ਵਿਆਹ ਤੋਂ ਬਾਅਦ ਪਰਿਵਾਰ ਨਾਲ ਰਹਿੰਦੇ ਸਨ। ਇਸ ਅਸਥਾਨ 'ਤੇ ਹੀ ਬਾਬਾ ਸ੍ਰੀਚੰਦ ਜੀ ਤੇ ਬਾਬਾ ਲਖਮੀ ਦਾਸ ਜੀ ਦਾ ਜਨਮ ਹੋਇਆ। ਇਸ ਅਸਥਾਨ ਪਰ ਕਿਉਂਕਿ ਗੁਰੂ ਜੀ ਦਾ ਪਰਿਵਾਰ ਵਧਿਆ-ਫੁੱਲਿਆ ਸੀ, ਇਸ ਲਈ ਇਸ ਸਥਾਨ ਦਾ ਨਾਂ ਗੁਰਦੁਆਰਾ ਸ੍ਰੀ ਗੁਰੂ ਕਾ ਬਾਗ਼ ਸਾਹਿਬ ਹੈ।

## ਗੁਰਦੁਆਰਾ ਸ੍ਰੀ ਅੰਤਰਯਾਮਤਾ ਸਾਹਿਬ

ਜਿਸ ਈਦਗਾਹ ਵਿਖੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵਾਬ ਦੌਲਤ ਖ਼ਾਨ ਅਤੇ ਉਸ ਦੇ ਮੌਲਵੀ ਨੂੰ ਨਮਾਜ਼ ਦੀ ਅਸਲੀਅਤ ਸਮਝਾਈ ਸੀ, ਉਸ ਅਸਥਾਨ 'ਤੇ ਪਵਿੱਤਰ ਗੁਰਦੁਆਰਾ ਸ੍ਰੀ ਅੰਤਰਯਾਮਤਾ ਸਾਹਿਬ ਸੁਸ਼ੋਭਿਤ ਹੈ।

## ਗੁਰਦੁਆਰਾ ਸ੍ਰੀ ਹੱਟ ਸਾਹਿਬ

ਇਸ ਪਵਿੱਤਰ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਮੋਦੀ ਦੀ ਨੌਕਰੀ ਕਰਦੇ ਰਹੇ, ਗ਼ਰੀਬਾਂ, ਸਾਧੂ-ਸੰਤਾਂ ਨੂੰ ਮੁਫ਼ਤ ਅਨਾਜ ਵੰਡਦੇ ਰਹੇ ਤੇ 'ਤੇਰਾ-ਤੇਰਾ' ਉਚਾਰਦੇ ਹੋਏ ਲੋੜਵੰਦਾਂ ਦੀ ਮਦਦ ਕਰਦੇ ਰਹੇ। ਗੁਰਦੁਆਰਾ ਸਾਹਿਬ ਅੰਦਰ ਗੁਰੂ ਸਾਹਿਬ ਦੇ ਮੁਬਾਰਕ ਹੱਥਾਂ ਦੀ ਛੋਹ ਪ੍ਰਾਪਤ 14 ਵੱਟੇ ਅੱਜ ਵੀ ਮੌਜੂਦ ਹਨ, ਜਿਨ੍ਹਾਂ ਨਾਲ ਉਹ ਅਨਾਜ ਤੋਲਦੇ ਸਨ। ਵਿਰੋਧੀਆਂ ਵੱਲੋਂ ਦੌਲਤ ਖ਼ਾਨ ਲੋਧੀ ਪਾਸ ਸ਼ਿਕਾਇਤ ਕਰਨ 'ਤੇ ਮੋਦੀਖ਼ਾਨੇ ਦਾ ਹਿਸਾਬ ਕੀਤਾ ਗਿਆ ਤਾਂ ਗੁਰੂ ਜੀ ਨਿਰਦੋਸ਼ ਸਾਬਤ ਹੋਏ ਤੇ ਗੁਰੂ ਜੀ ਦੀ ਰਕਮ ਹਾਕਮ ਵੱਲ ਨਿਕਲੀ ਸੀ। ਸ਼ਿਕਾਇਤ ਹੋਣ 'ਤੇ ਜਿੱਥੇ ਗੁਰੂ ਸਾਹਿਬ ਨੂੰ ਨਜ਼ਰਬੰਦ ਰੱਖਿਆ ਗਿਆ ਸੀ ਉਸ ਅਸਥਾਨ 'ਤੇ ਗੁਰਦੁਆਰਾ ਕੋਠੜੀ ਸਾਹਿਬ ਸਥਿਤ ਹੈ। •

# ਚੜ੍ਹਿਆ ਸੋਧਣ ਧਰਤਿ ਲੋਕਾਈ





ਬੇਅੰਤ ਸਿੰਘ ਬਾਜਵਾ
98726-71446

ਸ੍ਰੀ ਗੁਰੂ ਨਾਨਕ ਦੇਵ ਜੀ 20 ਸਾਲ ਦੀ ਉਮਰ ਵਿਚ ਸੁਲਤਾਨਪੁਰ ਲੋਧੀ ਵਿਖੇ ਆ ਗਏ। ਵੇਈਂ 'ਚ ਇਸਨਾਨ ਦੌਰਾਨ ਆਪ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋਈ। ਗਿਆਨ ਦੀ ਪ੍ਰਾਪਤੀ ਤੋਂ ਬਾਅਦ 1499 ਈਸਵੀ ਵਿਚ ਆਪ ਉਦਾਸੀਆਂ ਲਈ ਨਿਕਲ ਪਏ। ਇਨ੍ਹਾਂ ਉਦਾਸੀਆਂ ਦਾ ਉਦੇਸ਼ ਲੋਕਾਂ ਅੰਦਰ ਫੈਲੀ ਅਗਿਆਨਤਾ ਨੂੰ ਦੂਰ ਕਰਨਾ ਤੇ ਪਰਮਾਤਮਾ ਦੀ ਅਰਾਧਨਾ ਦਾ ਪ੍ਰਚਾਰ ਕਰਨਾ ਸੀ।

ਗੁਰੂ ਸਾਹਿਬ ਨੇ ਕੁੱਲ ਕਿੰਨੀਆਂ ਉਦਾਸੀਆਂ ਕੀਤੀਆਂ, ਇਸ ਸਬੰਧੀ ਇਤਿਹਾਸਕਾਰਾਂ ਵਿਚ ਮਤਭੇਦ ਹਨ। ਬਹੁਤ ਥਾਈਂ ਗੁਰੂ ਸਾਹਿਬ ਦੀਆਂ ਉਦਾਸੀਆਂ ਦੀ ਗਿਣਤੀ ਤਿੰਨ ਆਖੀ ਗਈ ਹੈ, ਬਹੁਤ ਥਾਈਂ ਚਾਰ ਉਦਾਸੀਆਂ ਦਾ ਜ਼ਿਕਰ ਵੀ ਹੈ। ਗੁਰੂ ਸਾਹਿਬ ਨੇ ਪਹਿਲੀ ਉਦਾਸੀ 1499 ਦੇ ਅਖ਼ੀਰ 'ਚ ਸ਼ੁਰੂ ਕੀਤੀ। ਇਨ੍ਹਾਂ ਯਾਤਰਾਵਾਂ ਸਮੇਂ ਭਾਈ ਮਰਦਾਨਾ ਜੀ ਵੀ ਉਨ੍ਹਾਂ ਦੇ ਨਾਲ ਰਹੇ। ਇਸ ਉਦਾਸੀਆਂ ਗੁਰੂ ਜੀ ਨੇ 12 ਸਾਲਾਂ ਵਿਚ ਸੰਪੂਰਨ ਕੀਤੀਆਂ ਤੇ ਉਹ ਪੂਰਬ ਤੋਂ ਦੱਖਣ ਵੱਲ ਗਏ।

## ਪਹਿਲੀ ਉਦਾਸੀ

**ਸੈਦਪੁਰ :** ਗੁਰੂ ਸਾਹਿਬ ਸਭ ਤੋਂ ਪਹਿਲਾਂ ਸੈਦਪੁਰ ਪਹੁੰਚੇ। ਇਥੇ ਮਲਕ ਭਾਗੋ ਨੇ ਗੁਰੂ ਜੀ ਨੂੰ ਬ੍ਰਹਮ ਭੋਜ ਲਈ ਸੱਦਾ ਦਿੱਤਾ ਪਰ ਗੁਰੂ ਸਾਹਿਬ ਇਕ ਕਿਰਤੀ ਤਰਖਾਣ ਭਾਈ ਲਾਲੋ ਜੀ ਦੇ ਘਰ ਠਹਿਰੇ। ਇਸ ਸਬੰਧੀ ਜਦ ਮਲਕ ਭਾਗੋ ਨੇ ਗੁਰੂ ਸਾਹਿਬ ਤੋਂ ਪੁੱਛਿਆ ਤਾਂ ਉਨ੍ਹਾਂ ਨੇ ਦਸਾਂ ਨਹੁੰਆਂ ਦੀ ਕਿਰਤ ਤੋਂ ਬਣਾਈ ਰੋਟੀ ਨੂੰ ਉੱਤਮ ਦੱਸਿਆ।

**ਤਾਲੁੰਬਾ :** ਇਥੇ ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਸੱਜਣ ਠੱਗ ਨਾਲ ਹੋਈ। ਉਸ ਨੇ ਯਾਤਰੀਆਂ ਲਈ ਆਪਣੀ ਹਵੇਲੀ 'ਚ ਇਕ ਮੰਦਰ ਤੇ ਮਸਜਿਦ ਬਣਾਏ ਹੋਏ ਸਨ। ਉਹ ਦਿਨ ਵੇਲੇ ਤਾਂ ਯਾਤਰੀਆਂ ਦੀ ਸੇਵਾ ਕਰਦਾ ਤੇ ਰਾਤ ਵੇਲੇ ਉਨ੍ਹਾਂ ਨੂੰ ਲੁੱਟ ਕੇ ਖੂਹ 'ਚ ਸੁੱਟ ਦਿੰਦਾ ਸੀ। ਉਹ ਗੁਰੂ ਨਾਨਕ ਦੇਵ ਜੀ ਤੇ ਮਰਦਾਨਾ ਜੀ ਨਾਲ ਵੀ ਅਜਿਹਾ ਹੀ ਕਰਨਾ ਚਾਹੁੰਦਾ ਸੀ ਪਰ ਗੁਰੂ ਸਾਹਿਬ ਦੀ ਬਾਣੀ ਸੁਣ ਕੇ ਗੁਰੂ ਜੀ ਦੇ ਚਰਨੀਂ ਪੈ ਗਿਆ। ਇਸ ਤੋਂ ਬਾਅਦ ਸੱਜਣ ਠੱਗ ਨੇ ਆਪਣਾ ਬਾਕੀ ਜੀਵਨ ਸਿੱਖ ਧਰਮ ਦਾ ਪ੍ਰਚਾਰ 'ਚ ਬਤੀਤ ਕੀਤਾ। ਇਸ ਤੋਂ ਬਾਅਦ ਗੁਰੂ ਸਾਹਿਬ ਸੂਰਜ ਗ੍ਰਹਿਣ ਦੇ ਮੌਕੇ ਕੁਰੂਕਸ਼ੇਤਰ ਪੁੱਜੇ। ਇਥੇ ਉਨ੍ਹਾਂ ਨੇ ਬ੍ਰਾਹਮਣ ਤੇ ਸਾਧੂਆਂ ਨੂੰ ਸਮਝਾਇਆ ਕਿ ਫਜ਼ੂਲ ਦੇ ਝਗੜਿਆ ਦੀ ਥਾਂ ਆਪਣੀ ਆਤਮਾ ਨੂੰ ਪਵਿੱਤਰ ਰੱਖਣ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਤੋਂ ਬਾਅਦ ਉਹ ਦਿੱਲੀ ਗਏ।

**ਹਰਿਦੁਆਰ :** ਗੁਰੂ ਸਾਹਿਬ ਜਦੋਂ ਹਰਿਦੁਆਰ ਪੁੱਜੇ ਤਾਂ ਇਥੇ ਵੱਡੀ ਗਿਣਤੀ 'ਚ ਲੋਕ ਇਸ਼ਨਾਨ ਕਰਦੇ ਹੋਏ ਸੂਰਜ ਤੇ ਪਿੱਤਰਾਂ ਨੂੰ ਪਾਣੀ ਦੇ ਰਹੇ ਸਨ। ਗੁਰੂ ਜੀ ਨੇ ਇਹ ਵੇਖ ਕੇ ਪੱਛਮ ਵੱਲ ਨੂੰ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਲੋਕ ਗੁਰੂ ਜੀ ਨੂੰ ਪੁੱਛਣ ਲੱਗੇ ਕੀ ਉਹ ਇਹ ਕੀ ਕਰ ਰਹੇ ਹਨ? ਗੁਰੂ ਜੀ ਨੇ ਕਿਹਾ ਕਿ ਉਹ ਆਪਣੇ ਖੇਤਾਂ ਨੂੰ ਪਾਣੀ ਦੇ ਰਹੇ ਹਨ। ਲੋਕ ਹੱਸਣ ਲੱਗੇ ਕਿ ਇਹ ਪਾਣੀ ਮੀਲਾਂ ਦੂਰ ਉਨ੍ਹਾਂ ਦੇ ਖੇਤਾਂ ਤਕ ਕਿਵੇਂ ਪਹੁੰਚ ਸਕਦਾ ਹੈ? ਗੁਰੂ ਜੀ ਨੇ ਕਿਹਾ ਕਿ ਜੇ ਤੁਹਾਡਾ ਪਾਣੀ ਲੱਖਾਂ ਮੀਲ ਦੂਰ ਸੂਰਜ ਤਕ ਪਹੁੰਚ ਸਕਦਾ ਹੈ ਤਾਂ ਇਹ ਮੇਰੇ ਖੇਤਾਂ ਤਕ ਕਿਵੇਂ ਨਹੀਂ ਪਹੁੰਚ ਸਕਦਾ। ਇੰਜ ਉਨ੍ਹਾਂ ਕੁਰੀਤੀਆਂ ਬਾਰੇ ਭਰਮ ਤੋੜਿਆ।

**ਗੋਰਖਮੱਤਾ :** ਹਰਿਦੁਆਰ ਤੋਂ ਬਾਅਦ ਗੁਰੂ ਸਾਹਿਬ ਗੋਰਖਮੱਤਾ ਪਹੁੰਚੇ। ਇੱਥੋਂ ਦੇ ਸਿੱਧ ਜੋਗੀਆਂ ਨੂੰ ਦੱਸਿਆ ਕਿ ਮੁੰਦਰਾਂ ਪਾਉਣ, ਸਰੀਰ ਤੇ ਸੁਆਹ ਮਲਣ, ਸੰਖ ਵਜਾਉਣ ਜਾਂ ਸਿਰ ਮੁੰਨਵਾ ਲੈਣ ਨਾਲ ਮੁਕਤੀ ਨਹੀਂ ਮਿਲਦੀ। ਮੁਕਤੀ ਤਾਂ ਆਤਮਾ ਦੀ ਸ਼ੁੱਧੀ ਨਾਲ ਪ੍ਰਾਪਤ ਹੁੰਦੀ ਹੈ। ਉਸ ਸਮੇਂ ਤੋ ਹੀ ਗੋਰਖਮੱਤਾ ਦਾ ਨਾਂ ਨਾਨਕਮੱਤਾ ਪੈ ਗਿਆ।

**ਬਨਾਰਸ :** ਬਨਾਰਸ ਪ੍ਰਸਿੱਧ ਤੀਰਥ ਅਸਥਾਨ ਹੈ। ਇੱਥੇ ਗੁਰੂ ਨਾਨਕ ਦੇਵ ਜੀ ਦਾ ਪੰਡਤ ਚਤਰ ਦਾਸ ਨਾਲ ਮੂਰਤੀ ਪੂਜਾ ਬਾਰੇ ਲੰਬਾ ਵਾਰਤਾਲਾਪ ਹੋਇਆ। ਗੁਰੂ ਜੀ ਦੇ ਉਪਦੇਸ਼ਾਂ ਤੋਂ ਪ੍ਰਭਾਵਿਤ ਹੋ ਕੇ ਚਤਰ ਦਾਸ ਸਾਥੀਆਂ ਸਮੇਤ ਗੁਰੂ ਜੀ ਦਾ ਪੈਰੋਕਾਰ ਬਣ ਗਿਆ। ਧੁਬਰੀ ਤੋਂ ਗੁਰੂ ਜੀ ਕਾਮਰੂਪ (ਆਸਾਮ) ਪਹੁੰਚੇ। ਇੱਥੋਂ ਦੀ ਜਾਦੂਗਰਨੀ ਨੂਰਸ਼ਾਹੀ ਨੇ ਹੁਸਨ ਦੇ ਜਾਦੂ ਨਾਲ ਗੁਰੂ ਜੀ ਨੂੰ ਭਰਮਾਉਣ ਦਾ ਅਸਫਲ ਯਤਨ ਕੀਤਾ। ਗੁਰੂ ਜੀ ਨੇ ਉਸ ਨੂੰ ਜੀਵਨ ਦਾ ਅਸਲ ਮਨੋਰਥ ਦੱਸਿਆ। ਆਸਾਮ ਤੋਂ ਬਾਅਦ ਗੁਰੂ ਜੀ ਉੜੀਸਾ ਵਿਚ ਜਗਨਨਾਥ ਪਹੁੰਚੇ, ਜਿੱਥੇ ਉਨ੍ਹਾਂ ਨੂੰ ਦੇਵਤੇ ਦੀ ਆਰਤੀ ਉਤਾਰਨ ਲਈ ਕਿਹਾ ਗਿਆ। ਗੁਰੂ ਜੀ ਨੇ ਦੱਸਿਆ ਕਿ ਅਕਾਲ ਪੁਰਖ ਦੀ ਆਰਤੀ ਕੁਦਰਤ ਹਰ ਸਮੇਂ ਕਰਦੀ ਰਹਿੰਦੀ ਹੈ।

**ਲੰਕਾ :** ਗੁਰੂ ਨਾਨਕ ਦੇਵ ਜੀ ਦੱਖਣੀ ਭਾਰਤ ਤੋਂ ਹੁੰਦੇ ਹੋਏ ਲੰਕਾ ਪਹੁੰਚੇ। ਗੁਰੂ ਸਾਹਿਬ ਤੋਂ ਪ੍ਰਭਾਵਿਤ ਹੋ ਕੇ ਲੰਕਾ ਦਾ ਰਾਜਾ ਸ਼ਿਵਨਾਥ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਲੰਕਾ ਤੋਂ ਪੰਜਾਬ ਵਾਪਸੀ ਸਮੇਂ ਗੁਰੂ ਨਾਨਕ ਦੇਵ ਜੀ ਪਾਕਪਟਨ ਵਿਖੇ ਠਹਿਰੇ ਤੇ ਇਥੇ ਉਨ੍ਹਾਂ ਦੀ ਸ਼ੇਖ਼ ਬ੍ਰਹਮ ਨਾਲ ਮੁਲਾਕਾਤ ਹੋਈ ਸੀ।

## ਦੂਜੀ ਉਦਾਸੀ

ਗੁਰੂ ਨਾਨਕ ਦੇਵ ਜੀ ਨੇ 1513-14 ਈਸਵੀ ਵਿਚ ਆਪਣੀ ਦੂਸਰੀ ਉਦਾਸੀ ਉਤਰ ਵੱਲ ਸ਼ੁਰੂ ਕੀਤੀ। ਇਸ ਉਦਾਸੀ ਨੂੰ ਚਾਰ ਸਾਲ ਲੱਗੇ। ਇਸ ਉਦਾਸੀ ਦੌਰਾਨ ਗੁਰੂ ਜੀ ਮੰਡੀ, ਰਿਵਾਲਸਰ, ਜਵਾਲਾਮੁਖੀ, ਕਾਂਗੜਾ, ਬੈਜਨਾਥ ਤੇ ਕੁੱਲੂ ਆਦਿ ਪਹਾੜੀ ਇਲਾਕਿਆਂ 'ਚ ਗਏ। ਇੱਥੋਂ ਆਪ ਤਿੱਬਤ ਤੋਂ ਹੁੰਦੇ ਹੋਏ ਕੈਲਾਸ਼ ਪਰਬਤ ਪੁੱਜੇ। ਗੁਰੂ ਜੀ ਦੇ ਇਥੇ ਪੁੱਜਣ 'ਤੇ ਸਿੱਧ ਬੜੇ ਹੈਰਾਨ ਹੋਏ। ਗੁਰੂ ਜੀ ਨੇ ਉਨ੍ਹਾਂ ਨੂੰ ਦੱਸਿਆ ਕਿ ਸੰਸਾਰ ਵਿੱਚੋਂ ਸੱਚ ਅਲੋਪ ਹੋ ਗਿਆ ਹੈ ਤੇ ਹਰ ਪਾਸੇ ਭ੍ਰਿਸ਼ਟਾਚਾਰ ਤੇ ਝੂਠ ਦਾ ਬੋਲਬਾਲਾ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਕਰਮ-ਕਾਂਡਾਂ ਦੀ ਥਾਂ ਲੋਕਾਈ ਦੇ ਮਾਰਗ-ਦਰਸ਼ਨ ਦਾ ਸੰਦੇਸ਼ ਦਿੱਤਾ। ਲੱਦਾਖ ਤੋਂ ਬਾਅਦ ਕਸ਼ਮੀਰ ਸਥਿਤ ਮਟਨ ਵਿਖੇ ਗੁਰੂ ਨਾਨਕ ਦੇਵ ਜੀ ਦਾ ਪੰਡਤ ਬ੍ਰਹਮ ਦਾਸ ਨਾਲ ਧਾਰਮਿਕ ਵਾਦ-ਵਿਵਾਦ ਹੋਇਆ। ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਮੁਕਤੀ ਗ੍ਰੰਥਾਂ ਨੂੰ ਪੜ੍ਹਨ ਨਾਲ ਨਹੀਂ ਬਲਕਿ ਉਨ੍ਹਾਂ ਵਿਚਲੀਆਂ ਗੱਲਾਂ 'ਤੇ ਅਮਲ ਕਰ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਜੀ ਪੰਜਾਬ ਦੀ ਵਾਪਸੀ ਯਾਤਰਾ ਸਮੇਂ ਹਸਨ ਅਬਦਾਲ ਵਿਖੇ ਠਹਿਰੇ। ਇਥੇ ਹੰਕਾਰੀ ਫ਼ਕੀਰ ਵਲੀ ਕੰਧਾਰੀ ਨੇ ਗੁਰੂ ਜੀ ਨੂੰ ਕੁਚਲਣ ਲਈ ਵੱਡਾ ਪੱਥਰ ਪਹਾੜੀ ਤੋਂ ਸੁੱਟਿਆ। ਗੁਰੂ ਜੀ ਨੇ ਇਸ ਨੂੰ ਆਪਣੇ ਪੰਜੇ ਨਾਲ ਰੋਕਿਆ। ਇਸ ਅਸਥਾਨ ਨੂੰ 'ਪੰਜਾ ਸਾਹਿਬ' ਆਖਦੇ ਹਨ। ਸਿਆਲਕੋਟ ਵਿਖੇ ਗੁਰੂ ਜੀ ਦੀ ਮੁਲਾਕਾਤ ਇਕ ਦਰਵੇਸ਼ ਹਮਜਾ ਗੌਸ ਨਾਲ ਹੋਈ। ਉਸ ਨੇ ਕਿਸੇ ਗੱਲ ਤੋਂ ਨਰਾਜ਼ ਹੋ ਕੇ ਆਪਣੀ ਸ਼ਕਤੀ ਨਾਲੇ ਸ਼ਹਿਰ ਨੂੰ ਤਬਾਅ ਕਰਨ ਦਾ ਨਿਰਣਾ ਕਰ ਲਿਆ ਸੀ ਪਰ ਗੁਰੂ ਜੀ ਨੂੰ ਮਿਲਣ ਉਪਰੰਤ ਉਸ ਨੇ ਨਿਰਣਾ ਬਦਲ ਲਿਆ।

## ਤੀਜੀ ਉਦਾਸੀ

1517 ਵਿਚ ਤੀਜੀ ਉਦਾਸੀ ਸਮੇਂ ਗੁਰੂ ਸਾਹਿਬ ਪੱਛਮ-ਏਸ਼ਿਆਈ ਦੇਸ਼ਾਂ ਵੱਲ ਗਏ।

**ਮੱਕਾ :** ਗੁਰੂ ਨਾਨਕ ਸਾਹਿਬ ਜਦੋਂ ਮੱਕੇ ਪਹੁੰਚੇ ਤਾਂ ਉਹ ਕਾਅਬੇ ਵੱਲ ਪੈਰ ਕਰ ਕੇ ਸੌਂ ਗਏ। ਜਦੋਂ ਕਾਜ਼ੀ ਰੁਕਨਦੀਨ ਨੇ ਇਹ ਵੇਖਿਆ ਤਾਂ ਉਸ ਨੂੰ ਬਹੁਤ ਗੁੱਸਾ ਆਇਆ। ਆਖਦੇ ਹਨ ਕਿ ਜਦੋਂ ਕਾਜ਼ੀ ਨੇ ਗੁਰੂ ਸਾਹਿਬ ਦੇ ਪੈਰ ਫੜ ਕੇ ਦੂਜੇ ਪਾਸੇ ਕਰਨੇ ਚਾਹੇ ਤਾਂ ਮਹਿਰਾਬ ਵੀ ਉਸ ਪਾਸੇ ਘੁੰਮਣ ਲੱਗਾ। ਇਹ ਵੇਖ ਕਿ ਮੁਸਲਮਾਨ ਬੜੇ ਪ੍ਰਭਾਵਿਤ ਹੋਏ। ਗੁਰੂ ਸਾਹਿਬ ਨੇ ਸਮਝਾਇਆ ਕਿ ਪ੍ਰਮਾਤਮਾ ਸਰਬਵਿਆਪਕ ਹੈ। ਇਸ ਉਪਰੰਤ ਉਹ ਮਦੀਨਾ ਤੇ ਬਗ਼ਦਾਦ ਗਏ। ਗੁਰੂ ਸਾਹਿਬ ਜਦੋਂ 1520-21 ਵਿਚ ਸੈਦਪੁਰ ਪੁੱਜੇ ਤਾਂ ਉਸ ਸਮੇਂ ਬਾਬਰ ਨੇ ਪੰਜਾਬ ਉੱਤੇ ਹਮਲਾ ਕੀਤਾ ਸੀ। ਹਮਲੇ 'ਚ ਹਜ਼ਾਰਾਂ ਦੀ ਗਿਣਤੀ 'ਚ ਲੋਕਾਂ ਨੂੰ ਕੈਦੀ ਬਣਾ ਲਿਆ ਗਿਆ। ਇਨ੍ਹਾਂ ਵਿਚ ਗੁਰੂ ਸਾਹਿਬ ਵੀ ਸਨ। ਜਦੋਂ ਬਾਬਰ ਨੂੰ ਪਤਾ ਲੱਗਾ ਕਿ ਗੁਰੂ ਸਾਹਿਬ ਮਹਾਨ ਸੰਤ ਹਨ ਤਾਂ ਉਸ ਨੇ ਗੁਰੂ ਸਾਹਿਬ ਤੇ ਬਾਕੀ ਕੈਦੀਆਂ ਨੂੰ ਰਿਹਾਅ ਕਰ ਦਿੱਤਾ।

**ਕਰਤਾਰਪੁਰ ਵਿਖੇ ਨਿਵਾਸ :** 1521 ਈਸਵੀ ਵਿਚ ਗੁਰੂ ਨਾਨਕ ਦੇਵ ਜੀ ਨੇ ਰਾਵੀ ਦਰਿਆ ਦੇ ਕਿਨਾਰੇ ਕਰਤਾਰਪੁਰ ਨਾਂ ਦੇ ਨਗਰ ਦੀ ਸਥਾਪਨਾ ਕੀਤੀ। ਇਥੇ ਗੁਰੂ ਜੀ ਨੇ ਪਰਿਵਾਰ ਸਮੇਤ ਆਪਣੇ ਜੀਵਨ ਦੇ ਆਖ਼ਰੀ 18 ਸਾਲ ਬਤੀਤ ਕੀਤੇ। ਇਥੇ ਗੁਰੂ ਜੀ ਨੇ 976 ਸ਼ਬਦਾਂ ਦੀ ਰਚਨਾ ਕੀਤੀ। ਗੁਰੂ ਜੀ ਦਾ ਇਹ ਕੰਮ ਸਿੱਖ ਪੰਥ ਦੇ ਵਿਕਾਸ ਲਈ ਮੀਲ ਪੱਥਰ ਸਿੱਧ ਹੋਇਆ। ਗੁਰੂ ਨਾਨਕ ਦੇਵ ਜੀ ਦੀਆਂ ਪ੍ਰਮੁੱਖ ਬਾਣੀਆਂ ਦੇ ਨਾਂ ਜਪੁਜੀ, ਵਾਰ ਮਾਝ, ਆਸਾ ਦੀ ਵਾਰ, ਸਿੱਧ ਗੋਸ਼ਟਿ, ਵਾਰ ਮਲਹਾਰ, ਬਾਰਾਹਮਾਹ ਅਤੇ ਪੱਟੀ ਆਦਿ ਹਨ।

**ਜੋਤੀ-ਜੋਤੀ ਸਮਾਉਣਾ :** ਗੁਰੂ ਨਾਨਕ ਦੇਵ ਜੀ 22 ਸਤੰਬਰ 1539 ਈਸਵੀ ਵਿਚ ਜੋਤੀ ਜੋਤ ਸਮਾਏ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਭਾਈ ਲਹਿਣਾ ਜੀ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ ਤੇ ਗੁਰ ਗੱਦੀ ਬਖ਼ਸ਼ ਕੇ ਉਨ੍ਹਾਂ ਨੂੰ ਭਾਈ ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਜੀ ਬਣਾ ਦਿੱਤਾ। •

ਕੌਮੀ ਪਤ੍ਰਿਕਾ

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੱਦੇ ਇਤਿਹਾਸਕ ਵਿਧਾਨ ਸਭਾ ਇਜਲਾਸ ਦੌਰਾਨ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਰਧਾਂਜਲੀ

**➢ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਧ ਰਹੀ ਨਫ਼ਰਤ ਅਤੇ ਲੋਕਤੰਤਰੀ ਸਿਧਾਂਤਾਂ ਦੇ ਘਾਣ 'ਤੇ ਡੂੰਘੀ ਚਿੰਤਾ ਪ੍ਰਗਟਾਈ ➢ ਪੰਜਾਬ ਦੀ ਖੇਤੀਬਾੜੀ, ਸਿੱਖਿਆ ਪ੍ਰਣਾਲੀ, ਦਰਿਆਵਾਂ ਦੇ ਪਾਣੀਆਂ 'ਤੇ ਢਾਹ ਲਗਾਉਣ ਅਤੇ ਪੰਜਾਬ ਦੀ ਰਾਜਧਾਨੀ ਨੂੰ ਖੋਹਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਵੀ ਦਿੱਤਾ ਹਵਾਲਾ**



**ਸ੍ਰੀ ਅਨੰਦਪੁਰ ਸਾਹਿਬ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਯਾਦਗਾਰ ਵਿਖੇ ਸੱਦੇ ਗਏ ਪੰਜਾਬ ਵਿਧਾਨ ਸਭਾ ਦੇ ਇਤਿਹਾਸਕ ਵਿਸ਼ੇਸ਼ ਇਜਲਾਸ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਉਨ੍ਹਾਂ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਸ਼ਰਧਾਂਜਲੀ ਭੇਟ ਕੀਤੀ।

'ਰੰਗਰੇਟਾ ਗੁਰੂ ਕਾ ਬੇਟਾ' ਭਾਈ ਜੈਤਾ ਜੀ ਨੂੰ ਸਮਰਪਿਤ ਸਥਾਨ ਤੋਂ ਸੰਬੋਧਨ ਕਰਦਿਆਂ ਵਿੱਤ ਮੰਤਰੀ ਨੇ ਨੌਵੇਂ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਮਨੁੱਖਤਾ ਦੇ ਇਤਿਹਾਸ ਵਿੱਚ ਸਰਬਉੱਚ ਦੱਸਿਆ ਅਤੇ ਕਿਹਾ ਕਿ ਗੁਰੂ ਸਾਹਿਬ ਨੇ ਦੂਜੇ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ।

ਸਦਨ ਵਿੱਚ ਆਪਣੇ ਸੰਬੋਧਨ ਦੌਰਾਨ ਐਡਵੋਕੇਟ ਚੀਮਾ ਨੇ ਸਿੱਖ ਇਤਿਹਾਸ ਵਿੱਚ ਕੁਰਬਾਨੀ ਦੀ ਵਿਲੱਖਣ ਪਰੰਪਰਾ ਬਾਰੇ ਗੱਲ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਸ਼ੁਰੂ ਹੋ ਕੇ ਚਾਰ ਪੀੜ੍ਹੀਆਂ ਤੱਕ ਚੱਲੀ ਕੁਰਬਾਨੀ ਨੂੰ ਯਾਦ ਕੀਤਾ ਜਿਸ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ,ਮਾਤਾ ਗੁਜਰੀ ਜੀ ਅਤੇ ਚਾਰ ਸਾਹਿਬਜ਼ਾਦਿਆਂ ਨੇ ਆਪਣੀ ਸ਼ਹਾਦਤ ਦਿੱਤੀ। ਐਡਵੋਕੇਟ ਚੀਮਾ ਨੇ ਕਿਹਾ ਕਿ ਉਨ੍ਹਾਂ ਨੇ ਅਜੇ ਤੱਕ ਦੁਨੀਆ ਦਾ ਕੋਈ ਅਜਿਹਾ ਹੋਰ ਇਤਿਹਾਸ ਨਹੀਂ ਪੜ੍ਹਿਆ ਜਿਸ ਵਿੱਚ ਸ਼ਾਂਤੀ, ਇਕਜੁੱਟਤਾ ਨੂੰ ਬਰਕਰਾਰ ਰੱਖਣ ਅਤੇ ਸਾਰੇ ਧਰਮਾਂ ਦੇ ਸਤਿਕਾਰ ਲਈ ਇੰਨੀਆਂ ਕੁਰਬਾਨੀਆਂ ਦਿੱਤੀਆਂ ਗਈਆਂ ਹੋਣ। ਉਨ੍ਹਾਂ ਕਿਹਾ ਕਿ ਵਿਸ਼ਵਵਿਆਪੀ ਭਾਈਚਾਰੇ ਦਾ ਸੰਦੇਸ਼ ਦਿੰਦੇ ਹੋਏ ਗੁਰੂ ਸਾਹਿਬ ਜ਼ੁਲਮ ਦੇ ਵਿਰੁੱਧ ਡੱਟ ਕੇ ਖੜ੍ਹੇ ਸਨ ਅਤੇ ਗੁਰੂ ਸਾਹਿਬ ਦਾ ਇਹ ਸੰਦੇਸ਼ ਅੱਜ ਵੀ ਮਨੁੱਖਤਾ ਦਾ ਚਾਨਣ-ਮੁਨਾਰਾ ਬਣ ਰਿਹਾ ਹੈ।

ਦੇਸ਼ ਦੇ ਮੌਜੂਦਾ ਹਾਲਾਤਾਂ ਬਾਰੇ ਗੱਲ ਕਰਦਿਆਂ ਵਿੱਤ ਮੰਤਰੀ ਨੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਧ ਰਹੀ ਨਫ਼ਰਤ ਅਤੇ ਲੋਕਤੰਤਰੀ ਸਿਧਾਂਤਾਂ ਦੇ ਘਾਣ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ। ਮਨੀਪੁਰ ਅਤੇ ਉੱਤਰ ਪ੍ਰਦੇਸ਼ ਵਿੱਚ ਹਿੰਸਾ ਬਾਰੇ ਹੋਰ ਬੁਲਾਰਿਆਂ ਵੱਲੋਂ ਦਿੱਤੇ ਗਏ ਹਵਾਲਿਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਨੇ ਜਾਤੀ ਦੇ ਅਧਾਰ 'ਤੇ ਕੀਤੇ ਜਾਂਦੇ ਅੱਤਿਆਚਾਰਾਂ ਨੂੰ ਉਜਾਗਰ ਕੀਤਾ।

ਸ੍ਰੀ ਚੀਮਾ ਨੇ ਕਿਹਾ ਕਿ ਪੰਜਾਬ ਨੂੰ ਵੀ ਯੋਜਨਾਬੱਧ ਢੰਗ ਨਾਲ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਿਸ ਵਿੱਚ ਸੂਬੇ ਦੀ ਖੇਤੀਬਾੜੀ, ਸਿੱਖਿਆ ਪ੍ਰਣਾਲੀ ਅਤੇ ਦਰਿਆਵਾਂ ਦੇ ਪਾਣੀਆਂ ਨੂੰ ਢਾਹ ਲਾਉਣ ਦੀਆਂ ਸੌੜੀਆਂ ਚਾਲਾਂ ਸ਼ਾਮਲ ਹਨ। ਉਨ੍ਹਾਂ ਨੇ ਰਾਜਧਾਨੀ ਚੰਡੀਗੜ੍ਹ 'ਤੇ ਪੰਜਾਬ ਦੇ ਦਾਅਵੇ ਸਬੰਧੀ ਹਾਲ ਹੀ ਵਿੱਚ ਉੱਠੀਆਂ ਚੁਣੌਤੀਆਂ ਦਾ ਵੀ ਹਵਾਲਾ ਦਿੱਤਾ।

ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਦਿਆਂ ਪੰਜਾਬ ਦੇ ਤਿੰਨ ਕਰੋੜ ਲੋਕ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਵਚਨਬੱਧ ਹਨ ਅਤੇ ਸੂਬੇ ਦੇ ਹੱਕਾਂ ਲਈ ਦ੍ਰਿੜਤਾ ਨਾਲ ਲੜਨਗੇ।

ਵਿੱਤ ਮੰਤਰੀ ਨੇ ਭਾਈ ਜੈਤਾ ਜੀ ਦੀ ਵਿਰਾਸਤ ਨੂੰ ਪ੍ਰਤੀਕਾਤਮਕ ਪਹਿਲ ਦੇ ਨਾਲ ਨਾਲ ਵਿਧਾਨਕ ਕਾਰਵਾਈ ਰਾਹੀਂ ਸਨਮਾਨ ਦੇਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ 'ਆਪ' ਸਰਕਾਰ ਵੱਲੋਂ ਪੇਸ਼ ਕੀਤੇ ਗਏ ਪੰਜਾਬ ਲਾਅ ਅਫਸਰਜ਼ ਬਿੱਲ ਦੀ ਮਹੱਤਤਾ 'ਤੇ ਚਾਨਣਾ ਪਾਇਆ, ਜੋ ਹਾਈ ਕੋਰਟ ਵਿੱਚ ਹਾਸ਼ੀਏ 'ਤੇ ਪਏ ਭਾਈਚਾਰਿਆਂ ਦੀ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਅਜਿਹਾ ਕਦਮ ਜੋ ਪਿਛਲੇ 75 ਸਾਲਾਂ ਵਿੱਚ ਨਹੀਂ ਚੁੱਕਿਆ ਗਿਆ ਸੀ। ਸ. ਚੀਮਾ ਨੇ ਇਸ ਗੱਲ 'ਤੇ ਵੀ ਮਾਣ ਪ੍ਰਗਟ ਕੀਤਾ ਕਿ ਇਹ ਸੈਸ਼ਨ ਭਾਈ ਜੈਤਾ ਜੀ ਦੀ ਯਾਦਗਾਰ ਵਿਖੇ ਕਰਵਾਇਆ ਜਾ ਰਿਹਾ ਹੈ ਅਤੇ ਇਹ ਕਦਮ ਗੁਰੂ ਸਾਹਿਬ ਦਾ ਪੂਰੀ ਦ੍ਰਿੜਤਾ ਨਾਲ ਸਾਥ ਦੇਣ ਵਾਲੇ ਬਹਾਦਰ ਯੋਧਿਆਂ ਨੂੰ ਬਣਦਾ ਸਨਮਾਨ ਦਿੰਦਾ ਹੈ।

ਅੰਤ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਪਵਿੱਤਰ ਧਰਤੀ 'ਤੇ ਵਿਧਾਨ ਸਭਾ ਦਾ ਇਜਲਾਸ ਕਰਵਾਉਣ ਦੀ ਇਤਿਹਾਸਕ ਪਹਿਲਕਦਮੀ ਲਈ ਸਪੀਕਰ ਅਤੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੂਰੀ ਦੁਨੀਆ ਇਸ ਸੈਸ਼ਨ ਅਤੇ ਮੌਜੂਦਾ ਪੰਜਾਬ ਸਰਕਾਰ ਦੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਪੈਰੋਕਾਰਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਪ੍ਰਤੀ ਡੂੰਘੇ ਸਤਿਕਾਰ ਨੂੰ ਦੇਖ ਰਹੀ ਹੈ।

# ਯੁਵਾ ਆਪਦਾ ਮਿੱਤਰ ਸਿਖਲਾਈ ਕੈਂਪ ਸਫਲਤਾਪੂਰਵਕ ਸਮਾਪਤ



**ਹੁਸ਼ਿਆਰਪੁਰ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਹੁਸ਼ਿਆਰਪੁਰ ਜ਼ਿਲ੍ਹੇ ਦੇ ਫੂਡ ਕਰਾਫਟ ਇੰਸਟੀਚਿਊਟ ਵਿਖੇ ਕਈ ਦਿਨਾਂ ਤੋਂ ਚੱਲ ਰਿਹਾ ਯੁਵਾ ਆਪਦਾ ਮਿੱਤਰ ਸਿਖਲਾਈ ਕੈਂਪ ਅੱਜ ਸਫਲਤਾਪੂਰਵਕ ਸਮਾਪਤ ਹੋਇਆ। ਸਿਖਲਾਈ ਕੈਂਪ ਵਿੱਚ 250 ਐਨ ਐਸ ਐਸ ਵਲੰਟੀਅਰਾਂ ਨੇ ਹਿੱਸਾ ਲਿਆ, ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਆਫ਼ਤਾਂ ਨਾਲ ਨਜਿੱਠਣ ਦੇ ਤਰੀਕੇ ਬਾਰੇ ਮੁੱਢਲੀ ਅਤੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ।

ਸਮਾਪਤੀ ਸਮਾਰੋਹ ਦੌਰਾਨ ਇੰਸਟ੍ਰਕਟਰ ਪ੍ਰੀਤੀ ਦੇਵੀ ਨੇ ਵਲੰਟੀਅਰਾਂ ਨੂੰ ਸੋਕੇ (ਐਸ ਓ ਏ ਕੇ) ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ, ਜਦੋਂ ਕਿ ਇੰਸਟ੍ਰਕਟਰ ਸ਼ਾਇਨਾ ਨੇ ਜੀ ਬੀ ਆਰ ਐਨ ਆਫ਼ਤਾਂ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ। ਇੰਸਟ੍ਰਕਟਰਾਂ ਨੇ ਆਫ਼ਤ ਸਥਿਤੀਆਂ ਲਈ ਤੇਜ਼, ਸੁਰੱਖਿਅਤ ਅਤੇ ਯੋਜਨਾਬੱਧ ਪ੍ਰਤੀਕਿਰਿਆ ਲਈ ਤਕਨੀਕਾਂ 'ਤੇ ਵੀ ਜ਼ੋਰ ਦਿੱਤਾ।

ਸਮਾਰੋਹ ਵਿੱਚ ਵਲੰਟੀਅਰਾਂ ਨੂੰ ਸਰਟੀਫਿਕੇਟ ਵੰਡੇ ਗਏ ਅਤੇ ਇੱਕ ਸੱਭਿਆਚਾਰਕ ਪ੍ਰੋਗਰਾਮ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਅਤੇ ਦਰਸ਼ਕਾਂ ਤੋਂ ਤਾੜੀਆਂ ਪ੍ਰਾਪਤ ਕੀਤੀਆਂ। ਕੋਆਰਡੀਨੇਟਰ ਅੰਕੁਰ ਸ਼ਰਮਾ ਨੇ ਮੈਗਸੀਪਾ ਵੱਲੋਂ ਸ਼ਾਨਦਾਰ ਵਲੰਟੀਅਰਾਂ ਦਾ ਸਨਮਾਨ ਕੀਤਾ। ਸ਼ੁਭਮ ਵਰਮਾ, ਸਚਿਨ ਸ਼ਰਮਾ, ਸਲੋਨੀ ਸ਼ਰਮਾ, ਅਮਨ ਠਾਕੁਰ, ਸ਼ਿਵ ਮੂਰਤੀ, ਆਯੁਸ਼ ਅਤੇ ਮੈਗਸੀਪਾ ਟੀਮ ਦੇ ਹੋਰ ਮੈਂਬਰ ਵੀ ਇਸ ਮੌਕੇ ਮੌਜੂਦ ਸਨ।

ਕੈਂਪ ਦੀ ਸਮਾਪਤੀ 'ਤੇ ਆਪਣੇ ਅਨੁਭਵ ਸਾਂਝੇ ਕਰਦੇ ਹੋਏ ਵਲੰਟੀਅਰਾਂ ਨੇ ਕਿਹਾ ਕਿ ਸੱਤ ਦਿਨਾਂ ਦੀ ਸਿਖਲਾਈ ਨੇ ਉਨ੍ਹਾਂ ਦੇ ਆਤਮਵਿਸ਼ਵਾਸ ਵਿੱਚ ਕਾਫ਼ੀ ਵਾਧਾ ਕੀਤਾ ਹੈ ਅਤੇ ਆਫ਼ਤ ਪ੍ਰਬੰਧਨ ਦੀ ਉਨ੍ਹਾਂ ਦੀ ਸਮਝ ਨੂੰ ਮਜ਼ਬੂਤ ਕੀਤਾ ਹੈ।

# ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ: ਹਰਜੋਤ ਸਿੰਘ ਬੈਂਸ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾਂਜਲੀ ਦੇਣ ਲਈ ਮਤਾ ਪੇਸ਼

**ਚੰਡੀਗੜ੍ਹ, 25 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਅੱਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਕਰਵਾਇਆ ਗਿਆ। ਇਸ ਦੌਰਾਨ ਪੰਜਾਬ ਦੇ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਧਰਮ ਦੀ ਰਾਖੀ ਅਤੇ ਸਾਰਿਆਂ ਦੇ ਹੱਕਾਂ ਲਈ ਨੌਵੇਂ ਪਾਤਸ਼ਾਹ ਵੱਲੋਂ ਦਿੱਤੀ ਗਈ ਲਾਸਾਨੀ ਸ਼ਹਾਦਤ ਅਤੇ ਸਰਬਉੱਚ ਬਲੀਦਾਨ ਨੂੰ ਸਿਜਦਾ ਕਰਨ ਲਈ ਇੱਕ ਅਧਿਕਾਰਤ ਮਤਾ ਪੇਸ਼ ਕੀਤਾ।

ਪੰਜਾਬ ਵਿਧਾਨ ਸਭਾ ਵਿੱਚ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਸਦਨ ਵਿੱਚ ਸੰਬੋਧਨ ਕਰਦਿਆਂ ਸ. ਬੈਂਸ ਨੇ ਤਿੰਨ ਗੁਰਸਿੱਖਾਂ ਭਾਈ ਮਤੀ ਦਾਸ ਦੀ, ਭਾਈ ਸਤੀ ਦਾਸ ਦੀ ਅਤੇ ਭਾਈ ਦਿਆਲਾ ਜੀ ਨੂੰ ਵੀ ਯਾਦ ਕੀਤਾ। ਉਨ੍ਹਾਂ ਨੇ ਗੁਰੂ ਸਾਹਿਬ ਦੀ ਸ਼ਹਾਦਤ ਦੀ ਕੌਮੀ ਮਹੱਤਤਾ ਨੂੰ ਵੀ ਉਜਾਗਰ ਕੀਤਾ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਦੀ ਲਾਸਾਨੀ ਸ਼ਹਾਦਤ ਨੇ ਦੇਸ਼ ਵਿੱਚ ਧਰਮ ਨਿਰਪੱਖਤਾ ਦਾ ਬੀਜ ਬੋਇਆ। ਉਨ੍ਹਾਂ ਕਿਹਾ ਕਿ ਜੇਕਰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਧਰਮ ਅਤੇ ਅਕੀਦੇ ਦੀ ਆਜ਼ਾਦੀ ਵਾਸਤੇ ਕੁਰਬਾਨੀ ਨਾ ਦਿੱਤੀ ਹੁੰਦੀ ਤਾਂ ਅੱਜ ਸਾਡੇ ਦੇਸ਼ ਦਾ ਨਕਸ਼ਾ ਅਤੇ ਧਾਰਮਿਕ ਰੰਗਤ ਵੱਖਰੀ ਹੀ ਹੁੰਦੀ। ਗੁਰੂ ਸਾਹਿਬ ਨੇ ਉਸ ਸਮੇਂ ਸ਼ਾਸਕਾਂ ਦੇ ਜ਼ੁਲਮਾਂ ਦਾ ਡੱਟ ਕੇ ਸਾਹਮਣਾ ਕੀਤਾ।ਜਦੋਂ ਹਿੰਦੂ ਭਾਈਚਾਰੇ ਦੀ ਧਾਰਮਿਕ ਆਜ਼ਾਦੀ ਖ਼ਤਰੇ ਵਿੱਚ ਸੀ, ਤਾਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਉਨ੍ਹਾਂ ਦੀ ਢਾਲ ਬਣ ਗਏ। ਉਨ੍ਹਾਂ ਕਿਹਾ ਕਿ ਹੋਰਨਾਂ ਧਰਮਾਂ ਦੇ ਸਨਮਾਨ ਅਤੇ ਰਾਖੀ ਪ੍ਰਤੀ ਅਜਿਹੀ ਲਾਸਾਨੀ ਸ਼ਹਾਦਤ ਦੀ ਉਦਾਹਰਣ ਵਿਸ਼ਵ ਦੇ ਇਤਿਹਾਸ ਵਿੱਚ ਹੋਰ ਕਿਧਰੇ ਨਹੀਂ ਮਿਲਦੀ।

ਸ੍ਰੀ ਅਨੰਦਪੁਰ ਸਾਹਿਬ ਤੋਂ ਵਿਧਾਇਕ ਸ. ਬੈਂਸ ਨੇ ਖ਼ਾਲਸੇ ਦੀ ਜਨਮ ਭੂਮੀ ਪ੍ਰਤੀ ਆਪਣੀ ਡੂੰਘੀ ਅਤੇ ਇਤਿਹਾਸਕ ਭਾਵਨਾ ਉਜਾਗਰ ਕੀਤੀ। ਉਨ੍ਹਾਂ ਕਿਹਾ ਕਿ ਅਨੰਦਪੁਰ ਸਾਹਿਬ ਦੀ ਇਹ ਪਵਿੱਤਰ ਮਿੱਟੀ, ਜਿਸਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਖੁਦ ਵਸਾਇਆ ਅਤੇ ਆਪਣੀ ਸਤਿਕਾਰਯੋਗ ਮਾਤਾ ਦੇ ਨਾਮ 'ਤੇ ਇਸਨੂੰ 'ਚੱਕ ਨਾਨਕੀ' ਦਾ ਨਾਮ ਦਿੱਤਾ, ਇਹ ਉਹੀ ਧਰਤੀ ਹੈ ਜਿੱਥੋਂ



ਗੁਰੂ ਸਾਹਿਬ ਦਿੱਲੀ ਲਈ ਆਪਣੀ ਅੰਤਿਮ ਯਾਤਰਾ ਉੱਤੇ ਰਵਾਨਾ ਹੋਏ ਸੀ। ਇਹ ਉਹ ਅਸਥਾਨ ਹੈ ਜਿੱਥੇ ਕਸ਼ਮੀਰੀ ਪੰਡਤ ਇਨਸਾਫ਼ ਦੀ ਅਪੀਲ ਲੈ ਕੇ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਏ ਸਨ।

ਉਨ੍ਹਾਂ ਇਸ ਧਰਤੀ 'ਤੇ ਦਿਖਾਈ ਗਈ ਬੇਮਿਸਾਲ ਭਾਵਨਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਸੇ ਧਰਤੀ 'ਤੇ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ) ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਪੂਰੇ ਸਨਮਾਨ ਨਾਲ ਲੈ ਕੇ ਆਏ ਸਨ ਅਤੇ ਇੱਥੇ ਹੀ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਆਪਣੇ ਗਲੇ ਨਾਲ ਲਗਾ ਕੇ ਉਨ੍ਹਾਂ ਨੂੰ 'ਰੰਗਰੇਟੇ ਗੁਰੂ ਕੇ ਬੇਟੇ' ਕਹਿ ਕੇ ਸਨਮਾਨ ਦਿੱਤਾ ਸੀ।

ਗੁਰੂ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਯਾਦਗਾਰੀ ਸਮਾਗਮਾਂ ਲਈ ਪੰਜਾਬ ਸਰਕਾਰ ਵੱਲੋਂ ਉਲੀਕੇ ਪ੍ਰੋਗਰਾਮਾਂ ਦਾ ਵੇਰਵਾ ਦਿੰਦਿਆਂ ਸ. ਬੈਂਸ ਨੇ ਕਿਹਾ ਕਿ ਇਹਨਾਂ ਸਮਾਗਮਾਂ ਨੂੰ ਪੂਰੇ ਮਾਣ ਸਨਮਾਨ ਨਾਲ ਮੁਕੰਮਲ ਕਰਨਾ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸਮਰਪਿਤ ਕਮੇਟੀ ਬਣਾਈ ਗਈ ਸੀ। ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਇਹਨਾਂ ਸਮਾਗਮਾਂ ਦੀ ਲੜੀ ਕਰਵਾਈ ਗਈ, ਜਿਸ ਵਿੱਚ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ, ਚਾਰ ਨਗਰ ਕੀਰਤਨ, ਸਰਬ ਧਰਮ ਸੰਮੇਲਨ, ਲਾਈਟ ਐਂਡ ਸਾਊਂਡ ਸ਼ੋਅ, ਡਰੋਨ ਸ਼ੋਅ ਅਤੇ ਗੁਰੂ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਸਮਰਪਿਤ ਵਿਦਿਅਕ ਪ੍ਰੋਗਰਾਮ ਸ਼ਾਮਲ ਹਨ।

ਉਨ੍ਹਾਂ ਨੇ ਬੁਨਿਆਦੀ ਢਾਂਚੇ ਦੇ ਪ੍ਰਬੰਧਾਂ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ, ਜਿਸ ਵਿੱਚ ਤਿੰਨ ਟੈਂਟ ਸਿਟੀਜ਼, ਸੁਚਾਰੂ ਪਾਰਕਿੰਗ, ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣ ਵਾਲੀ ਸੰਗਤ ਲਈ ਇੱਕ ਸਮਰਪਿਤ ਮੋਬਾਈਲ ਐਪਲੀਕੇਸ਼ਨ ਅਤੇ ਵੈੱਬਸਾਈਟ, ਅਤੇ ਵਾਤਾਵਰਣ-ਪੱਖੀ ਈ-ਰਿਕਸ਼ਾ ਤੇ ਸ਼ਟਲ ਸੇਵਾਵਾਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਗੁਰੂ ਸਾਹਿਬ ਦੀ ਮਹਾਨ ਵਿਰਾਸਤ ਨੂੰ ਸਨਮਾਨ ਦੇਣ ਲਈ ਸਮੁੱਚੀ ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਹਰਜੋਤ ਸਿੰਘ ਬੈਂਸ ਨੇ ਸਾਰਿਆਂ ਨੂੰ ਇਸ ਇਤਿਹਾਸਕ ਸਮਾਰੋਹ ਵਿੱਚ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਅਸੀਂ ਫ਼ੰਡਾਂ ਦੀ ਪਰਵਾਹ ਕੀਤੇ ਬਿਨਾਂ ਪੂਰੀ ਸ਼ਰਧਾ ਅਤੇ ਸਨਮਾਨ ਨਾਲ ਆਪਣਾ ਫਰਜ਼ ਨਿਭਾ ਰਹੇ ਹਾਂ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਪ੍ਰਤੀ ਸੱਚੀ ਸ਼ਰਧਾਂਜਲੀ ਸੱਚ, ਨਿਆਂ ਅਤੇ ਧਾਰਮਿਕ ਆਜ਼ਾਦੀ ਲਈ ਉਨ੍ਹਾਂ ਦੇ ਸਦੀਵੀ ਸੰਦੇਸ਼ ਦਾ ਵੱਧ ਤੋਂ ਵੱਧ ਪ੍ਰਸਾਰ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਸਮਾਗਮ ਹੀ ਨਹੀਂ, ਸਗੋਂ ਪੰਜਾਬ ਅਤੇ ਦੇਸ਼ ਦੀਆਂ ਮੂਲ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਇੱਕ ਵਿਸ਼ੇਸ਼ ਪਹਿਲ ਹੈ। ਬੈਂਸ ਨੇ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਪ੍ਰੇਰਨਾ ਦਾ ਸਦੀਵੀ ਸਰੋਤ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਦਾ ਚਾਨਣ ਮੁਨਾਰਾ ਰਹੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਬਹਾਦਰੀ, ਦਇਆ ਅਤੇ ਸੱਚਾਈ ਪ੍ਰਤੀ ਅਟੁੱਟ ਵਚਨਬੱਧਤਾ ਦੇ ਮੁੱਲਾਂ ਨੂੰ ਦਰਸਾਉਂਦੀ ਹੈ। ਇਹੀ ਕਦਰਾਂ ਕੀਮਤਾਂ ਨੂੰ ਅਸੀਂ ਆਪਣੀ ਸਿੱਖਿਆ ਪ੍ਰਣਾਲੀ ਅਤੇ ਆਪਣੇ ਸਮਾਜ ਵਿੱਚ ਸਥਾਪਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਸਾਰੇ ਧਾਰਮਿਕ ਭਾਈਚਾਰਿਆਂ ਦੇ ਲੋਕ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਅਮੀਰ ਅਧਿਆਤਮਿਕ ਵਿਰਾਸਤ ਦਾ ਬਹੁਤ ਸਨਮਾਨ ਕਰਦੇ ਹਾਂ। ਉਨ੍ਹਾਂ ਨੇ ਹਰੇਕ ਵਿਅਕਤੀ ਨੂੰ ਗੁਰੂ ਸਾਹਿਬ ਦੇ ਜੀਵਨ ਤੋਂ ਸੇਧ ਲੈਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਇਹ ਸਮਾਗਮ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੁਆਰਾ ਦਰਸਾਏ ਧਰਮ ਨਿਰਪੱਖਤਾ, ਵਿਸ਼ਵਵਿਆਪੀ ਭਾਈਚਾਰੇ ਅਤੇ ਮਨੁੱਖੀ ਕਦਰਾਂ ਕੀਮਤਾਂ ਦੇ ਸੰਦੇਸ਼ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਉਨ੍ਹਾਂ ਨੇ ਸਮੁੱਚੀ ਸੰਗਤ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਅਪਣਾਉਣ ਅਤੇ ਸਮਾਜ ਵਿੱਚ ਸ਼ਾਂਤੀ, ਸਹਿਣਸ਼ੀਲਤਾ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਦਿਆਂ ਸਭਨਾਂ ਦੀ ਭਲਾਈ ਲਈ ਯਤਨਸ਼ੀਲ ਹੋਣ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਕੌਮੀ ਪੱਧਰ ਉੱਤੇ ਨੌਵੇਂ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਮਨਾਇਆ ਜਾਣਾ ਚਾਹੀਦਾ ਹੈ।

# ਸ਼੍ਰੀ ਰਾਜ ਕੁਮਾਰ ਅੱਗਰਵਾਲ ਬਣੇ ਸ਼੍ਰੀ ਸਨਾਤਨ ਧਰਮ ਮਹਾਂਵੀਰ ਦਲ ਦੇ ਪ੍ਰਧਾਨ



**ਮਲੇਰਕੋਟਲਾ, 25 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮਹਾਵੀਰ ਦਲ ਦੀ ਇੱਕ ਮੀਟਿੰਗ ਰਾਸ਼ਟਰੀ ਪ੍ਰਧਾਨ ਮਹੰਤ ਸਵਰੂਪ ਬਿਹਾਰੀ ਸ਼ਰਨ ਦੀ ਪ੍ਰਧਾਨਗੀ 'ਚ ਹੋਈ, ਜਿਸ 'ਚ ਸਨਮਾਨ ਸਮਾਰੋਹ ਨੂੰ ਸਫਲਤਾ ਪੂਰਨ ਸਮਾਪਨ ਦੀ ਖੁਸ਼ੀ 'ਚ ਸਭ ਦਾ ਧੰਨਵਾਦ ਕੀਤਾ ਗਿਆ। ਇਸ ਸਨਮਾਨ ਸਮਾਰੋਹ 'ਚ ਸਾਰੇ ਸ਼ਹਿਰ ਵਾਸਿਆਂ ਦਾ ਸਹਿਯੋਗ ਰਿਹਾ। ਇਸ ਮੀਟਿੰਗ 'ਚ ਸ਼੍ਰੀ ਸਨਾਤਨ ਧਰਮ ਮਹਾਂਵੀਰ ਦਲ ਮਾਲੇਰਕੋਟਲਾ ਦੀ ਨਵੀਂ ਚੋਣ ਕਰਵਾਈ ਗਈ, ਜਿਸ 'ਚ ਸ਼੍ਰੀ ਕੁਲਦੀਪ ਸ਼ਰਮਾ ਨੇ ਪ੍ਰਧਾਨਗੀ ਪਦ ਲਈ ਸ਼੍ਰੀ ਰਾਜ ਕੁਮਾਰ ਅੱਗਰਵਾਲ ਦਾ ਨਾਮ ਪੇਸ਼ ਕੀਤਾ ਸੀ, ਜਿਸ ਤੇ ਵਿਜੇ ਸ਼ਰਮਾ, ਸੁਰਿੰਦਰ ਧੀਮਾਨ ਨੇ ਆਪਣੀ ਸਹਿਮਤੀ ਜਤਾਈ ਜਿਸ ਨੂੰ ਪ੍ਰਵਾਨ ਕਰਦਿਆਂ ਸਰਵਸੰਮਤੀ ਨਾਲ ਸ਼੍ਰੀ ਰਾਜ ਕੁਮਾਰ ਅੱਗਰਵਾਲ ਨੂੰ ਪ੍ਰਧਾਨ ਚੁਣਿਆ ਗਿਆ। ਸ਼੍ਰੀ ਰਾਜਕੁਮਾਰ ਅੱਗਰਵਾਲ ਨੂੰ ਆਪਣੀ ਨਵੀਂ ਕਾਰਜਕਰਨੀ ਬਣਾਉਣ ਦਾ ਵੀ ਅਧਿਕਾਰ ਦਿੱਤਾ ਗਿਆ। ਉਨ੍ਹਾਂ ਨੇ ਮੌਕੇ ਤੇ ਹੀ ਆਪਣੀ ਨਵੀਂ ਕਾਰਜਕਰਨੀ ਦਾ ਐਲਾਨ ਕਰਦਿਆਂ ਮੁੱਖ ਸਰੰਕਸ਼ਕ ਸ਼੍ਰੀ ਕੇਵਲ ਜਿੰਦਲ, ਸਸਰਕਸ਼ਕ ਸ਼੍ਰੀ ਮੋਹਨ ਲਾਲ ਸਿੰਗਲਾ ਤੋਂ ਇਲਾਵਾ ਸ਼੍ਰੀ ਵਿਜੇ ਸ਼ਰਮਾ, ਸ.ਸੁਰਿੰਦਰ ਸਿੰਘ ਓਬਰਾਏ, ਪ੍ਰਦੀਪ ਸਿੰਘ ਭਨੋਟ ਐਡਵੋਕੇਟ ਨੂੰ ਚੇਅਰਮੈਨ, ਅਨਿਲ ਮੋਦੀ ਸੀਨੀਅਰ ਵਾਇਸ ਚੇਅਰਮੈਨ, ਡਾ.ਸੌਰਭ ਕਪੂਰ, ਕ੍ਰਿਸ਼ਨ ਗੋਪਾਲ ਕਾਂਸਲ, ਮੁਕੇਸ਼ ਦੁਆ ਸੀਨੀਅਰ ਵਾਇਸ ਪ੍ਰਧਾਨ, ਸੁਰਿੰਦਰ ਧੀਮਾਨ ਵਾਇਸ ਪ੍ਰਧਾਨ, ਅਨੂਪ ਚੌਪੜਾ, ਹਰਿਓਮ ਗੋਇਲ, ਛੱਜੂ ਰਾਮ ਨੂੰ ਜਰਨਲ ਸੈਕਟਰੀ, ਅਜੇ ਸ਼ਰਮਾ ਸੈਕਟਰੀ, ਪ੍ਰਸ਼ਾਂਤ ਮਹਾਜਨ, ਸਮੀਰ ਕੌਸ਼ਿਕ, ਕੁਲਦੀਪ ਸ਼ਰਮਾ ਕੈਸ਼ੀਅਰ, ਬੀਨੂ ਗੁਪਤਾ, ਪ੍ਰਚਾਰ ਮੰਤਰੀ, ਮਹੇਸ਼ ਕਾਂਸਲ, ਗਗਨ ਭਾਰਦਵਾਜ ਮੀਡਿਆ ਇੰਚਾਰਜ਼, ਚੇਤਨ ਸ਼ਰਮਾ, ਅਸ਼ਵਨੀ ਸ਼ਰਮਾ, ਬੇਅੰਤ ਕਿੰਗਰ, ਵਿਜੇ ਸ਼ਰਮਾ, ਰਵਿੰਦਰ ਸੈਨੀ, ਅਭੈ ਕਾਂਸਲ, ਵਰੁਣ ਸ਼ਰਮਾ, ਪਵਨ ਗੇਰਾ, ਅਨਮੋਲ ਗੋਇਲ ਤੇ ਕੈਪਟਨ ਦੀਨਾ ਨਾਥ ਕਾਰਜਕਰਨੀ ਮੈਂਬਰ ਚੁਣੇ ਗਏ।

ਇਸ ਮੌਕੇ ਤੇ ਸਾਰਿਆਂ ਮੈਂਬਰਾਂ ਵੱਲੋਂ ਮਹੰਤ ਸਵਰੂਪ ਬਿਹਾਰੀ ਸ਼ਰਨ ਨੂੰ ਵਧਾਈ ਦਿੰਦਿਆਂ ਸ਼ਾਲ ਅਤੇ ਮਾਲਾ ਪਾ ਕੇ ਸਮਾਨਿਤ ਕੀਤਾ ਗਿਆ। ਮਹੰਤ ਸਵਰੂਪ ਬਿਹਾਰੀ ਸ਼ਰਨ ਵੱਲੋਂ ਸ਼੍ਰੀ ਰਾਜ ਕੁਮਾਰ ਅੱਗਰਵਾਲ ਨੂੰ ਵਧਾਈ ਦਿੱਤੀ ਅਤੇ ਸਰੋਪਾ ਪਾ ਕੇ ਸਮਾਨਿਤ ਕੀਤਾ।

ਸ਼੍ਰੀ ਰਾਜ ਕੁਮਾਰ ਅੱਗਰਵਾਲ ਨੇ ਨਵੀਂ ਕਾਰਜਕਰਨੀ ਨੂੰ ਭਰੋਸਾ ਦਿੰਦਿਆਂ ਹਾਜਰੀਨ ਸਭਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮਾਜ ਸੇਵਾ ਦੇ ਹਰੇਕ ਕਾਰਜ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣਗੇ ਅਤੇ ਤਨ, ਮਨ ਅਤੇ ਧੰਨ ਨਾਲ ਸਮਾਜ ਦੀ ਸੇਵਾ ਕਰਨਗੇ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਅਪਾਰ ਮਹਿਮਾ ਨੂੰ ਸਮਰਪਿਤ ਡਰੋਨ ਸ਼ੋਅ 'ਚ ਸ਼ਿਰਕਤ ਕੀਤੀ

**ਸ੍ਰੀ ਅਨੰਦਪੁਰ ਸਾਹਿਬ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਸੰਗਤਾਂ ਦੇ ਵੱਡੇ ਇਕੱਠ 'ਚ ਸ਼ਾਮਲ ਹੋ ਕੇ ਵਿਰਾਸਤ-ਏ-ਖਾਲਸਾ ਯਾਦਗਾਰ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਅਪਾਰ ਮਹਿਮਾ ਨੂੰ ਸਮਰਪਿਤ ਹਾਈ-ਟੈਕ ਡਰੋਨ ਸ਼ੋਅ ਵਿੱਚ ਪੂਰੀ ਸ਼ਰਧਾ ਭਾਵਨਾ ਨਾਲ ਹਾਜ਼ਰੀ ਲਵਾਈ।

ਮੁੱਖ ਮੰਤਰੀ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਵਿਰਾਸਤ-ਏ-ਖਾਲਸਾ ਯਾਦਗਾਰ ਵਿਖੇ 23 ਤੋਂ 29 ਨਵੰਬਰ ਤੱਕ ਅਤਿ-ਆਧੁਨਿਕ ਤਕਨਾਲੋਜੀ ਰਾਹੀਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਅਤੇ ਫਲਸਫ਼ੇ ਨੂੰ ਪ੍ਰਦਰਸ਼ਿਤ ਕਰਦਾ ਸ਼ਾਨਦਾਰ ਡਰੋਨ ਸ਼ੋਅ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਇਸ ਨਿਮਾਣੀ ਪਹਿਲ ਦਾ ਉਦੇਸ਼ ਅਤਿ-ਆਧੁਨਿਕ ਤਕਨਾਲੋਜੀ ਦੀ ਵਰਤੋਂ ਰਾਹੀਂ ਸੂਬੇ ਦੀਆਂ ਨੌਜਵਾਨ ਪੀੜ੍ਹੀਆਂ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀਆਂ ਸਿੱਖਿਆਵਾਂ ਤੋਂ ਜਾਣੂ ਕਰਵਾਉਣਾ ਹੈ। ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸ਼ੋਅ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਨਿਮਰ ਸ਼ਰਧਾਂਜਲੀ ਹੈ, ਜਿਸ ਰਾਹੀਂ ਗੁਰੂ ਜੀ ਦੇ ਮਹਾਨ ਜੀਵਨ, ਦਰਸ਼ਨ ਅਤੇ ਸਰਵਉੱਚ ਬਲਿਦਾਨ ਨੂੰ ਬਾਖੂਬੀ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਸ ਸ਼ੋਅ



ਰਾਹੀਂ ਸੰਗਤ ਨੂੰ 'ਹਿੰਦ ਦੀ ਚਾਦਰ'-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਧਰਮ ਨਿਰਪੱਖਤਾ, ਮਨੁੱਖਤਾ ਅਤੇ ਸ਼ਹਾਦਤ ਦੀ ਭਾਵਨਾ ਦੇ ਮਹਾਨ ਆਦਰਸ਼ਾਂ ਦਾ ਜੀਵੰਤ ਅਨੁਭਵ ਮਿਲਦਾ ਹੈ। ਉਨ੍ਹਾਂ ਕਿਹਾ ਕਿ ਇਹ ਸ਼ੋਅ ਸੰਗਤ ਨੂੰ ਡੂੰਘਾ ਰੂਹਾਨੀ ਅਨੁਭਵ ਦਿੰਦਾ ਹੈ ਕਿ ਕਿਵੇਂ ਗੁਰੂ ਸਾਹਿਬ ਨੇ ਧਰਮ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸ਼ੋਅ ਗੁਰੂ ਸਾਹਿਬ ਦੇ ਸਰਵਉੱਚ ਬਲੀਦਾਨ ਨੂੰ ਵੀ ਦਰਸਾਉਂਦਾ ਹੈ ਜੋ ਮਨੁੱਖਤਾ ਦੇ ਇਤਿਹਾਸ ਵਿੱਚ ਇੱਕ ਅਦੁੱਤੀ ਮਿਸਾਲ ਅਤੇ ਜਬਰ-ਜ਼ੁਲਮ ਖ਼ਿਲਾਫ਼ ਧਰਮ ਯੁੱਧ ਦਾ ਪ੍ਰਤੀਕ ਹੈ।

ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਮਨੁੱਖੀ ਏਕਤਾ, ਆਪਸੀ ਭਾਈਚਾਰੇ, ਨਿਡਰਤਾ, ਸੱਚਾਈ ਅਤੇ ਦਇਆ-ਭਾਵਨਾ ਦਾ ਮਾਰਗ ਦਿਖਾਉਂਦੀ ਹੈ, ਜਿਸਨੂੰ ਇਸ ਸ਼ੋਅ ਜ਼ਰੀਏ ਸਹੀ ਅਰਥਾਂ ਵਿੱਚ ਦਰਸਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਦੀ ਯਾਦ ਵਿੱਚ ਕਰਵਾਇਆ ਜਾ ਰਿਹਾ ਇਹ ਸ਼ੋਅ ਸਮੁੱਚੀ ਲੋਕਾਈ ਨੂੰ ਨੌਂਵੇ ਪਾਤਸ਼ਾਹ ਦੀ ਅਪਾਰ ਮਹਿਮਾ ਬਾਰੇ ਜਾਣੂ ਕਰਵਾਉਣ ਲਈ ਸੂਬਾ ਸਰਕਾਰ ਦਾ ਨਿਮਾਣਾ ਯਤਨ ਹੈ। ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਰਾਸਤ-ਏ-ਖ਼ਾਲਸਾ ਵਿਖੇ ਕਰਵਾਏ ਜਾ ਰਹੇ ਇਸ਼ ਆਊਟਡੋਰ ਸ਼ੋਅ ਰਾਹੀਂ ਗੁਰੂ ਸਾਹਿਬ ਦੇ ਜੀਵਨ ਬਿਰਤਾਂਤ ਨੂੰ ਵੱਖ-ਵੱਖ ਭਾਗਾਂ ਵਿੱਚ ਰੰਗੀਨ ਵਿਜ਼ੂਅਲ ਪ੍ਰੋਜੈਕਸ਼ਨਾਂ, ਉੱਨਤ ਲੇਜ਼ਰ ਤਕਨੀਕਾਂ ਅਤੇ ਪ੍ਰਭਾਵੀ ਸਾਉਂਡਟ੍ਰੈਕ ਜ਼ਰੀਏ ਪੇਸ਼ ਕੀਤਾ ਜਾ ਰਿਹਾ ਹੈ।

# ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਮੱਥਾ ਟੇਕਿਆ



**ਸ੍ਰੀ ਅਨੰਦਪੁਰ ਸਾਹਿਬ, 27 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਗੁਰਦੁਆਰਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ ਅਤੇ ਗੁਰਦੁਆਰਾ ਭੋਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਤਿੰਨ ਤਖ਼ਤ ਸਾਹਿਬਾਨ ਵਾਲੇ ਸ਼ਹਿਰਾਂ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦੇਣ ਲਈ ਬਲ ਬਖਸ਼ਣ 'ਤੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ।

ਅੰਮ੍ਰਿਤਸਰ ਸ਼ਹਿਰ ਦੇ ਅੰਦਰੂਨੀ ਹਿੱਸੇ, ਤਲਵੰਡੀ ਸਾਬੋ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਅਧਿਕਾਰਤ ਤੌਰ 'ਤੇ ਪਵਿੱਤਰ ਸ਼ਹਿਰ ਐਲਾਨਣ ਦਾ ਮਤਾ ਪਾਸ ਕਰਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਸ ਮਹਾਨ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਅਕਾਲ ਪੁਰਖ ਨੇ ਉਨ੍ਹਾਂ ਉਪਰ ਆਪਾਰ ਬਖਸ਼ਿਸ਼ਾਂ ਕੀਤੀਆਂ ਹਨ ਜੋ ਮਨੁੱਖਤਾ ਪ੍ਰਤੀ ਬਹੁਤ ਵੱਡੀ ਸੇਵਾ ਹੈ। ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਨਤਮਸਤਕ ਹੋਣ ਆਏ ਹਨ ਅਤੇ ਸਾਨੂੰ ਇਹ ਮਾਣਮੱਤਾ ਉਪਰਾਲਾ ਕਰਨ ਲਈ ਰਹਿਮਤਾਂ ਬਖ਼ਸ਼ੀਆਂ ਹਨ। ਉਨ੍ਹਾਂ ਕਿਹਾ ਕਿ ਪਰਮਾਤਮਾ ਨੇ ਉਨ੍ਹਾਂ ਨੂੰ ਇਹੋ ਜਿਹਾ ਫੈਸਲਾ ਲੈਣ ਦੀ ਤਾਕਤ ਬਖਸ਼ੀ ਹੈ, ਜਿਸ ਬਾਰੇ ਕਿਸੇ ਨੇ ਦਹਾਕਿਆਂ ਤੋਂ ਸੋਚਿਆ ਤੱਕ ਵੀ ਨਹੀਂ ਸੀ।

ਮੁੱਖ ਮੰਤਰੀ ਅਤੇ 'ਆਪ' ਦੇ ਰਾਸ਼ਟਰੀ ਕਨਵੀਨਰ ਨੇ ਕਿਹਾ ਕਿ ਸੂਬਾ ਸਰਕਾਰ ਦਾ ਇਹ ਉਪਰਾਲਾ ਸਾਡੀ ਮਹਾਨ ਸੱਭਿਆਚਾਰਕ ਅਤੇ ਅਮੀਰ ਵਿਰਾਸਤ ਨੂੰ ਖਾਸ ਕਰਕੇ ਨੌਜਵਾਨ ਪੀੜ੍ਹੀਆਂ ਵਿੱਚ ਕਾਇਮ ਰੱਖਣ ਲਈ ਹਨ ਤਾਂ ਜੋ ਉਹ ਆਪਣੀਆਂ ਜੜ੍ਹਾਂ ਨਾਲ ਜੁੜ ਸਕਣ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਜੋ ਕੌਮਾਂ ਆਪਣੇ ਅਤੀਤ ਅਤੇ ਵਿਰਾਸਤ ਨੂੰ ਭੁੱਲ ਜਾਂਦੀਆਂ ਹਨ, ਉਹ ਸਮੇਂ ਦੇ ਬੀਤਣ ਨਾਲ ਮਿਟ ਜਾਣਗੀਆਂ। ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਆਪਣੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸਦੀਵੀ ਤੌਰ 'ਤੇ ਸੁਰੱਖਿਅਤ ਰੱਖੀਏ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਵਿਲੱਖਣ ਉਪਰਾਲਾ ਸੂਬੇ ਦੀ ਭਵਨ ਨਿਰਮਾਣ ਕਲਾ, ਸੱਭਿਆਚਾਰਕ ਅਤੇ ਇਤਿਹਾਸਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਵਿੱਚ ਬਹੁਤ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਇਹ ਇਨ੍ਹਾਂ ਪਵਿੱਤਰ ਸ਼ਹਿਰਾਂ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਵਿੱਚ ਵੀ ਬਹੁਤ ਮਦਦ ਕਰੇਗਾ, ਜੋ ਸਾਡੇ ਅਮੀਰ ਸੱਭਿਆਚਾਰਕ ਅਤੇ ਵਿਰਾਸਤ ਦਾ ਕੇਂਦਰ ਹਨ। ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਇਹ ਫੈਸਲਾ ਸੂਬੇ ਵਿੱਚ ਮਨੁੱਖਤਾ ਲਈ ਚਾਨਣ ਮੁਨਾਰੇ ਦਾ ਕੰਮ ਕਰੇਗਾ।

# ਮੰਤਰਜਾਪ ਅਤੇ ਸ਼ੰਖਨਾਦ ਵਿੱਚਕਾਰ ਕੁਰੂਕਸ਼ੇਤਰ ਵਿੱਚ ਧੂਮਧਾਮ ਨਾਲ ਕੌਮਾਂਤਰੀ ਗੀਤਾ ਮਹੋਤਸਵ ਦਾ ਸ਼ੁਭਾਰੰਭ

**ਚੰਡੀਗੜ੍ਹ, 25 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮੰਤਰਜਾਪ ਅਤੇ ਸ਼ੰਖਨਾਦ ਦੀ ਗੂੰਜ ਨਾਲ ਅੱਜ ਕੁਰੂਕਸ਼ੇਤਰ ਵਿੱਚ ਕੌਮਾਂਤਰੀ ਗੀਤਾ ਮਹੋਤਸਵ-2025 ਵਿੱਚ ਪਵਿੱਤਰ ਗ੍ਰੰਥ ਗੀਤਾ ਦਾ ਪੂਜਨ ਕੀਤਾ ਗਿਆ। ਪਵਿੱਤਰ ਗ੍ਰੰਥ ਗੀਤਾ ਦੇ ਮਹਾਪੂਜਨ ਅਤੇ ਗੀਤਾ ਦੇ ਸ਼ਲੋਕਾਂ ਦੇ ਉੱਚਾਰਨ ਵਿੱਚ ਕੁਰੂਕਸ਼ੇਤਰ ਦੇ ਕੌਮਾਂਤਰੀ ਗੀਤਾ ਮਹੋਤਸਵ-2025 ਦਾ ਸ਼ੁਭਾਰੰਭ ਹੋਇਆ।

ਇਸ ਦੇ ਨਾਲ ਹੀ ਅੱਜ ਬ੍ਰਹਿਮਸਰੋਵਰ ਦੇ ਚਾਰੇ ਪਾਸੇ ਪਵਿੱਤਰ ਗ੍ਰੰਥ ਗੀਤਾ ਦੇ ਸ਼ਲੋਕਾਂ ਨਾਲ ਪੂਰਾ ਵਾਤਾਵਰਣ ਗੂੰਜ ਉਠਿਆ। ਰੱਖਿਆ ਮੰਤਰੀ ਸ੍ਰੀ ਰਾਜਨਾਥ ਸਿੰਘ, ਕੈਬੀਨੇਟ ਮੰਤਰੀ ਸ੍ਰੀ ਅਨਿਲ ਵਿਜ, ਕੈਬਿਨੇਟ ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ, ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ, ਕੁਰੂਕਸ਼ੇਤਰ ਲੋਕਸਭਾ ਖੇਤਰ ਦੇ ਸਾਂਸਦ ਸ੍ਰੀ ਨਵੀਨ ਜਿੰਦਲ, ਸਾਬਕਾ ਰਾਜ ਮੰਤਰੀ ਸ੍ਰੀ ਸੁਭਾਸ਼ ਸੁਧਾ ਨੇ ਗੀਤਾ ਯਗ ਵਿੱਚ ਪੂਰਨ ਆਹੁਤਿ ਪਾਈ ਅਤੇ ਬ੍ਰਹਿਮਸਰੋਵਰ ਦਾ ਪੂਜਨ ਕੀਤਾ।

ਬ੍ਰਹਿਮਸਰੋਵਰ ਦੇ ਪੁਰੁਸ਼ੋਤਮਪੁਰਾ ਬਾਗ ਵਿੱਚ ਮਹਿਮਾਨਾਂ ਦਾ ਆਗਮਨ ਹੋਇਆ ਅਤੇ ਮੰਤਰਾਂ ਨਾਲ ਮੁੱਖ ਮੰਤਰੀ ਦੇ ਰਾਜਨੀਤਿਕ ਸਲਾਹਕਾਰ ਸ੍ਰੀ ਭਾਰਤ ਭੂਸ਼ਣ ਭਾਰਤੀ, ਹਰਿਆਣਾ ਸਰਸਵਤੀ ਧਰੋਹਰ ਵਿਕਾਸ ਬੋਰਡ ਦੇ ਡਿਪਟੀ ਪ੍ਰਧਾਨ ਸ੍ਰੀ ਧੂਮਨ ਸਿੰਘ, ਭਾਜਪਾ ਜ਼ਿਲ੍ਹਾ ਪ੍ਰਧਾਨ ਸ੍ਰੀ ਤਿਜੇਂਦਰ ਸਿੰਘ ਗੋਲਡੀ, ਕੇਬੀਡੀ ਦੇ ਮਾਨਦ ਸਕੱਤਰ ਸ੍ਰੀ ਉਪੇਂਦਰ ਸਿੰਘਲ ਨੇ ਰੀਤੀ ਰਿਵਾਜਾਂ ਨਾਲ ਸੁਆਗਤ ਕੀਤਾ।

ਰੱਖਿਆ ਮੰਤਰੀ ਸ੍ਰੀ ਰਾਜਨਾਥ ਸਿੰਘ ਨੇ ਗੀਤਾ ਯਗ ਵਿੱਚ ਪੂਰਨ ਆਹੁਤਿ ਪਾਉਣ ਤੋਂ ਬਾਅਦ ਪਵਿੱਤਰ ਗ੍ਰੰਥ ਗੀਤਾ ਦਾ ਪੂਜਨ ਕੀਤਾ ਗਿਆ। ਉਨ੍ਹਾਂ ਨੇ ਦੇਸ਼ ਅਤੇ ਸੂਬਾਵਾਸਿਆਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਧਰਮਨਗਰੀ ਕੁਰੂਕਸ਼ੇਤਰ ਵਿੱਚ ਸੰਸਕ੍ਰਿਤੀ, ਗਿਆਨ ਅਤੇ ਕਲਾ ਦਾ ਸ਼ਾਨਦਾਰ ਸੰਗਮ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਪਵਿੱਤਰ ਧਰਤੀ 'ਤੇ ਸਰਸਵਤੀ ਦੇ ਘਾਟ 'ਤੇ ਹੀ ਵੇਦ, ਉਪਨਿਸ਼ਦ ਅਤੇ ਪੁਰਾਣਾਂ ਦੀ ਰਚਨਾ ਹੋਈ। ਇਨ੍ਹਾਂ ਹੀ ਨਹੀਂ ਸਮ੍ਰਾਟ ਹਰਸ਼ਵਰਧਨ ਦੀ ਵੈਭਵਸ਼ਾਲੀ ਰਾਜਧਾਨੀ ਥਾਨੇਸਰ ਵੀ ਇੱਥੇ ਹੀ ਹੈ। ਕੁਰੂਥਸ਼ੇਤਰ ਦੀ ਇਸੇ ਮਹੱਤਵ ਨੂੰ ਜਾਣਦੇ ਹੋਏ ਭਗਵਾਨ ਸ਼੍ਰੀ ਕ੍ਰਿਸ਼ਣ ਨੇ ਇਸ ਨੂੰ ਮਹਾਭਾਰਤ ਦੇ ਯੁੱਧ ਨਹੀ ਚੌਣ ਕੀਤਾ, ਇੱਥੇ ਹੀ ਅਰਜੁਨ ਨੂੰ ਕਰਮਯੋਗ ਦਾ ਸ਼ਾਨਦਾਰ ਸੰਦੇਸ਼ ਦਿੱਤਾ ਜੋ ਅੱਜ ਵੀ ਮਨੁੱਖਤਾ ਲਈ ਪ੍ਰੇਰਣਾ ਸਰੋਤ ਹੈ।

ਕੈਬਿਨੇਟ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਗੀਤਾ ਸਿਰਫ਼ ਦਾਰਸ਼ਨਿਕ ਅਤੇ ਅਧਿਆਤਮ ਨਜ਼ਰਇਏ ਨਾਲ ਹੀ ਮਹੱਤਵਪੂਰਨ ਨਹੀਂ ਸਗੋਂ ਇਸ ਦੀ ਵਿਵਹਾਰਿਕ ਜੀਵਨ ਵਿੱਚ ਵੀ ਉਪਯੋਗਿਤਾ ਹੈ। ਇਹ ਗਿਆਨ ਵਿਗਿਆਨ ਦਾ ਅਨੋਖਾ ਉਦਾਹਰਨ ਹੈ ਇਹੀ ਕਾਰਨ ਹੈ ਕਿ ਗੀਤਾ ਭਾਰਤੀਆਂ ਨੂੰ ਹੀ ਨਹੀਂ ਸਗੋਂ ਵਿਦੇਸ਼ਿਆਂ ਨੂੰ ਵੀ ਪਿਆਰੀ ਹੈ। ਪਿਛਲੇ 9 ਸਾਲਾਂ ਤੋਂ ਮਹੋਤਸਵ ਨੂੰ ਅਪਾਰ ਸਫਲਤਾ ਅਤੇ ਲੋਕਪ੍ਰਿਯਤਾ ਮਿਲੀ, ਸਾਲ 2019 ਵਿੱਚ ਇਹ ਮਹੋਤਸਵ ਦੇਸ਼ ਤੋਂ ਬਾਹਰ ਮਾਰੀਸ਼ਸ, ਲੰਦਨ, ਕੈਨਾਡਾ, ਆਸਟ੍ਰੇਲਿਆ ਅਤੇ ਸ੍ਰੀਲੰਕਾ ਆਦਿ ਦੇਸ਼ਾਂ ਵਿੱਚ ਵੀ ਮਨਾਇਆ ਗਿਆ। ਕੈਬਿਨੇਟ ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ ਨੇ ਕਿਹਾ ਕਿ ਇਸ ਮਹੋਤਸਵ ਵਿੱਚ ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਲੋਕ ਸ਼ਿਰਕਤ ਕਰਦੇ ਹਨ ਅਤੇ ਇਸ ਮਹੋਤਸਵ ਦਾ ਆਨੰਦ ਮਾਣਦੇ ਹਨ। ਮਹੋਤਸਵ 5 ਦਸੰਬਰ ਤੱਕ ਜਾਰੀ ਰਵੇਗਾ। ਕੌਮਾਂਤਰੀ ਗੀਤਾ ਮਹੋਤਸਵ ਨੂੰ ਲੈ ਕੇ ਪੂਰੇ ਸੂਬੇ ਵਿੱਚ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਵਾਰ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਮੱਧ ਪ੍ਰਦੇਸ਼ ਸਹਿਯੋਗੀ ਰਾਜ ਵੱਜੋਂ ਸ਼ਿਰਕਤ ਕਰ ਰਿਹਾ ਹੈ।

ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ ਨੇ ਗੀਤਾ ਜੈਯੰਤੀ ਦੀ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਕੌਮਾਂਤਰੀ ਗੀਤਾ ਮਹੋਤਸਵ 2025 ਵਿੱਚ ਸਰਸ ਅਤੇ ਦਸਤਕਾਰੀ ਮੇਲੇ ਦਾ ਆਗਾਜ ਰ ਨਾਲ ਹੋ ਚੁੱਕਾ ਹੈ।

# ਚੇਤਨਾ ਵਿੱਦਿਅਕ ਟੂਰ ਤਹਿਤ ਵਿਦਿਆਰੀਥੀਆਂ ਨੂੰ ਕਰਵਾਇਆ ਜ਼ਿਲ੍ਹਾ ਚੋਣ ਦਫ਼ਤਰ ਦਾ ਦੌਰਾ




**ਜਲੰਧਰ, 25 ਨਵੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਦੀ ਨਿਵੇਕਲੀ ਪਹਿਲ 'ਚੇਤਨਾ ਵਿੱਦਿਅਕ ਟੂਰ' ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੋਫੀ ਪਿੰਡ ਅਤੇ ਡਿਪਸ ਸਕੂਲ ਅਰਬਨ ਇਸਟੇਟ, ਜਲੰਧਰ ਦੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਚੋਣ ਦਫਤਰ ਦਾ ਦੌਰਾ ਕਰਵਾਇਆ ਗਿਆ। ਟੂਰ ਦੌਰਾਨ ਵਿਦਿਆਰਥੀਆਂ ਨੂੰ ਚੋਣ ਪ੍ਰਕਿਰਿਆ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਲੋਕਤੰਤਰ ਦੀ ਮਜ਼ਬੂਤੀ ਵਿੱਚ ਨੌਜਵਾਨਾਂ ਦੀ ਮਹੱਤਵਪੂਰਣ ਭੂਮਿਕਾ ਬਾਰੇ ਜਾਗਰੂਕ ਕੀਤਾ ਗਿਆ।

ਚੋਣ ਤਹਿਸੀਲਦਾਰ ਸੁਖਦੇਵ ਸਿੰਘ ਨੇ ਵਿਦਿਆਰਥੀਆਂ ਨੂੰ ਵੋਟ ਰਜਿਸਟ੍ਰੇਸ਼ਨ ਲਈ ਵਰਤੇ ਜਾਣ ਵਾਲੇ ਵੱਖ-ਵੱਖ ਫਾਰਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਨਵੀਂ ਵੋਟ ਬਣਾਉਣ ਲਈ ਫਾਰਮ ਨੰ. 6, ਵੋਟਰ ਸੂਚੀ ਵਿੱਚ ਦਰਜ ਵੋਟ ਕਟਵਾਉਣ ਲਈ ਫਾਰਮ ਨੰ. 7, ਵੋਟਰ ਕਾਰਡ ਵਿੱਚ ਦਰੁੱਸਤੀ ਕਰਵਾਉਣ ਲਈ/ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਸ਼ਿਫਟਿੰਗ ਲਈ/ਡੁਪਲੀਕੇਟ ਵੋਟਰ ਕਾਰਡ ਪ੍ਰਾਪਤ ਕਰਨ ਲਈ/ ਪੀ.ਡਬਲਯੂ.ਡੀ. ਵਜੋਂ ਮਾਰਕਿੰਗ ਲਈ ਫਾਰਮ ਨੰ. 8 , ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਲਈ ਫਾਰਮ ਨੰ. 6-ਬੀ ਅਤੇ ਐਨ. ਆਰ.ਆਈ. ਨੂੰ ਵੋਟਰ ਵਜੋਂ ਵੋਟਰ ਸੂਚੀ ਵਿੱਚ ਦਰਜ ਕਰਨ ਲਈ ਫਾਰਮ ਨੰ. 6-ਏ ਭਰੇ ਜਾ ਸਕਦੇ ਹਨ।

ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਚਾਰ ਯੋਗਤਾ ਮਿਤੀਆਂ 1 ਜਨਵਰੀ, 1 ਅਪ੍ਰੈਲ, 1 ਜੁਲਾਈ ਅਤੇ 1 ਅਕਤੂਬਰ ਬਾਰੇ ਵੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਚੋਣ ਕਮਿਸ਼ਨ ਵੱਲੋਂ ਜਾਰੀ ਵੱਖ-ਵੱਖ ਐਪਲੀਕੇਸ਼ਨਾਂ/ਪੋਰਟਲ ਜਿਵੇਂ ਕਿ ਵੋਟਰ ਹੈਲਪਲਾਈਨ ਐਪ, ਨੋ ਯੂਅਰ ਕੈਂਡੀਡੇਟ, ਸੀ-ਵਿਜਿਲ ਅਤੇ ਵੋਟਰ ਸਰਵਿਸ ਪੋਰਟਲ (http://voters.eci.gov.in/ ) ਬਾਰੇ ਵੀ ਜਾਣਕਾਰੀ ਦਿੱਤੀ ਗਈ।

ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਵਿਧਾਨ ਸਭਾ/ਲੋਕ ਸਭਾ ਚੋਣ ਹਲਕਿਆਂ ਬਾਰੇ ਅਤੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਅਤੇ ਬੂਥ ਲੈਵਲ ਅਫਸਰ ਦੀ ਜ਼ਿੰਮੇਵਾਰੀ ਬਾਰੇ ਵੀ ਜਾਣਕਾਰੀ ਮੁਹੱਈਆ ਕਰਵਾਈ ਗਈ। ਉਨ੍ਹਾਂ ਦੱਸਿਆ ਕੋਈ ਵੀ ਵਿਅਕਤੀ ਚੋਣ ਪ੍ਰਕਿਰਿਆ ਜਾਂ ਵੋਟਰ ਵਜੋਂ ਰਜਿਸਟ੍ਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ/ਸੁਝਾਅ ਲੈਣ ਲਈ ਟੋਲ ਫ੍ਰੀ ਵੋਟਰ ਹੈਲਪਲਾਈਨ ਨੰਬਰ 1950 ਰਾਹੀਂ ਜ਼ਿਲ੍ਹਾ ਚੋਣ ਦਫ਼ਤਰ ਨਾਲ ਸੰਪਰਕ ਕਰ ਸਕਦਾ ਹੈ।

ਇਸ ਮੌਕੇ ਵਿਦਿਆਰਥੀਆਂ ਤੋਂ ਇਲਾਵਾ ਅਧਿਆਪਕ ਰਜਨੀ ਗੁਪਤਾ, ਅਮਨਪ੍ਰੀਤ ਕੌਰ ਅਤੇ ਸੰਦੀਪ ਸਿੰਘ, ਲੈਕਚਰਾਰ ਮਨਜੀਤ ਸਿੰਘ ਅਤੇ ਜ਼ਿਲ੍ਹਾ ਚੋਣ ਦਫ਼ਤਰ ਦੇ ਕਰਮਚਾਰੀ ਮਨਦੀਪ ਕੌਰ ਅਤੇ ਊਸ਼ਾ ਰਾਣੀ ਵੀ ਮੌਜੂਦ ਸਨ।

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਘਨੌਰ ਵਿਖੇ ਅੰਤਰ ਹਾਊਸ ਖੇਡ ਮੁਕਾਬਲੇ ਕਰਵਾਏ ਗਏ



**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਘਨੌਰ ਵਿਖੇ ਪ੍ਰਿੰਸੀਪਲ ਜਗਦੀਸ਼ ਸਿੰਘ ਦੀ ਯੋਗ ਅਗਵਾਈ ਵਿੱਚ ਖੇਡ ਵਿਭਾਗ ਵੱਲੋਂ ਖੇਡ ਸਮਾਰੋਹ ਕਰਵਾਇਆ ਗਿਆ । ਐਸਐਮਸੀ ਦੇ ਪ੍ਰਧਾਨ ਟੇਕ ਚੰਦ ਨੇ ਮੁੱਖ ਮਹਿਮਾਨ ਵਜੋਂ ਮੈਂਬਰਾਂ ਸਮੇਤ ਹਾਜ਼ਰੀ ਲਵਾਈ। ਪ੍ਰਿੰਸੀਪਲ ਵੱਲੋਂ ਪ੍ਰੋਗਰਾਮ ਦਾ ਉਦਘਾਟਨ ਕੀਤਾ ਗਿਆ । ਖੋ-ਖੋ ਦੀ ਨੈਸ਼ਨਲ ਖਿਡਾਰਨ ਸਰੋਜ ਬਾਲਾ ਵੱਲੋਂ ਖੇਡ ਭਾਵਨਾ ਨਾਲ ਭਾਗ ਲੈਣ ਲਈ ਸਹੁੰ ਦੀ ਰਸਮ ਅਦਾ ਕੀਤੀ ਗਈ ।ਖੇਡਾਂ ਦੇ ਖੇਤਰ ਵਿੱਚ ਮੋਹਰੀ ਰਹਿਣ ਵਾਲੇ ਸਕੂਲ ਦੇ ਵਿਦਿਆਰਥੀਆਂ ਨੇ ਵੱਧ-ਚੜਕੇ ਹਿੱਸਾ ਲਿਆ । ਮਦਰ ਟਰੇਸਾ ਹਾਊਸ ਦੇ ਵਿਦਿਆਰਥੀਆਂ ਨੇ ਬਾਲ ਅਤੇ ਬਾਸਕਿਟ,ਪਾਲਕੀ ਦੌੜ,ਮੱਕੜੀ ਦੌੜ ਅਤੇ ਚੈਨ ਦੌੜ ਵਿੱਚ ਪਹਿਲਾ, ਕੋਣ ਦੌੜ ਵਿੱਚ ਕ੍ਰਮਵਾਰ ਦੂਜਾ ਅਤੇ ਤੀਜਾ,ਰੱਸਾਕਸੀ,ਬੋਰੀ ਦੌੜ, ਲੰਗੜੀ ਦੌੜ ਅਤੇ ਬਾਲ ਦੌੜ ਵਿੱਚ ਤੀਜਾ ਸਥਾਨ ਹਾਸਲ ਕੀਤਾ। ਮੇਜਰ ਧਿਆਨ ਚੰਦ ਹਾਊਸ ਦੇ ਵਿਦਿਆਰਥੀਆਂ ਨੇ ਕੋਣ ਦੌੜ,ਪਲੇਟ ਦੌੜ ਅਤੇ ਲੈਮਨ ਦੌੜ ਵਿੱਚ ਪਹਿਲਾ,ਪਾਲਕੀ ਦੌੜ, ਬਾਲ ਅਤੇ ਬਾਸਕਿਟ, ਲੰਗੜੀ ਦੌੜ,ਕੋਣ ਦੌੜ ਅਤੇ ਬਾਲ ਦੌੜ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਸ਼ਹੀਦ ਕਰਤਾਰ ਸਿੰਘ ਸਰਾਭਾ ਹਾਊਸ ਦੇ ਵਿਦਿਆਰਥੀਆਂ ਨੇ ਕੋਣ ਦੌੜ ਅਤੇ ਬਾਲ ਦੌੜ ਵਿੱਚ ਪਹਿਲਾ, ਪਾਲਕੀ ਦੌੜ,ਪਲੇਟ ਦੌੜ,ਚੈਨ ਦੌੜ ਵਿੱਚ ਤੀਜਾ ਸਥਾਨ ਹਾਸਲ ਕੀਤਾ। ਰੱਸਾਕਸੀ ਦੇ ਦਿਲ ਖਿੱਚਵੇਂ ਮੁਕਾਬਲਿਆਂ ਵਿੱਚ ਇਹ ਹਾਊਸ ਸਿਲਵਰ ਮੈਡਲ ਦਾ ਜਿੱਤਿਆ, ਭਾਈ ਵੀਰ ਸਿੰਘ ਹਾਊਸ ਦੇ ਵਿਦਿਆਰਥੀਆਂ ਨੇ ਬੋਰੀ ਦੌੜ ਅਤੇ ਲੰਗੜੀ ਦੌੜ ਵਿੱਚ ਪਹਿਲਾ, ਪਲੇਟ ਦੌੜ,ਲੈਮਨ ਦੌੜ ਅਤੇ ਚੈਨ ਦੌੜ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਹਾਊਸ ਨੇ ਰੱਸਾਕਸੀ ਮੁਕਾਬਲਿਆਂ ਵਿੱਚ ਚੈਂਪੀਅਨ ਬਣਕੇ ਓਵਰਆਲ ਟਰਾਫ਼ੀ ਜਿੱਤਣ ਦਾ ਸੁਭਾਗ ਹਾਸਲ ਕੀਤਾ। ਪ੍ਰਿੰਸੀਪਲ ਵੱਲੋਂ ਇਸ ਟੀਮ ਨੂੰ ਵਿਸ਼ੇਸ਼ ਤੌਰ ਤੇ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਅਫਸਰ ਐਨ ਐਸ ਐਸ ਵਿੰਗ ਦੌਲਤ ਰਾਮ ਦੀ ਅਗਵਾਈ ਹੇਠ ਵਲੰਟੀਅਰਾ ਨੇ ਪਰੇਡ ਕੀਤੀ । ਲੈਕਚਰਾਰ ਗੁਰਸ਼ਰਨ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।ਖੇਡ ਵਿਭਾਗ ਦੇ ਮੁਖੀ ਰੁਪਿੰਦਰ ਕੌਰ ਨੇ ਸਲਾਨਾ ਖੇਡ ਰਿਪੋਰਟ ਪੜਦਿਆਂ ਜਾਣਕਾਰੀ ਦਿੱਤੀ ਕਿ ਸਕੂਲ ਦੇ 400 ਦੇ ਲਗਭਗ ਖਿਡਾਰੀਆਂ ਨੇ ਜ਼ੋਨ ਪੱਧਰ, ਜਿਲ੍ਹਾ ਪੱਧਰ ਅਤੇ ਸਟੇਟ ਪੱਧਰ ਮੁਕਾਬਲਿਆਂ ਵਿੱਚ ਵੱਖ-ਵੱਖ ਖੇਡ ਈਵੈਂਟਸ ਵਿੱਚ ਮੈਡਲ ਜਿੱਤ ਕੇ ਸਕੂਲ ਦੀ ਝੋਲ਼ੀ ਪਾਏ ।ਜਿਕਰਯੋਗ ਹੈ ਕਿ ਚੱਲ ਰਹੇ ਸ਼ੈਸ਼ਨ ਦੌਰਾਨ ਦਰਜਨ ਦੇ ਕਰੀਬ ਖਿਡਾਰੀਆਂ ਨੇ ਖੋ-ਖੋ ਦੇ ਨੈਸ਼ਨਲ ਮੁਕਾਬਲਿਆਂ ਵਿੱਚ ਮੱਲਾਂ ਮਾਰੀਆਂ। ਪ੍ਰਿੰਸੀਪਲ ਵੱਲੋਂ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕੀਤੇ ਗਏ । ਕਰਮਜੀਤ ਕੌਰ ਨੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਨਵਜੋਤ ਕੌਰ ਵੱਲੋਂ ਸਾਰੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਟੀਚਿੰਗ, ਨਾਨ-ਟੀਚਿੰਗ ਸਟਾਫ਼ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# ਲਾਇਨਜ਼ ਕਲੱਬ ਪਟਿਆਲਾ ਫੋਰਟ ਯਾਦਵਿੰਦਰ ਸਿੰਗਲਾ ਦੇ ਸਿਰ ਸਜਿਆ ਪ੍ਰਧਾਨਗੀ ਦਾ ਤਾਜ

**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਇਨਜ਼ ਇੰਟਰਨੈਸ਼ਨਲ ਦੇ ਲਾਇਨਜ਼ ਕਲੱਬ ਪਟਿਆਲਾ ਫੋਰਟ ਨੇ 2025-26 ਲਈ ਨਵੀਂ ਟੀਮ ਵਾਸਤੇ ਇੰਸਟਾਲੇਸ਼ਨ ਸਮਾਰੋਹ ਦਾ ਆਯੋਜਨ ਕੀਤਾ, ਜਿਸਦੀ ਅਗਵਾਈ ਲਾਈਨ ਯਸ਼ਪਾਲ ਸੂਦ ਅਤੇ ਲਾਈਨ ਕੇਐਸ ਸੰਧੂ ਨੇ ਕੀਤੀ।

ਇਸ ਮੌਕੇ 'ਤੇ ਮਾਸਟਰ ਆਫ਼ ਸੈਰੇਮਨੀ ਸ਼ੈਲ ਮਲਹੋਤਰਾ ਅਤੇ ਮੋਨਿਕਾ ਠਾਕੁਰ ਨੇ ਫੰਕਸ਼ਨ ਚੇਅਰਮੈਨ ਲਾਈਨ ਜੇ.ਕੇ. ਖੋਸਲਾ ਅਤੇ ਕੋ-ਫੰਕਸ਼ਨ ਚੇਅਰਮੈਨ ਕਰਮਵੀਰ ਪੁਰੀ ਨੂੰ ਮਹਿਮਾਨਾਂ ਦਾ ਫੁੱਲ ਭੇਟ ਕਰਕੇ ਸਵਾਗਤ ਕਰਨ ਦੀ ਬੇਨਤੀ ਕੀਤੀ ਅਤੇ ਦੋਵਾਂ ਨੇ ਸਾਰੇ ਮਹਿਮਾਨਾਂ ਦਾ ਦਿਲੋਂ ਸਵਾਗਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਮਹਿਮਾਨਾਂ ਦੁਆਰਾ ਜਯੋਤੀ ਪ੍ਰਚੰਡ ਨਾਲ ਹੋਈ, ਇਸ ਤੋਂ ਬਾਅਦ ਆਰਵ ਸੂਦ ਦੁਆਰਾ ਪ੍ਰਾਰਥਨਾ ਪੜੀ ਗਈ ਅਤੇ ਰਾਸ਼ਟਰੀ ਗੀਤ ਗਾਇਆ ਗਿਆ।





ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਜ਼ਿਲ੍ਹਾ ਗਵਰਨਰ ਲਾਇਨ ਅੰਮ੍ਰਿਤਪਾਲ ਸਿੰਘ ਜੰਡੂ ਨੇ ਸਾਰੇ ਮੈਂਬਰਾਂ ਅਤੇ ਮਹਿਮਾਨਾਂ ਨੂੰ ਲਾਇਨ ਇੰਟਰਨੈਸ਼ਨਲ ਬਾਰੇ ਜਾਣੂ ਕਰਵਾਇਆ ਅਤੇ ਦੱਸਿਆ ਕਿ ਕਲੱਬ ਕਿਵੇਂ ਲੋੜਵੰਦਾਂ ਦੀ ਮਦਦ ਕਰਦਾ ਹੈ।

ਇਸ ਪ੍ਰੋਗਰਾਮ ਵਿੱਚ ਫਸਟ ਵਾਈਸ ਡਿਸਟ੍ਰਿਕਟ ਗਵਰਨਰ ਅਜੇ ਗੋਇਲ ਨੇ ਨਵੀਂ ਟੀਮ ਨੂੰ ਸਹੁੰ ਚੁਕਾਈ ਜਿਸ ਵਿੱਚ ਯਾਦਵਿੰਦਰ ਸਿੰਗਲਾ ਨੂੰ ਪ੍ਰਧਾਨ, ਸੁਨੀਲ ਮਿੱਤਲ ਨੂੰ ਸਕੱਤਰ ਅਤੇ ਹਿਤਾਸ਼ੀ ਸੇਠ ਨੂੰ ਸੰਯੁਕਤ ਖਜ਼ਾਨਚੀ ਵਜੋਂ ਸ਼ਾਮਲ ਕੀਤਾ ਗਿਆ ਅਤੇ ਉਨ੍ਹਾਂ ਨੂੰ ਕਲੱਬ ਦੇ ਕੰਮ ਦੀ ਜ਼ਿੰਮੇਵਾਰੀ ਬਾਰੇ ਦੱਸਿਆ।

ਪ੍ਰੋਗਰਾਮ ਨੂੰ ਅੱਗੇ ਵਧਾਉਂਦੇ ਹੋਏ ਸੈਕਿੰਡ ਵਾਈਸ ਡਿਸਟ੍ਰਿਕਟ ਗਵਰਨਰ ਨਰੇਸ਼ ਗੋਇਲ ਨੇ ਨਵੇਂ ਮੈਂਬਰਾਂ ਨੂੰ ਸਹੁੰ ਚੁਕਾਈ ਅਤੇ ਕਲੱਬ ਦੀ ਮਹੱਤਤਾ ਬਾਰੇ ਦੱਸਿਆ।

ਇਸ ਸ਼ੁਭ ਮੌਕੇ 'ਤੇ ਕਲੱਬ ਦੇ ਪ੍ਰਧਾਨ ਯਾਦਵੇਂਦਰ ਸਿੰਗਲਾਦੇ ਪਰਿਵਾਰਕ ਮੈਂਬਰ ਸ਼੍ਰੀਮਤੀ ਸੁਨੀਤਾ ਸਿੰਗਲਾ, ਹਨੀਸ਼ ਸਿੰਗਲਾ, ਮੀਨਾਕਸ਼ੀ ਗਰਗ, ਮੀਹਨ ਸਿੰਗਲਾ, ਬੇਬੀ ਰਿਹਾਨਾ ਵੀ ਮੌਜੂਦ ਸਨ।

ਸਮਾਗਮ ਦੇ ਹੋਰ ਮਹਿਮਾਨਾਂ ਲਾਈਨ ਪੀਡੀਜੀ ਨਕੇਸ਼ ਗਰਗ ਅਤੇ ਰਵਿੰਦਰ ਸੱਗਰ ਨੇ ਇੰਟਰਨੈਸ਼ਨਲ ਦੀਆਂ ਗਤੀਵਿਧੀਆਂ 'ਤੇ ਚਾਨਣਾ ਪਾਇਆ। ਪ੍ਰੋਗਰਾਮ ਦੇ ਅੰਤ ਵਿੱਚ ਕਰਮਵੀਰ ਪੁਰੀ ਨੇ ਪ੍ਰੋਗਰਾਮ ਵਿੱਚ ਪਹੁੰਚੇ ਮਹਿਮਾਨਾਂ ਦਾ ਦਿਲੋਂ ਧੰਨਵਾਦ ਕੀਤਾ। ਇਸ ਪ੍ਰੋਗਰਾਮ ਵਿੱਚ ਸੰਜੇ ਮਲਹੋਤਰਾ, ਡਾ: ਰਮਨ ਗਰੋਵਰ, ਏ.ਪੀ.ਸਿੰਘ, ਰਾਕੇਸ਼ ਜਿੰਦਲ, ਬਾਲਾ ਸਿੰਘ ਕਲੇਰ, ਕੁਨਾਲ ਬਾਂਸਲ, ਆਰ.ਪੀ.ਸੂਦ, ਅਸ਼ੋਕ ਅਰੋੜਾ, ਬਿਸ਼ਨ ਚੰਦ ਬਾਸੀ, ਦੀਪਕ ਸੂਦ, ਸੀ.ਡੀ. ਗਰਗ, ਰਾਜੀਵ ਗੁਪਤਾ, ਮਨੋਜ ਮਿੱਤਲ, ਬੀ.ਕੇ. ਗੋਇਲ, ਸਜੀਵਨ ਮਿੱਤਲ ਸ਼ਿਆਮ ਗੌਤਮ, ਸੰਜੀਵ ਸੂਦ, ਯੋਗੇਸ਼ ਸੋਨੀ ਪੀ.ਡੀ.ਜੀ., ਲਵ ਕੁਮਾਰ ਮਿੱਤਲ, ਐਸ.ਕੇ.ਕੋਚਰ, ਕੇ.ਕੇ ਸਹਿਗਲ, ਆਰ.ਐਸ.ਬੇਦੀ, ਹਨੀਸ਼ ਗੋਇਲ, ਹਰਿੰਦਰ ਬੋਪਾਰਾਏ ਸਮੇਤ ਹੋਰ ਵੀ ਕਈ ਲਾਈਨ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

# ਪਟਿਆਲਾ ਦੇ ਖਿਡਾਰੀਆਂ ਨੇ ਜਿਮਨਾਸਟਿਕ ਦੇ ਵਿੱਚ ਮਾਰੀ ਬਾਜੀ

**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਤਰ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਜਿਮਨਾਸਟਿਕ ਦੇ ਵਿੱਚ ਪਟਿਆਲੇ ਦੇ ਖਿਡਾਰੀਆਂ ਤੇ ਖਿਡਾਰਨਾਂ ਨੇ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਲੜਕਿਆਂ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ। ਖੇਡ ਵਿਭਾਗ ਦੇ ਕੋਚ ਬਲਜੀਤ ਸਿੰਘ ਨੇ ਦੱਸਿਆ ਕਿ ਅਗਮਜੋਤ ਨੇ ਵਿਅਕਤੀਗਤ ਮੁਕਾਬਲਿਆਂ ਵਿੱਚ ਤਿੰਨ ਗੋਲਡ ਮੈਡਲ ਅਤੇ ਪਰਾਂਜਲ ਗੋਸਾਈ ਨੇ ਦੋ ਸਿਲਵਰ ਮੈਡਲ ਜਿੱਤੇ। ਰਿਧਮਿਕ ਦੇ ਵਿੱਚ ਪਟਿਆਲੇ ਦੀਆਂ ਖਿਡਾਰਨਾਂ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ



ਵਿਅਕਤੀਗਤ ਮੁਕਾਬਲਿਆਂ ਵਿੱਚ ਨਿਸ਼ਠਾ ਕੌਸ਼ਿਕ ਨੇ ਇੱਕ ਗੋਲਡ ਤੇ ਤਿੰਨ ਬਰਾਉਨਜ਼ ਮੈਡਲ ਜਿੱਤੇ। ਆਰੀਆ ਚੈਟਰਜੀ ਨੇ ਇੱਕ ਸਿਲਵਰ ਮੈਡਲ ਜਿੱਤਿਆ। ਰਿਧਮਿਕ ਦੀ ਟੀਮ ਵਿੱਚ ਨਿਸ਼ਠਾ ਕੌਸ਼ਿਕ, ਆਰੀਆ ਚੈਟਰਜੀ, ਸੋਨਾਕਸ਼ੀ, ਚਾਰਵੀ ਖੰਨਾ ਅਤੇ ਲੜਕਿਆ ਦੀ ਟੀਮ ਵਿੱਚ ਅਗਮਜੋਤ ਸਿੰਘ, ਪਰਾਜਲ ਗੋਸਾਈ, ਯੁਵਾਨ ਤੇ ਅੱਛਰਦੀਪ ਸਿੰਘ ਸਨ। ਕੋਚ ਬਲਜੀਤ ਸਿੰਘ ਨੇ ਸਾਰੇ ਹੀ ਖਿਡਾਰੀਆਂ ਨੂੰ ਵਧਾਈ ਦਿੱਤੀ।

# ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਪਟਿਆਲਾ ਵਿਖੇ ਸਾਬਕਾ ਸੈਨਿਕਾਂ ਅਤੇ ਵੀਰ ਨਾਰੀਆਂ ਦੇ ਮੁੱਦਿਆਂ ਨੂੰ ਹੱਲ ਕਰਨ ਪਹੁੰਚੀ ਵੀਰ ਮਿਲਾਪ ਟੀਮ



**ਪਟਿਆਲਾ, 27 ਨਵੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਕੈਨਾਈਜ਼ਡ ਇਨਫੈਂਟਰੀ ਰੈਜੀਮੈਂਟ ਦੀ ਨਿਰੰਤਰ ਮਿਲਾਪ ਟੀਮ ਅੱਜ ਸਾਬਕਾ ਸੈਨਿਕਾਂ, ਵੀਰ ਨਾਰੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੇ ਪੈਨਸ਼ਨ ਅਤੇ ਭਲਾਈ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਪਟਿਆਲਾ ਵਿਖੇ ਪਹੁੰਚੀ। ਇਹ ਟੀਮ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਜੁੜਨ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਦੇ ਹੱਲ ਪ੍ਰਦਾਨ ਕਰਨ ਲਈ ਸ਼ੁਰੂ ਕੀਤੇ ਗਏ ਦੇਸ਼ ਵਿਆਪੀ ਮਿਸ਼ਨ ਨਿਰੰਤਰ ਮਿਲਾਪ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਜ਼ਿਲ੍ਹਾ ਸੈਨਿਕ ਭਲਾਈ ਅਧਿਕਾਰੀ, ਕਮਾਂਡਰ ਬਲਜਿੰਦਰ ਵਿਰਕ (ਰਿਟਾ) ਨੇ ਦੱਸਿਆ ਕਿ ਲੈਫਟੀਨੈਂਟ ਜਨਰਲ ਪੀ. ਐਸ. ਸ਼ੇਖਾਵਤ, ਪੀਵੀਐਸਐਮ, ਏਵੀਐਸਐਮ, ਐਸਐਮ, ਕਰਨਲ, ਮਕੈਨਾਈਜ਼ਡ ਇਨਫੈਂਟਰੀ ਰੈਜੀਮੈਂਟ ਦੇ ਨਿਰਦੇਸ਼ਾਂ ਹੇਠ, ਟੀਮ ਨੂੰ ਅਹਿਮਦਨਗਰ ਦੇ ਮਕੈਨਾਈਜ਼ਡ ਇਨਫੈਂਟਰੀ ਸੈਂਟਰ ਅਤੇ ਸਕੂਲ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਹ ਟੀਮ 24 ਨਵੰਬਰ 2025 ਨੂੰ ਦਫਤਰ ਪਟਿਆਲਾ ਵਿਖੇ ਪਹੁੰਚੀ। ਇਹ ਪ੍ਰੋਗਰਾਮ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ, ਪਟਿਆਲਾ ਦੀ ਨਿਗਰਾਨੀ ਹੇਠ ਆਯੋਜਿਤ ਕੀਤਾ ਗਿਆ ਸੀ। ਮਕੈਨਾਈਜ਼ਡ ਇਨਫੈਂਟਰੀ ਰੈਜੀਮੈਂਟ ਦੇ ਰਿਕਾਰਡ ਦਫ਼ਤਰ ਦੇ ਪ੍ਰਤੀਨਿਧੀਆਂ ਨੇ ਸਾਬਕਾ ਸੈਨਿਕਾਂ, ਵੀਰ ਨਾਰੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਮੁੱਦਿਆਂ ਨੂੰ ਸੁਣਿਆ। ਬ੍ਰਿਗੇਡੀਅਰ ਪੀ. ਸੁਨੀਲ ਕੁਮਾਰ, ਐਸਐਮ**, ਸੈਂਟਰ ਕਮਾਂਡੈਂਟ, ਅਤੇ ਲੈਫਟੀਨੈਂਟ ਕਰਨਲ ਅਸ਼ੋਕ ਕੁਮਾਰ, ਮੁੱਖ ਰਿਕਾਰਡ ਅਫ਼ਸਰ ਦੀ ਅਗਵਾਈ ਹੇਠ, ÷ਨਿਰੰਤਰ ਮਿਲਾਪ ਟੀਮ÷ ਦੇਸ਼ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕਰ ਰਹੀ ਹੈ ਅਤੇ ਸਾਬਕਾ ਸੈਨਿਕਾਂ ਦੀਆਂ ਚਿੰਤਾਵਾਂ ਨੂੰ ਉਨ੍ਹਾਂ ਦੇ ਦਰਵਾਜ਼ਿਆਂ ਤੱਕ ਪਹੁੰਚ ਕੇ ਹੱਲ ਕਰ ਰਹੀ ਹੈ।

# ਅੰਤਰ ਖੇਤਰੀ ਯੁਵਕ ਮੇਲੇ ਵਿੱਚ ਮਹਿੰਦਰਾ ਕਾਲਜ ਦੀਆਂ ਲੜਕੀਆਂ ਨੇ ਕੀਤਾ ਪਹਿਲਾ ਸਥਾਨ ਹਾਸਲ



**ਪਟਿਆਲਾ, 27 ਨਵੰਬਰ**
**ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਹੋਏ ਅੰਤਰ ਖੇਤਰੀ ਯੁਵਕ ਅਤੇ ਲੋਕ ਮੇਲੇ ਵਿਚ ਛੇ ਜੋਨਾਂ ਦੇ ਮੁਕਾਬਲੇ ਹੋਏ ਜਿਸ ਵਿਚ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਨੇ ਪ੍ਰਿੰਸੀਪਲ ਪ੍ਰੋ. ਨਿਸ਼ਠਾ ਤ੍ਰਿਪਾਠੀ ਦੀ ਅਗਵਾਈ ਹੇਠ ਭਾਗ ਲਿਆ ਅਤੇ ਸ਼ਾਨਦਾਰ ਪ੍ਰਦਸ਼ਨ ਕਰਦਿਆਂ ਲੁੱਡੀ, ਜਨਰਲ ਕੁਇਜ਼ ਅਤੇ ਭਾਸ਼ਣ ਦੇ ਮੁਕਾਬਲਿਆਂ ਵਿਚ ਪਹਿਲਾ ਸਥਾਨ ਅਤੇ ਵੈਸਟਰਨ ਇੰਸਟ੍ਰੂਮੈਂਟ ਸੋਲੋ ਵਿਚੋਂ ਦੂਸਰਾ ਸਥਾਨ ਹਾਸਿਲ ਕੀਤਾ। ਇਹਨਾਂ ਵਿਚੋਂ ਲੁੱਡੀ ਅਤੇ ਭਾਸ਼ਣ ਦੀਆਂ 30 ਟੀਮਾਂ 2 ਦਸੰਬਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਹੋਣ ਵਾਲੇ ਅੰਤਰ ਯੂਨੀਵਰਸਿਟੀ ਮੁਕਾਬਲੇ ਵਿਚ ਭਾਗ ਲੈਣਗੀਆਂ।

ਜ਼ਿਕਰਯੋਗ ਹੈ ਕਿ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਨੇ ਇਸ ਤੋਂ ਪਹਿਲਾਂ 24 ਤੋਂ 27 ਅਕਤੂਬਰ ਨੂੰ ਪੰਜਾਬ ਕਾਲਜ ਆਫ਼ ਲਾਅ, ਬਹਾਦਰਗੜ੍ਹ ਵਿਖੇ ਹੋਏ ਖੇਤਰੀ ਯੁਵਕ ਅਤੇ ਲੋਕ ਮੇਲੇ ਵਿਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ ਅਤੇ ਭੰਗੜਾ, ਨਾਟਕ, ਜਨਰਲ ਕੁਇਜ਼ ਅਤੇ ਭਾਸ਼ਣ ਵਿਚੋਂ ਪਹਿਲਾ, ਲੁੱਡੀ, ਗਿੱਧਾ, ਕਵਿਤਾ ਉਚਾਰਣ, ਫ਼ੋਟੋਗ੍ਰਾਫ਼ੀ, ਪੋਸਟਰ ਮੇਕਿੰਗ, ਵੈਸਟਰਨ ਇੰਸਟ੍ਰੂਮੈਂਟ ਸੋਲੋ ਅਤੇ ਪੰਜਾਬੀ ਲੋਕਧਾਰਾ ਅਤੇ ਸਭਿਆਚਾਰਕ ਲਘੂ ਫਿਲਮ ਵਿਚੋਂ ਦੂਜਾ ਅਤੇ ਮਾਈਮ ਅਤੇ ਲੋਕ ਕਲਾਵਾਂ (ਰੱਸਾ ਵੱਟਣਾ, ਈਨੂੰ ਬਣਾਉਣਾ, ਨਾਲਾ ਬਣਾਉਣਾ, ਛਿੱਕੂ ਬਣਾਉਣਾ,ਪੀੜ੍ਹੀ ਬਣਾਉਣਾ, ਪੱਖੀ ਬਣਾਉਣਾ) ਵਿਚੋਂ ਤੀਜਾ ਸਥਾਨ ਹਾਸਿਲ ਕੀਤਾ। ਇਹਨਾਂ ਮੁਕਬਾਲਿਆਂ ਵਿਚ ਪ੍ਰੋ. ਨਵਜੋਤ ਸਿੰਘ (ਜੌਗਰਫ਼ੀ ਵਿਭਾਗ) ਨੇ ਕੁਆਰਡੀਨੇਟਰ ਵਜੋਂ ਭੂਮਿਕਾ ਨਿਭਾਈ। ਇਸ ਮੌਕੇ ਕਾਲਜ ਪ੍ਰਿੰਸੀਪਲ ਪ੍ਰੋ. ਨਿਸ਼ਠਾ ਤ੍ਰਿਪਾਠੀ ਨੇ ਜਿੱਤ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਨੂੰ ਤਿਆਰੀ ਕਰਵਾ ਰਹੇ ਸਟਾਫ਼ ਮੈਂਬਰਾਂ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਹੌਂਸਲਾ-ਅਫ਼ਜ਼ਾਈ ਕੀਤੀ।

# ਨਸ਼ਾ ਮੁਕਤ ਭਾਰਤ ਅਭਿਆਨ ਨੂੰ ਤੇਜ਼ੀ ਦੇਣ ਲਈ ਜ਼ਿਲ੍ਹਾ ਪੱਧਰੀ ਮੀਟਿੰਗ

**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਾ ਮੁਕਤ ਭਾਰਤ ਅਭਿਆਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਅੱਜ ਵਧੀਕ ਡਿਪਟੀ ਕਮਿਸ਼ਨਰ (ਜ) ਸਿਮਰਪ੍ਰੀਤ ਕੌਰ ਦੀ ਅਗਵਾਈ ਵਿੱਚ ਸਮਾਜਿਕ ਸੁਰੱਖਿਆ ਅਫਸਰ ਜੋਬਨਦੀਪ ਕੌਰ ਵੱਲੋਂ ਜ਼ਿਲ੍ਹਾ ਪੱਧਰੀ ਮੀਟਿੰਗ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਸ਼ਾਸਨ, ਸਿਹਤ, ਪੁਲਿਸ, ਸਿੱਖਿਆ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਹਿੱਸਾ ਲਿਆ ਅਤੇ ਨਸ਼ਾ ਰੋਕਥਾਮ ਲਈ ਕੀਤੀਆਂ ਜਾ ਰਹੀਆਂ ਕਾਰਵਾਈਆਂ, ਮਿਲੇ ਨਤੀਜਿਆਂ ਅਤੇ ਭਵਿੱਖ ਲਈ ਬਣਾਈਆਂ ਯੋਜਨਾਵਾਂ 'ਤੇ ਵਿਸਥਾਰ 'ਚ ਵਿਚਾਰ-ਵਟਾਂਦਰਾ ਕੀਤਾ।

ਸਮਾਜਿਕ ਸੁਰੱਖਿਆ ਅਫਸਰ ਜੋਬਨਦੀਪ ਕੌਰ ਨੇ ਕਿਹਾ ਕਿ ਨਸ਼ਿਆਂ ਦਾ ਮਸਲਾ ਸਿਰਫ ਕਿਸੇ ਇਕ ਘਰ ਤੱਕ ਸੀਮਤ ਨਹੀਂ, ਬਲਕਿ ਪੂਰੇ ਸਮਾਜ ਲਈ ਚੁਣੌਤੀ ਹੈ। ਉਹਨਾਂ ਕਿਹਾ ਕਿ ਸਰਕਾਰੀ ਵਿਭਾਗਾਂ, ਸਮਾਜਿਕ ਸੰਸਥਾਵਾਂ ਤੇ ਆਮ ਲੋਕਾਂ ਦੀ ਸਾਂਝੀ ਕੋਸ਼ਿਸ਼ ਨਾਲ ਹੀ ਇਸ ਬੁਰਾਈ ਨੂੰ ਜੜੋਂ ਸਮੇਤ ਖਤਮ ਕੀਤਾ ਜਾ ਸਕਦਾ ਹੈ। ਪਿੰਡ ਪੱਧਰ 'ਤੇ ਨਸ਼ਾ ਮੁਕਤੀ ਕਮੇਟੀਆਂ ਨੂੰ ਹੋਰ ਮਜ਼ਬੂਤ ਕਰਨ, ਸਰਕਾਰੀ ਸਕੂਲਾਂ ਤੇ ਕਾਲਜਾਂ ਵਿੱਚ ਜਾਗਰੂਕਤਾ ਕੈਂਪ ਲਗਾਉਣ ਅਤੇ ਨੌਜਵਾਨਾਂ ਨੂੰ ਰੋਜ਼ਗਾਰ ਤੇ ਖੇਡਾਂ ਵੱਲ ਪ੍ਰੋਤਸਾਹਿਤ ਕਰਨ ਤੇ ਖ਼ਾਸ ਜ਼ੋਰ ਦਿੱਤਾ ਗਿਆ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਾ ਮੁਕਤ ਸਮਾਜ ਦੀ ਸਥਾਪਨਾ ਲਈ ਦ੍ਰਿੜ ਨਿਸ਼ਚੇ ਨਾਲ ਕੰਮ ਕਰ ਰਹੀ ਹੈ ਅਤੇ ਇਸ ਮਿਸ਼ਨ ਵਿੱਚ ਸਾਰੇ ਵਿਭਾਗਾਂ ਦੀ ਸਰਗਰਮ ਭੂਮਿਕਾ ਬਹੁਤ ਜ਼ਰੂਰੀ ਹੈ। ਉਹਨਾਂ ਨੇ ਸਪੱਸ਼ਟ ਕੀਤਾ ਕਿ ਨਸ਼ਿਆਂ ਦੇ ਖਿਲਾਫ਼ ਲੜਾਈ ਲਗਾਤਾਰ ਜਾਰੀ ਰਹੇਗੀ।

ਉਹਨਾਂ ਜ਼ਿਲ੍ਹਾ ਸਿੱਖਿਆ ਅਫਸਰ ਨੂੰ ਕਿਹਾ ਕਿ ਨਸ਼ਾ ਰੋਕਥਾਮ ਲਈ ਸਰਕਾਰੀ ਹੀ ਨਹੀਂ, ਸਾਰੇ ਪ੍ਰਾਈਵੇਟ ਸਕੂਲਾਂ ਵਿੱਚ ਵੀ ਜਾਗਰੂਕਤਾ ਕੈਂਪ ਆਯੋਜਿਤ ਕਰਵਾਏ ਜਾਣ। ਇਸ ਦੇ ਨਾਲ ਹੀ ਸਕੂਲਾਂ ਦੇ 100 ਮੀਟਰ ਇਲਾਕੇ ਨੂੰ ਤੰਬਾਕੂ-ਰਹਿਤ ਖੇਤਰ ਘੋਸ਼ਿਤ ਕਰਕੇ ਸਖ਼ਤ ਨਿਗਰਾਨੀ ਯਕੀਨੀ ਬਣਾਈ ਜਾਵੇ। ਸਕੂਲਾਂ ਵਿੱਚ ਨਸ਼ਾ ਵਿਰੋਧੀ ਲੈਕਚਰ, ਕੈਂਪ, ਪੇਂਟਿੰਗ ਮੁਕਾਬਲੇ ਤੇ ਸਲੋਗਨ ਰਾਈਟਿੰਗ ਵਰਗੀਆਂ ਗਤੀਵਿਧੀਆਂ ਕਰਵਾਉਣ ਦੇ ਨਿਰਦੇਸ਼ ਵੀ ਜਾਰੀ ਕੀਤੇ ਗਏ।

ਸਮਾਜਿਕ ਸੁਰੱਖਿਆ ਅਫਸਰ ਨੇ ਜ਼ੋਨਲ ਲਾਈਸੈਂਸਿੰਗ ਅਥਾਰਟੀ ਅਤੇ ਡਰੱਗ ਇੰਸਪੈਕਟਰਾਂ ਨੂੰ ਕਿਹਾ ਕਿ ਉਹ ਕੈਮਿਸਟ ਦੁਕਾਨਾਂ ਦੀ ਨਿਯਮਿਤ ਚੈਕਿੰਗ ਕਰਦੇ ਹੋਏ ਨਸ਼ਾ ਮੁਕਤ ਭਾਰਤ ਅਭਿਆਨ ਦੀ ਪਾਲਣਾ ਯਕੀਨੀ ਬਣਾਉਣ।

# ਮਾਨਸਿਕ ਅਤੇ ਦਲ ਬਣ ਗਏ ਪੌਸਟਿਕ ਸਿਹਤ ਸਬੰਧੀ ਕੀਤੀ ਗਈ ਵਿਚਾਰ ਚਰਚਾ

**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਖੇਤੀ ਵਿਚ ਲਿੰਗਕ ਬਰਾਬਰੀ ਬਾਰੇ ਵਿਚਾਰ-ਚਰਚਾ ਪਿੰਡ ਨਰੜੂ ਜ਼ਿਲ੍ਹਾ ਪਟਿਆਲਾ ਵਿਖੇ ਆਯੋਜਨ ਕੀਤੀ ਗਈ। ਇਹ ਚਰਚਾ ਭਾਰਤੀ ਸਮਾਜਿਕ ਸਿੱਖਿਆ ਖੋਜ ਪ੍ਰੀਸ਼ਦ, ਨਵੀਂ ਦਿੱਲੀ ਵੱਲੋਂ ਸਥਿਰ ਭਵਿੱਖ ਵਿਚ ਖੇਤ ਮਜ਼ਦੂਰਾਂ ਦੀ ਸਮਾਜਿਕ, ਮਾਨਸਿਕ ਅਤੇ ਪੌਸ਼ਟਿਕ ਸਿਹਤ ਬਾਰੇ ਜਾਰੀ ਕੀਤੇ ਪ੍ਰਾਜੈਕਟ ਦੇ ਅਧੀਨ ਕੀਤੀ ਗਈ। ਡਾ. ਗੁਰਉਪਦੇਸ਼ ਕੌਰ, ਪ੍ਰੋਫੈਸਰ (ਗ੍ਰਹਿ ਵਿਗਿਆਨ) ਅਤੇ ਇਸ ਪ੍ਰਾਜੈਕਟ ਦੇ ਮੁੱਖ ਨਿਗਰਾਨ ਨੇ ਹਾਜ਼ਰੀਨ ਔਰਤਾਂ ਨੂੰ ਸੰਬੋਧਨ ਕਰਦਿਆਂ ਸਮਾਜਿਕ ਅਤੇ ਆਰਥਿਕ ਵਿਕਾਸ ਵਿਚ ਨਾਰੀ ਦੀ ਭੂਮਿਕਾ ਨੂੰ ਅੰਕਿਤ ਕੀਤਾ। ਉਨ੍ਹਾਂ ਨੇ ਕਿਹਾ ਜਿਨ੍ਹੀ ਦੇਰ ਤੱਕ ਔਰਤ ਨੂੰ ਸਿਖਿੱਅਤ ਅਤੇ ਆਰਥਿਕ ਤੌਰ ਤੇ ਸਵੈ-ਨਿਰਭਰ ਨਹੀਂ ਬਣਾਇਆ ਜਾਂਦਾ ਉਨ੍ਹੀ ਦੇਰ ਤੱਕ ਲਿੰਗਕ ਬਰਾਬਰੀ ਦਾ ਸੁਪਨਾ ਅਧੂਰਾ ਹੀ ਰਹੇਗਾ। ਉਨ੍ਹਾਂ ਦੱਸਿਆ ਕਿ ਖੇਤੀ ਕਾਰਜਾਂ ਵਿਚ ਔਰਤ ਦੀ ਹਿੱਸੇਦਾਰੀ, ਪਰਿਵਾਰ ਦੀ ਸਿਹਤ ਅਤੇ ਆਮਦਨ ਦਾ ਅਹਿਮ ਸਰੋਤ ਰਹੀ ਹੈ, ਪਰ ਅੱਜਕਲ ਕੰਮ ਦਾ ਸੰਕਲਪ ਸਮਾਜਿਕ ਢਾਂਚੇ ਵਿਚੋਂ ਘੱਟ ਰਿਹਾ ਹੈ ਅਤੇ ਇਸ ਦਾ ਅਸਰ ਖੇਤੀ ਨਾਲ ਜੁੜੇ ਪਰਿਵਾਰਾਂ ਉੱਪਰ ਵੀ ਨਜ਼ਰ ਆਉਂਦਾ ਹੈ। ਉਨ੍ਹਾਂ ਨੇ ਕਿਰਤ ਅਤੇ ਕਿਰਸ ਦੀ ਮੁੜ ਉਸਾਰੀ ਲਈ ਔਰਤਾਂ ਨੂੰ ਲਾਮਬੰਦ ਹੋਣ ਲਈ ਪ੍ਰੇਰਿਆ ਅਤੇ ਇਸ ਦਿਸ਼ਾ ਵਿਚ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਯੋਜਨਾਵਾਂ ਬਾਰੇ ਵੀ ਵਿਸ਼ੇਸ਼ ਗੱਲਬਾਤ ਕੀਤੀ।



ਇਸ ਮੌਕੇ ਸ੍ਰੀਮਤੀ ਅਮਰਜੀਤ ਕੌਰ ਅਤੇ ਸ੍ਰੀਮਤੀ ਦਰਸ਼ਨਾ ਕੌਰ ਜੋ ਕਿ ਆਪਣੇ ਆਲੇ-ਦੁਆਲੇ ਦੀਆਂ ਔਰਤਾਂ ਨੂੰ ਆਤਮ-ਨਿਰਭਰ ਬਣਾ ਰਹੇ ਹਨ ਨੇ ਖੇਤੀਬਾੜੀ ਵਿਚ ਔਰਤਾਂ ਦੀ ਹਿੱਸੇਦਾਰੀ, ਪਰਿਵਾਰਿਕ ਸੰਘਰਸ਼ ਅਤੇ ਸਮਾਜਿਕ ਸਭਿਆਚਾਰਕ ਮਾਨਤਾਵਾਂ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਨੇ ਮੰਗ ਰੱਖੀ ਕਿ ਉਤਪਾਦਨ ਤੋਂ ਲੈ ਕੇ ਮੰਡੀਕਰਨ ਤੱਕ ਦੇ ਫੈਸਲਿਆਂ ਵਿਚ ਕਿਰਤੀ ਔਰਤਾਂ ਦੀ ਸ਼ਮੂਲੀਅਤ ਬਹੁਤ ਜ਼ਰੂਰੀ ਹੈ।

ਉਨ੍ਹਾਂ ਨੇ ਖੇਤ ਮਜ਼ਦੂਰਾਂ ਨੂੰ ਮਿਲਦੀ ਉਜ਼ਰਤ ਵਿਚ ਲਿੰਗਕ ਵਿਤਕਰੇ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਅੰਤ ਦੇ ਵਿਚ ਡਾ. ਗੁਰਉਪਦੇਸ਼ ਕੌਰ ਨੇ ਦੱਸਿਆ ਕਿ ਇਸ ਪ੍ਰਾਜੈਕਟ ਦਾ ਮੁੱਖ ਮੰਤਵ ਖੇਤ ਮਜ਼ਦੂਰਾਂ ਵਿਚ ਲਿੰਗ ਆਧਾਰਿਤ ਵੰਡ ਦੀਆਂ ਚੁਣੌਤੀਆਂ ਬਾਰੇ ਖੋਜ ਨੂੰ ਅਕਾਦਮਿਕ ਹਸਤੀਆਂ, ਵਿਚਾਰਕਾਂ ਅਤੇ ਨੀਤੀਨਿਰਧਾਰਕਾਂ ਤੱਕ ਪਹੁੰਚਾਉਣਾ ਹੈ ਤਾਂ ਜੋ ਕਿ ਸਥਿਰ ਵਿਕਾਸ ਰਾਹੀਂ ਖੁਸ਼ਹਾਲ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

ਇਸ ਮੌਕੇ ਔਰਤਾਂ ਨੂੰ ਫਲਾਂ ਸਬਜ਼ੀਆਂ ਦੇ ਛਿਲਕਿਆਂ ਤੋਂ ਬਹੁ-ਉਪਯੋਗੀ ਸਫ਼ਾਈ ਏਜੰਟ ਜੈਵ-ਇਨਜ਼ਾਈਮ ਬਣਾਉਣ ਦੀ ਪ੍ਰੈਕਟੀਕਲ ਜਾਣਕਾਰੀ ਵੀ ਦਿੱਤੀ ਗਈ।

# ਮੇਅਰ ਪਟਿਆਲਾ ਕੁੰਦਨ ਗੋਗੀਆ ਵੱਲੋਂ ਏ-ਟੈਂਕ ਸਥਿਤ ਵਾਟਰ ਸਪਲਾਈ ਦਫ਼ਤਰ ਵਿੱਚ ਅਚਨਚੇਤ ਚੈਕਿੰਗ, ਹਾਜ਼ਰੀ ਅਤੇ ਸਟੋਰ ਦੀ ਵਿਸਥਾਰ ਨਾਲ ਜਾਂਚ

**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਨਗਰ ਨਿਗਮ ਪਟਿਆਲਾ ਦੇ ਮੇਅਰ ਸ਼੍ਰੀ ਕੁੰਦਨ ਗੋਗੀਆ ਨੇ ਅੱਜ ਸਵੇਰੇ ਸ਼ਹਿਰ ਦੀਆਂ ਮੂਲ ਸੁਵਿਧਾਵਾਂ ਅਤੇ ਪਾਣੀ ਸਪਲਾਈ ਪ੍ਰਣਾਲੀ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਨ ਲਈ ਏ-ਟੈਂਕ ਵਿਖੇ ਸਥਿਤ ਵਾਟਰ ਸਪਲਾਈ ਦਫ਼ਤਰ ਦਾ ਅਚਨਚੇਤ ਨਿਰੀਖਣ ਕੀਤਾ। ਮੇਅਰ ਗੋਗੀਆ ਨੇ ਸਭ ਤੋਂ ਪਹਿਲਾਂ ਕਰਮਚਾਰੀਆਂ ਦੀ ਹਾਜ਼ਰੀ ਰਜਿਸਟਰ ਦੀ ਜਾਂਚ ਕੀਤੀ ਅਤੇ ਡਿਊਟੀ 'ਤੇ ਮੌਜੂਦ ਸਟਾਫ਼ ਅਤੇ ਗੈਰ-ਹਾਜ਼ਰ ਕਰਮਚਾਰੀਆਂ ਦੀ ਵਿਸਥਾਰ ਨਾਲ ਲਿਸਟ ਤਿਆਰ ਕਰਨ ਦੇ ਨਿਰਦੇਸ਼ ਜਾਰੀ ਕੀਤੇ।

ਦੌਰੇ ਦੌਰਾਨ ਉਨ੍ਹਾਂ ਨੇ ਸਟੋਰ ਸੈਕਸ਼ਨ ਦੀ ਖ਼ਾਸ ਜਾਂਚ ਕੀਤੀ, ਜਿਸ ਵਿੱਚ ਪਾਣੀ ਸਪਲਾਈ ਨਾਲ ਜੁੜੇ ਸਮਾਨ, ਮਸ਼ੀਨਰੀ, ਪਾਈਪ, ਮੁਰੰਮਤ ਸਮੱਗਰੀ ਅਤੇ ਰਿਕਾਰਡ ਰਜਿਸਟਰਾਂ ਦੀ ਉਪਲਬਧਤਾ ਦੀ ਤਸਦੀਕ ਕੀਤੀ। ਮੇਅਰ ਨੇ ਕਿਹਾ ਕਿ ਪਾਣੀ ਸਪਲਾਈ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਨਾਲ ਸਿੱਧੀ ਤਰ੍ਹਾਂ ਜੁੜੀ ਸੇਵਾ ਹੈ, ਇਸ ਲਈ ਰਿਕਾਰਡ, ਸਟਾਕ ਅਤੇ ਮੁਰੰਮਤ ਪ੍ਰਣਾਲੀ ਵਿੱਚ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਘੁੰਮ-ਘੁੰਮ ਕੇ ਹਰ ਸੈਕਸ਼ਨ ਦੀ ਜਾਂਚ ਕੀਤੀ ਅਤੇ ਕਈ ਮਹੱਤਵਪੂਰਨ ਨਿਰਦੇਸ਼ ਦਫ਼ਤਰੀ ਕਰਮਚਾਰੀਆਂ ਨੂੰ ਸਿੱਧੇ ਤੌਰ 'ਤੇ ਜਾਰੀ ਕੀਤੇ।

ਇਸ ਮੌਕੇ ਮੇਅਰ ਗੋਗੀਆ ਨੇ ਕਿਹਾ ਕਿ ਜਨਤਾ ਨੂੰ ਨਿਰੰਤਰ ਅਤੇ ਪਾਰਦਰਸ਼ੀ ਪਾਣੀ ਸਪਲਾਈ ਪ੍ਰਦਾਨ ਕਰਨਾ ਨਗਰ ਨਿਗਮ ਦੀ ਪਹਿਲੀ ਪ੍ਰਾਥਮਿਕਤਾ ਹੈ। ਸ਼ਿਕਾਇਤਾਂ, ਲਾਈਨ ਲੀਕੇਜ਼ ਅਤੇ ਮੁਰੰਮਤ ਕਾਰਜਾਂ ਵਿੱਚ ਦੇਰੀ ਬਰਦਾਸ਼ਤ ਨਹੀਂ ਹੋਵੇਗੀ। ਉਨ੍ਹਾਂ ਨੇ ਜਿੱਥੇ ਲੋੜ ਹੋਵੇ, ਤੁਰੰਤ ਕਾਰਵਾਈ ਕਰਨ ਅਤੇ ਜਨਤਾ ਨੂੰ ਸਹੂਲਤਾਂ ਸੁਨਿਸ਼ਚਿਤ ਬਣਾਉਣ ਲਈ ਕਰਮਚਾਰੀਆਂ ਨੂੰ ਚੇਤਾਵਨੀ ਜਾਰੀ ਕੀਤੀ।

ਦੌਰੇ ਦੇ ਅੰਤ 'ਤੇ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਸਥਾਨਾਂ 'ਤੇ ਵੀ ਅਚਨਚੇਤ ਚੈਕਿੰਗ ਹੋਵੇਗੀ ਤਾਂ ਜੋ ਸੇਵਾਵਾਂ ਨੂੰ ਮਜ਼ਬੂਤ ਅਤੇ ਬੇਹਤਰ ਬਣਾਇਆ ਜਾ ਸਕੇ। ਮੇਅਰ ਨੇ ਅਪਰਾਧਿਕ ਲਾਪਰਵਾਹੀ ਪਾਏ ਜਾਣ 'ਤੇ ਕਾਰਵਾਈ ਦੇ ਸੰਕੇਤ ਵੀ ਦਿੱਤੇ।

# ਮਾਨਸਿਕ ਅਤੇ ਪੌਸਟਿਕ ਸਿਹਤ ਸਬੰਧੀ ਕੀਤੀ ਗਈ ਵਿਚਾਰ ਚਰਚਾ



**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਖੇਤੀ ਵਿਚ ਲਿੰਗਕ ਬਰਾਬਰੀ ਬਾਰੇ ਵਿਚਾਰ-ਚਰਚਾ ਪਿੰਡ ਨਰੜੂ ਜ਼ਿਲ੍ਹਾ ਪਟਿਆਲਾ ਵਿਖੇ ਆਯੋਜਨ ਕੀਤੀ ਗਈ। ਇਹ ਚਰਚਾ ਭਾਰਤੀ ਸਮਾਜਿਕ ਸਿੱਖਿਆ ਖੋਜ ਪ੍ਰੀਸ਼ਦ, ਨਵੀਂ ਦਿੱਲੀ ਵੱਲੋਂ ਸਥਿਰ ਭਵਿੱਖ ਵਿਚ ਖੇਤ ਮਜ਼ਦੂਰਾਂ ਦੀ ਸਮਾਜਿਕ, ਮਾਨਸਿਕ ਅਤੇ ਪੌਸ਼ਟਿਕ ਸਿਹਤ ਬਾਰੇ ਜਾਰੀ ਕੀਤੇ ਪ੍ਰਾਜੈਕਟ ਦੇ ਅਧੀਨ ਕੀਤੀ ਗਈ। ਡਾ. ਗੁਰਉਪਦੇਸ਼ ਕੌਰ, ਪ੍ਰੋਫੈਸਰ (ਗ੍ਰਹਿ ਵਿਗਿਆਨ) ਅਤੇ ਇਸ ਪ੍ਰਾਜੈਕਟ ਦੇ ਮੁੱਖ ਨਿਗਰਾਨ ਨੇ ਹਾਜ਼ਰੀਨ ਔਰਤਾਂ ਨੂੰ ਸੰਬੋਧਨ ਕਰਦਿਆਂ ਸਮਾਜਿਕ ਅਤੇ ਆਰਥਿਕ ਵਿਕਾਸ ਵਿਚ ਨਾਰੀ ਦੀ ਭੂਮਿਕਾ ਨੂੰ ਅੰਕਿਤ ਕੀਤਾ। ਉਨ੍ਹਾਂ ਨੇ ਕਿਹਾ ਜਿਨ੍ਹੀ ਦੇਰ ਤੱਕ ਔਰਤ ਨੂੰ ਸਿਖਿੱਅਤ ਅਤੇ ਆਰਥਿਕ ਤੌਰ ਤੇ ਸਵੈ-ਨਿਰਭਰ ਨਹੀਂ ਬਣਾਇਆ ਜਾਂਦਾ ਉਨ੍ਹੀ ਦੇਰ ਤੱਕ ਲਿੰਗਕ ਬਰਾਬਰੀ ਦਾ ਸੁਪਨਾ ਅਧੂਰਾ ਹੀ ਰਹੇਗਾ। ਉਨ੍ਹਾਂ ਦੱਸਿਆ ਕਿ ਖੇਤੀ ਕਾਰਜਾਂ ਵਿਚ ਔਰਤ ਦੀ ਹਿੱਸੇਦਾਰੀ, ਪਰਿਵਾਰ ਦੀ ਸਿਹਤ ਅਤੇ ਆਮਦਨ ਦਾ ਅਹਿਮ ਸਰੋਤ ਰਹੀ ਹੈ, ਪਰ ਅੱਜਕਲ ਕੰਮ ਦਾ ਸੰਕਲਪ ਸਮਾਜਿਕ ਢਾਂਚੇ ਵਿਚੋਂ ਘੱਟ ਰਿਹਾ ਹੈ ਅਤੇ ਇਸ ਦਾ ਅਸਰ ਖੇਤੀ ਨਾਲ ਜੁੜੇ ਪਰਿਵਾਰਾਂ ਉੱਪਰ ਵੀ ਨਜ਼ਰ ਆਉਂਦਾ ਹੈ। ਉਨ੍ਹਾਂ ਨੇ ਕਿਰਤ ਅਤੇ ਕਿਰਸ ਦੀ ਮੁੜ ਉਸਾਰੀ ਲਈ ਔਰਤਾਂ ਨੂੰ ਲਾਮਬੰਦ ਹੋਣ ਲਈ ਪ੍ਰੇਰਿਆ ਅਤੇ ਇਸ ਦਿਸ਼ਾ ਵਿਚ ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਯੋਜਨਾਵਾਂ ਬਾਰੇ ਵੀ ਵਿਸ਼ੇਸ਼ ਗੱਲਬਾਤ ਕੀਤੀ। ਇਸ ਮੌਕੇ ਸ੍ਰੀਮਤੀ ਅਮਰਜੀਤ ਕੌਰ ਅਤੇ ਸ੍ਰੀਮਤੀ ਦਰਸ਼ਨਾ ਕੌਰ ਜੋ ਕਿ ਆਪਣੇ ਆਲੇ-ਦੁਆਲੇ ਦੀਆਂ ਔਰਤਾਂ ਨੂੰ ਆਤਮ-ਨਿਰਭਰ ਬਣਾ ਰਹੇ ਹਨ ਨੇ ਖੇਤੀਬਾੜੀ ਵਿਚ ਔਰਤਾਂ ਦੀ ਹਿੱਸੇਦਾਰੀ, ਪਰਿਵਾਰਿਕ ਸੰਘਰਸ਼ ਅਤੇ ਸਮਾਜਿਕ ਸਭਿਆਚਾਰਕ ਮਾਨਤਾਵਾਂ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਨੇ ਮੰਗ ਰੱਖੀ ਕਿ ਉਤਪਾਦਨ ਤੋਂ ਲੈ ਕੇ ਮੰਡੀਕਰਨ ਤੱਕ ਦੇ ਫੈਸਲਿਆਂ ਵਿਚ ਕਿਰਤੀ ਔਰਤਾਂ ਦੀ ਸ਼ਮੂਲੀਅਤ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਖੇਤ ਮਜ਼ਦੂਰਾਂ ਨੂੰ ਮਿਲਦੀ ਉਜ਼ਰਤ ਵਿਚ ਲਿੰਗਕ ਵਿਤਕਰੇ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਅੰਤ ਦੇ ਵਿਚ ਡਾ. ਗੁਰਉਪਦੇਸ਼ ਕੌਰ ਨੇ ਦੱਸਿਆ ਕਿ ਇਸ ਪ੍ਰਾਜੈਕਟ ਦਾ ਮੁੱਖ ਮੰਤਵ ਖੇਤ ਮਜ਼ਦੂਰਾਂ ਵਿਚ ਲਿੰਗ ਆਧਾਰਿਤ ਵੰਡ ਦੀਆਂ ਚੁਣੌਤੀਆਂ ਬਾਰੇ ਖੋਜ ਨੂੰ ਅਕਾਦਮਿਕ ਹਸਤੀਆਂ, ਵਿਚਾਰਕਾਂ ਅਤੇ ਨੀਤੀਨਿਰਧਾਰਕਾਂ ਤੱਕ ਪਹੁੰਚਾਉਣਾ ਹੈ ਤਾਂ ਜੋ ਕਿ ਸਥਿਰ ਵਿਕਾਸ ਰਾਹੀਂ ਖੁਸ਼ਹਾਲ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।

ਇਸ ਮੌਕੇ ਔਰਤਾਂ ਨੂੰ ਫਲਾਂ ਸਬਜ਼ੀਆਂ ਦੇ ਛਿਲਕਿਆਂ ਤੋਂ ਬਹੁ-ਉਪਯੋਗੀ ਸਫ਼ਾਈ ਏਜੰਟ ਜੈਵ-ਇਨਜ਼ਾਈਮ ਬਣਾਉਣ ਦੀ ਪ੍ਰੈਕਟੀਕਲ ਜਾਣਕਾਰੀ ਵੀ ਦਿੱਤੀ ਗਈ।

# ਪਿੰਡ ਰਹੀਮਾਬਾਦ ਖੁਰਦ ਦੀਆਂ ਸੰਗਤਾਂ ਵੱਲੋਂ ਸਜਾਇਆ ਗਿਆ ਨਗਰ ਕੀਰਤਨ



**ਮਾਛੀਵਾੜਾ ਸਾਹਿਬ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੌਵੇਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਜੀ ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵੱਖ-ਵੱਖ ਸਮਾਗਮ ਪੰਜਾਬ ਭਰ ਹੀ ਨਹੀਂ ਦੁਨੀਆਂ ਭਰ ਵਿੱਚ ਕਰਵਾਏ ਜਾ ਰਹੇ ਹਨ। ਬਲਾਕ ਮਾਛੀਵਾੜਾ ਦੇ ਨਜ਼ਦੀਕ ਪਿੰਡ ਰਹੀਮਾਬਾਦ ਖੁਰਦ ਵਿਖੇ ਵੀ ਸੰਗਤਾਂ ਵੱਲੋਂ ਸ਼ਹੀਦੀ ਸ਼ਤਾਬਦੀ ਮਨਾਉਂਦਿਆਂ ਨਗਰ ਕੀਰਤਨ ਸਜਾਇਆ ਗਿਆ। ਜਾਣਕਾਰੀ ਦਿੰਦਿਆਂ ਸਰਪੰਚ ਨਿਰਮਲ ਸਿੰਘ ਨੇ ਦੱਸਿਆ ਕਿ ਪਿੰਡ ਦੀ ਸਮੁੱਚੀ ਸੰਗਤ ਦੇ ਸਹਿਯੋਗ ਸਦਕਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਸ਼ਮੂਲੀਅਤ ਕੀਤੀ। ਉਹਨਾਂ ਦੱਸਿਆ ਕਿ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿੱਚ ਪਾਠਾਂ ਦੇ ਜਾਪ ਕੀਤੇ ਗਏ ਉਪਰੰਤ ਸੰਗਤਾਂ ਲਈ ਲੰਗਰ ਵੀ ਚਲਾਇਆ ਗਿਆ। ਗ੍ਰਾਮ ਪੰਚਾਇਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਂਝੇ ਯਤਨਾਂ ਸਦਕਾ ਸਮੁੱਚੇ ਪਿੰਡ ਵਾਸੀਆਂ ਨੇ ਇਕੱਤਰਿਤ ਹੋ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ,ਜਿਸ ਵਿੱਚ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਹੋਈਆਂ ਸਾਰੇ ਪਿੰਡ ਦੀ ਪਰਿਕਰਮਾ ਕਰਦੀਆਂ ਮੁੜ ਗੁਰਦੁਆਰਾ ਸਾਹਿਬ ਪੁੱਜੀਆਂ।

ਪਿੰਡ ਵਿੱਚ ਨਗਰ ਕੀਰਤਨ ਦਾ ਸੰਗਤਾਂ ਨੇ ਫੁੱਲਾਂ ਨਾਲ ਸਵਾਗਤ ਕੀਤਾ ਅਤੇ ਨਗਰ ਕੀਰਤਨ ਵਿੱਚ ਸ਼ਾਮਿਲ ਸੰਗਤਾਂ ਦੇ ਲਈ ਵੱਖ-ਵੱਖ ਤਰ੍ਹਾਂ ਦੇ ਲੰਗਰ ਵੀ ਲਗਾਏ ਗਏ। ਇਸ ਮੌਕੇ।ਸਰਪੰਚ ਨਿਰਮਲ ਸਿੰਘ ,ਪ੍ਰਧਾਨ ਮਹਿੰਗਾ ਸਿੰਘ, ਸੈਕਟਰੀ ਸੁੱਚਾ ਸਿੰਘ ,ਮੈਂਬਰ ਬੂਟਾ ਸਿੰਘ ,ਅਮਰਜੀਤ ਸਿੰਘ ,ਜੋਗਿੰਦਰ ਸਿੰਘ, ਢਾਡੀ ਮਨਪ੍ਰੀਤ ਸਿੰਘ ,ਸਾਬਕਾ ਪ੍ਰਧਾਨ ਸ਼ਵਿੰਦਰ ਸਿੰਘ, ਮਹਿੰਦਰ ਸਿੰਘ, ਆਲਾ ਸਿੰਘ, ਧਰਮਪਾਲ ਕਟਾਰੀਆ ਆਦਿ।

# ਨਗਰ ਕੀਰਤਨ ਮੌਕੇ ਲੋਕਾਂ ਦੀਆਂ ਜੇਬਾਂ ਸਾਫ਼ ਕਰਨ ਵਾਲੀਆਂ ਔਰਤਾਂ ਆਈਆਂ ਮਾਛੀਵਾੜਾ ਪੁਲਿਸ ਹੱਥ



**ਮਲੇਰਕੋਟਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਸਾਮ ਤੋ ਕਰੀਬ ਦੋ ਮਹੀਨੇ ਪਹਿਲਾਂ ਚੱਲੇ ਧਾਰਮਿਕ ਨਗਰ ਕੀਰਤਨ ਦੇ ਇੱਕ ਦਿਨਾਂ ਵਿਸ਼ਰਾਮ ਤੋ ਬਾਦ ਜਦੋਂ ਮਾਛੀਵਾੜਾ ਸਾਹਿਬ ਤੋ ਇਹ ਨਗਰ ਕੀਰਤਨ ਚੱਲ ਕੇ ਸ਼੍ਰੀ ਆਨੰਦਪੁਰ ਸਾਹਿਬ ਨੂੰ ਰਵਾਨਾ ਹੋ ਰਿਹਾ ਸੀ ਤਾਂ ਸ਼ਹਿਰ ਵਾਸੀਆਂ ਦੇ ਅਥਾਹ ਉਤਸ਼ਾਹ ਦਾ ਹਜੂਮ ਇਸ ਕਦਰ ਸੀ ਕਿ ਪੈਦਲ ਤੁਰਨਾ ਵੀ ਮੁਸ਼ਕਿਲ ਸੀ। ਇੰਨੀ ਭੀੜ ਵਿੱਚ ਕੁਝ ਸ਼ੱਕੀ ਔਰਤਾਂ ਦਾ ਇੱਕ ਵੱਡਾ ਗਿਰੋਹ ਨਗਰ ਕੀਰਤਨ ਵਿੱਚ ਸ਼ਾਮਿਲ ਹੋ ਗਿਆ,ਜਿਹਨਾ ਨੇ ਇਸ ਨਗਰ ਕੀਰਤਨ ਨੂੰ ਸਿਜਦਾ ਕਰਨ ਲਈ ਸੰਗਤ ਵਿੱਚੋਂ ਕਈਆਂ ਦੀਆਂ ਜੇਬਾਂ ਵਿੱਚੋਂ ਨਗਦੀ ਤੇ ਪਰਸ ਗਾਇਬ ਕਰ ਦਿੱਤੇ। ਇੱਥੋਂ ਤੱਕ ਕਿ ਸ਼ਹਿਰ ਦੇ ਕੁਝ ਮੋਹਤਬਾਰ ਪਰਿਵਾਰਾਂ ਦੀਆਂ ਔਰਤਾਂ ਦੀਆਂ ਬਾਹਾਂ ਵਿੱਚੋਂ ਸੋਨੇ ਦੀਆਂ ਚੂੜੀਆਂ ਵੀ ਗਾਇਬ ਸਨ। ਨਗਰ ਕੀਰਤਨ ਤਾਂ ਰਵਾਨਾ ਹੋ ਗਿਆ, ਪਰ ਉਸ ਤੋਂ ਬਾਦ ਸਾਰੇ ਪਾਸੇ ਹਾਹਾਕਾਰ ਮੱਚ ਗਈ ਕਿਉਂ ਕਿ ਮਾਮਲਾ ਵੱਡੀ ਚੋਰੀ ਦਾ ਸੀ। ਜਦੋ ਇਸ ਮਾਮਲੇ ਵਿੱਚ ਇੱਕ ਪੀੜਿਤ ਨੇ ਪੁਲਿਸ ਨੂੰ ਇਤਲਾਹ ਦਿੱਤੀ ਤਾਂ ਕੈਮਰਿਆਂ ਦੀ ਮੱਦਦ ਨਾਲ ਕੁਝ ਸ਼ੱਕੀ ਔਰਤਾਂ ਦਾ ਗਿਰੋਹ ਪੁਲਿਸ ਅੜਿੱਕੇ ਆਇਆ ਤੇ ਜਿਹਨਾ ਦੀ ਗਿਣਤੀ 12 ਦੇ ਕਰੀਬ ਦੱਸੀ ਜਾ ਰਹੀ ਹੈ ਤੇ ਇਹਨਾਂ ਵਿੱਚ ਕੁਝ ਔਰਤਾਂ ਤੇ ਪਹਿਲਾਂ ਵੀ ਕਈ ਅਪਰਾਧਿਕ ਮਾਮਲੇ ਦਰਜ ਹਨ।

ਫਿਲਹਾਲ ਪੁਲਿਸ ਨੇ ਇਹਨਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਰਿਮਾਂਡ ਤਾਂ ਲੈ ਲਿਆ ਹੈ। ਪਰ ਇਹਨਾਂ ਤੋਂ ਮੌਕੇ ਤੇ ਕਿਸੇ ਵੀ ਕਿਸਮ ਦੀ ਰਿਕਵਰੀ ਨਹੀਂ ਹੋਈ ਹੈ ਤੇ ਹੋ ਸਕਦਾ ਹੈ ਕਿ ਰਿਮਾਂਡ ਦੌਰਾਨ ਕੁਝ ਸਾਹਮਣੇ ਆ ਸਕੇ। ਪਰ ਇਸ ਗਿਰੋਹ ਦੇ ਚਰਚੇ ਕੁਝ ਦਿਨ ਪਹਿਲਾਂ ਹੋਰ ਸ਼ਹਿਰਾਂ ਵਿੱਚ ਵੀ ਸੁਣਾਈ ਦਿੱਤੇ ਸਨ।

**ਹਰ ਚੋਰੀ ਤੋਂ ਬਾਅਦ ਆਪਣਾ ਅਤੇ ਪਤੀ ਦਾ ਨਾਂ ਬਦਲ ਲੈਂਦੀਆਂ ਸਨ ਇਹ ਗਰੋਹ ਦੀਆਂ ਔਰਤਾਂ**

ਪੁੱਛਗਿਸ਼ ਦੌਰਾਨ ਇਹ ਵੀ ਗੱਲ ਸਾਹਮਣੇ ਆਈ ਕਿ ਇਹਨਾਂ ਫੜੀਆਂ ਗਈਆਂ ਔਰਤਾਂ ਵਿੱਚੋਂ ਕਈ ਔਰਤਾਂ ਅਜਿਹੀਆਂ ਹਨ ,ਜਿਹਨਾਂ ਉੱਤੇ ਪਹਿਲਾਂ ਵੀ ਕਈ ਅਪਰਾਧਿਕ ਮਾਮਲੇ ਦਰਜ ਹਨ। ਹੈਰਾਨੀ ਉਦੋਂ ਹੋਈ ਜਦੋਂ ਇਹ ਪਤਾ ਲੱਗਾ ਕਿ ਚੋਰੀ ਤੋਂ ਬਾਅਦ ਇਹ ਆਪਣਾ ਤੇ ਆਪਣੇ ਪਤੀ ਦਾ ਨਾਮ ਬਦਲ ਲੈਂਦੀਆਂ ਸਨ ਤਾਂ ਜੋ ਇਹਨਾਂ ਦੇ ਪਿਛਲੇ ਅਪਰਾਧਿਕ ਮਾਮਲਾ ਬਾਰੇ ਜਾਣਕਾਰੀ ਨਾ ਮਿਲ ਸਕੇ। ਹੋਰ ਵੀ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਹਨਾਂ ਦੇ ਪਰਿਵਾਰਿਕ ਮੈਂਬਰਾਂ ਵਿੱਚੋਂ ਕੋਈ ਵੀ ਇਹਨਾਂ ਦੀ ਪੈਰਵਾਈ ਲਈ ਮਾਛੀਵਾੜਾ ਥਾਣੇ ਤੱਕ ਨਹੀਂ ਪਹੁੰਚਿਆ। ਲਏ ਗਏ ਰਿਮਾਂਡ ਦੌਰਾਨ ਹੋਰ ਵੀ ਮਹੱਤਵਪੂਰਨ ਜਾਣਕਾਰੀ ਸਾਹਮਣੇ ਆਉਣ ਦੀ ਸੰਭਾਵਨਾ ਹੈ।

# ਹਰ ਪਾਸੇ ਭਗਵਾਨ ਦਾ ਵਾਸ

**ਸੁਰਿੰਦਰ ਮਾਣੂੰਕੇ ਗਿੱਲ**

ਭਗਵਾਨ ਕਿੱਥੇ ਹੈ, ਕਿੱਥੇ ਰਹਿੰਦਾ ਹੈ, ਇਸ ਬਾਰੇ ਸਿਰਫ਼ ਉਹ ਹੀ ਜਾਣ ਸਕਦੇ ਹਨ, ਜਿਨ੍ਹਾਂ ਨੇ ਇਨ੍ਹਾਂ ਸਵਾਲਾਂ ਨੂੰ ਆਪਣੇ ਮਨ ਵਿੱਚੋਂ ਕੱਢਕੇ ਭਗਵਾਨ ਨੂੰ ਹੀ ਮਨ ਵਿਚ ਵਸਾ ਲਿਆ ਹੈ। ਇਹ ਭਗਤ ਲੋਕ ਭਗਵਾਨ ਨੂੰ ਸਿਰਫ਼ ਆਪਣੇ ਮਨ ਵਿਚ ਹੀ ਨਹੀਂ ਦੇਖਦੇ ਸਗੋਂ ਹਰ ਪਾਸੇ ਦੇਖਦੇ ਹਨ, ਇਹ ਉਹ ਭਗਤ ਹਨ ਜਿਨ੍ਹਾਂ ਵਿੱਚੋਂ ਧੰਨੇ ਭਗਤ ਨੇ ਪੱਥਰ ਵਿੱਚੋਂ ਭਗਵਾਨ ਨੂੰ ਪਾਇਆ ਅਤੇ ਪ੍ਰਹਿਲਾਦ ਭਗਤ ਨੇ ਖੰਭੇ ਵਿੱਚੋਂ ਵੀ ਪਾ ਲਿਆ। ਅਜਿਹੇ ਭਗਤਾਂ ਦੀਆਂ ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਹਨ। ਇਨ੍ਹਾਂ ਵਿੱਚੋਂ ਗੋਸਵਾਮੀ ਤੁਲਸੀ ਦਾਸ ਦਾ ਜ਼ਿਕਰ ਕਰਨਾ ਜ਼ਰੂਰੀ ਹੋਵੇਗਾ। ਉਨ੍ਹਾਂ ਨੂੰ ਵੀ ਰੱਬ ਹਰ ਪਾਸੇ ਅਤੇ ਹਰ ਚੀਜ਼ ਵਿਚ ਦਿਖਾਈ ਦਿੰਦਾ ਸੀ।



ਇਕ ਵਾਰ ਤੁਲਸੀ ਦਾਸ ਜੀ ਕਿਤਿਓਂ ਵਾਪਸ ਮੁੜ ਰਹੇ ਸਨ ਤਾਂ ਉਨ੍ਹਾਂ ਦਾ ਸਾਹਮਣਾ ਕੁਝ ਚੋਰਾਂ ਨਾਲ ਹੋ ਗਿਆ। ਚੋਰਾਂ ਨੇ ਪੁੱਛਿਆ ਕਿ ਤੂੰ ਕੌਣ ਹੈ, ਇੰਨੀ ਰਾਤ ਨੂੰ ਕਿੱਥੋਂ ਆ ਰਿਹਾ ਹੈ? ਤੁਲਸੀ ਦਾਸ ਨੂੰ ਤਾਂ ਹਰ ਪਾਸੇ ਰੱਬ ਹੀ ਦਿਖਾਈ ਦਿੰਦਾ ਸੀ, ਇਸ ਲਈ ਉਸ ਨੇ ਚੋਰਾਂ ਨੂੰ ਕਿਹਾ ਕਿ ਜੋ ਤੁਸੀਂ ਹੋ, ਉਹ ਹੀ ਮੈਂ ਹਾਂ। ਚੋਰਾਂ ਨੇ ਸਮਝਿਆ ਕਿ ਇਹ ਵੀ ਸਾਡੇ ਵਾਂਗ ਚੋਰ ਹੀ ਹੈ। ਉਨ੍ਹਾਂ ਨੇ ਉਸ ਨੂੰ ਆਪਣੇ ਨਾਲ ਰਲਾ ਲਿਆ ਅਤੇ ਅੱਗੇ ਜਾ ਕੇ ਇਕ ਘਰ ਵਿਚ ਚੋਰੀ ਕਰਨ ਤੋਂ ਪਹਿਲਾਂ ਉਸ ਨੂੰ ਕਿਹਾ ਕਿ ਉਹ ਬਾਹਰ ਖੜ੍ਹਕੇ ਨਿਗ੍ਹਾ ਰੱਖੇ ਅਤੇ ਜਦੋਂ ਕੋਈ ਆਵੇ ਤਾਂ ਸਾਨੂੰ ਕਿਸੇ ਤਰੀਕੇ ਨਾਲ ਸੂਚਿਤ ਕਰ ਦੇਵੇ। ਚੋਰ ਚੋਰੀ ਕਰਨ ਲਈ ਘਰ ਵਿਚ ਚਲੇ ਗਏ, ਉਨ੍ਹਾਂ ਦੇ ਜਾਣ ਤੋਂ ਬਾਅਦ ਤੁਲਸੀ ਦਾਸ ਨੇ ਆਪਣਾ ਸੰਖ ਵਜਾ ਦਿੱਤਾ। ਚੋਰਾਂ ਨੇ ਸਮਝਿਆ ਕਿ ਕੋਈ ਆ ਗਿਆ ਹੈ। ਇਸ ਲਈ ਉਹ ਬਿਨਾਂ ਕੁਝ ਚੋਰੀ ਕੀਤਿਆਂ ਬਾਹਰ ਆ ਗਏ। ਬਾਹਰ ਆ ਕੇ ਉਨ੍ਹਾਂ ਨੇ ਦੇਖਿਆ ਕਿ ਕੋਈ ਵੀ ਨਹੀ ਆਇਆ ਸੀ। ਉਨ੍ਹਾਂ ਨੇ ਤੁਲਸੀ ਦਾਸ ਨੂੰ ਗੁੱਸੇ ਨਾਲ ਪੁੱਛਿਆ ਕਿ ਜਦੋਂ ਕੋਈ ਆਇਆ ਹੀ ਨਹੀਂ ਤਾਂ ਤੂੰ ਸੰਖ ਕਿਉਂ ਵਜਾਇਆ? ਤੁਲਸੀ ਦਾਸ ਨੇ ਕਿਹਾ ਕਿ ਤੁਹਾਡੇ ਜਾਣ ਤੋਂ ਬਾਅਦ ਮੈਂ ਚਾਰੇ ਪਾਸੇ ਦੇਖਿਆ ਤਾਂ ਮੈਨੂੰ ਪ੍ਰਭੂ ਰਾਮ ਨਜ਼ਰ ਆਏ। ਮੈਂ ਸੋਚਿਆ ਕਿ ਤੁਹਾਨੂੰ ਉਨ੍ਹਾਂ ਚੋਰੀ ਕਰਦੇ ਦੇਖ ਲਿਆ ਹੈ ਅਤੇ ਚੋਰੀ ਕਰਨੀ ਪਾਪ ਹੈ। ਤੁਹਾਨੂੰ ਸਜ਼ਾ ਦੇਣਗੇ, ਇਸ ਲਈ ਤੁਹਾਨੂੰ ਸਾਵਧਾਨ ਕਰਨਾ ਮੈਂ ਠੀਕ ਸਮਝਿਆ। ਇਹ ਸੁਣਕੇ ਇਕ ਚੋਰ ਬੋਲਿਆ ਕਿ ਭਗਵਾਨ ਤੈਨੂੰ ਕਿੱਥੇ ਨਜ਼ਰ ਆਏ। ਤੁਲਸੀ ਦਾਸ ਜੀ ਬੋਲੇ, ਰੱਬ ਦਾ ਵਾਸ ਕਿੱਥੇ ਨਹੀਂ ਹੈ? ਉਹ ਤਾਂ ਅੰਤਰਯਾਮੀ ਹੈ ਅਤੇ ਉਸ ਦਾ ਸਭ ਪਾਸੇ ਵਾਸ ਹੈ। ਮੈਨੂੰ ਤਾਂ ਉਹ ਇਸ ਵੇਲੇ ਦੁਨੀਆ ਵਿਚ ਸਭ ਪਾਸੇ ਨਜ਼ਰ ਆ ਰਿਹਾ ਹੈ। ਚੋਰਾਂ ਨੇ ਸੁਣਿਆ ਤਾਂ ਉਹ ਸਮਝ ਗਏ ਕਿ ਇਹ ਕੋਈ ਚੋਰ ਨਹੀਂ, ਸਗੋਂ ਮਹਾਤਮਾ ਹਨ। ਉਨ੍ਹਾਂ ਦੇ ਮਨ ਵਿਚ ਇਕਦਮ ਤੁਲਸੀ ਦਾਸ ਜੀ ਸ਼ਰਧਾ ਦੀ ਭਾਵਨਾ ਜਾਗ ਪਈ ਅਤੇ ਉਹ ਉਨ੍ਹਾਂ ਦੇ ਪੈਰਾਂ 'ਚ ਡਿੱਗ ਪਏ। ਉਨ੍ਹਾਂ ਚੋਰੀ ਕਰਨੀ ਛੱਡ ਦਿੱਤੀ ਅਤੇ ਉਨ੍ਹਾਂ ਦੇ ਚੇਲੇ ਬਣ ਗਏ।

8872321000

## ਅਮਲਿ ਸਾਲਿਹ

ਅਮਲਿ ਸਾਲਿਹ ਤੋਂ ਭਾਵ ਹੈ ਨੇਕ ਅਮਲ। ਅਮਲਿ ਸਾਲਿਹ ਉੱਤੇ ਇਸਲਾਮ ਅਤੇ ਸੂਫ਼ੀ ਵਿਚਾਰਧਾਰਾ ਵਿਚ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਕੁਰਆਨ ਮਜੀਦ ਦੀ ਸੂਰਹਾ ਅਲ-ਕਹਫ਼ ਦੀ ਆਇਤ ਨੰਬਰ 110 ਵਿਚ ਹਦਾਇਤ ਕੀਤੀ ਗਈ ਹੈ ਕਿ ਜੇ ਕੋਈ ਰੱਬ ਨੂੰ ਮਿਲਣ ਦਾ ਚਾਹਵਾਨ ਹੋਵੇ ਤਾਂ ਉਸ ਨੂੰ ਚਾਹੀਦਾ ਹੈ ਕਿ ਭਲੇ ਕਰਮ ਕਮਾਵੇ ਅਤੇ ਇਬਾਦਤ ਵਿਚ ਆਪਣੇ ਰੱਬ ਨਾਲ ਕਿਸੇ ਨੂੰ ਸ਼ਰੀਕ ਨਾ ਕਰੇ। ਇਸ ਤਰ੍ਹਾਂ ਕੁਰਆਨ ਮਜੀਦ ਇਸ ਗੱਲ ਨੂੰ ਵੀ ਮਾਨਤਾ ਦਿੰਦਾ ਹੈ ਕਿ ਜੇ ਕੋਈ ਨੇਕ ਅਮਲ ਕਰਦਾ ਹੈ ਤਾਂ ਆਪਣੇ ਲਈ ਕਰਦਾ ਹੈ, ਮਾੜੇ ਕੰਮ ਕਰਦਾ ਹੈ ਤੇ ਆਪਣੇ ਲਈ ਬੁਰਾ ਕਰਦਾ ਹੈ। ਕੁਰਆਨ ਮਜੀਦ ਦੀ ਸੂਰਹਾ ਹਾ-ਮੀਮ ਅਸ-ਸਜਦਾ ਦੀ ਆਇਤ ਨੰਬਰ 46 ਵਿਚ ਜ਼ਿਕਰ ਹੈ ਕਿ ਜਿਹੜਾ ਕੋਈ ਭਲਾਈ ਕਰੇਗਾ, ਆਪਣੇ ਲਈ ਹੀ ਭਲਾ ਕਰੇਗਾ। ਜੇ ਕੋਈ ਬੁਰਾਈ ਕਰੇਗਾ, ਉਸ ਦਾ ਦੋਸ਼ ਉਸ ਉੱਤੇ ਹੋਵੇਗਾ। ਸੋ ਸਭ ਧਰਮਾਂ, ਮਜ਼ਹਬਾਂ ਦੀ ਤਰ੍ਹਾਂ ਇਸਲਾਮ ਅਤੇ ਸੂਫ਼ੀਮਤ ਵਿਚ ਨੇਕ ਅਮਲ ਕਰਨ ਦੀ ਨਸੀਹਤ ਕੀਤੀ ਗਈ ਹੈ ਅਤੇ ਬੁਰੇ ਅਮਲਾਂ ਤੋਂ ਬਚਣ ਲਈ ਕਿਹਾ ਗਿਆ ਹੈ। ਹਦੀਸ ਸ਼ਰੀਫ਼ ਵਿਚ ਹਜ਼ਰਤ ਸਫ਼ਵਾਨ ਅਬਦੁੱਲਾ ਬਿਨ ਬਸਰ, (ਰਜ਼ੀ) ਤੋਂ ਰਿਵਾਇਤ ਹੈ ਕਿ ਹਜ਼ੂਰ (ਸ.) ਨੇ ਫ਼ਰਮਾਇਆ,'ਸਭ ਤੋਂ ਬਿਹਤਰ ਆਦਮੀ ਉਹ ਹੈ ਜਿਸ ਦੀ ਉਮਰ ਲੰਬੀ ਹੋਵੇ ਅਤੇ ਅਮਲ ਚੰਗੇ ਹੋਣ।' ਪੰਜਾਬ ਦੇ ਸੂਫ਼ੀ ਦਰਵੇਸ਼ਾਂ ਦੇ ਕਲਾਮ ਵਿਚ ਅਕਸਰ ਨੇਕ ਅਮਲਾਂ ਦੀ ਹਦਾਇਤ ਹੈ ਚਾਹੇ ਕਲਾਮ ਹਜ਼ਰਤ ਬਾਬਾ ਸ਼ੇਖ਼ ਫ਼ਰੀਦ ਦਾ ਹੋਵੇ, ਚਾਹੇ ਹਜ਼ਰਤ ਸ਼ਾਹ ਹੁਸੈਨ ਦਾ, ਚਾਹੇ ਹਜ਼ਰਤ ਸੁਲਤਾਨ ਬਾਹੂ ਦਾ, ਚਾਹੇ ਹਜ਼ਰਤ ਬਾਬਾ ਬੁੱਲ੍ਹੇ ਸ਼ਾਹ ਦਾ ਅਤੇ ਚਾਹੇ ਹਜ਼ਰਤ ਖ਼ਵਾਜਾ ਗ਼ੁਲਾਮ ਫ਼ਰੀਦ ਦਾ।

• **ਪ੍ਰੋ. ਗੁਰਚਰਨ ਸਿੰਘ ਤਲਵਾੜਾ**, 94634-63193



ਖਿਦਰਾਣੇ ਦੀ ਢਾਬ 'ਤੇ ਹੋਏ ਜ਼ਬਰਦਸਤ ਯੁੱਧ 'ਚ ਲੋਕਾਂ ਦੀ ਸਾਂਝੀ ਸ਼ਕਤੀ ਅੱਗੇ ਸ਼ਾਹੀ ਫ਼ੌਜ ਦੀਆਂ ਤੋਪਾਂ ਵੀ ਬੇਕਾਰ ਹੋ ਗਈਆਂ ਤੇ ਉਸ ਨੂੰ ਕਰਾਰੀ ਹਾਰ ਦਾ ਮੂੰਹ ਵੇਖਣਾ ਪਿਆ। ਗੁਰੂ ਜੀ ਨੇ ਇਹ ਸਿੱਧ ਕਰ ਦਿੱਤਾ ਕਿ ਜਦੋਂ ਲੋਕਾਂ ਵਿਚ ਰੋਹ ਜਾਗਦਾ ਹੈ ਤਾਂ ਵੱਡੀ ਤੋਂ ਵੱਡੀ ਤਾਕਤ ਦੀਆਂ ਵੀ ਜੜ੍ਹਾਂ ਪੁੱਟੀਆਂ ਜਾਂਦੀਆਂ ਹਨ...

# ਲੋਕ ਸ਼ਕਤੀ ਦੀ ਜਿੱਤ ਦਾ ਪ੍ਰਤੀਕ ਸ੍ਰੀ ਮੁਕਤਸਰ ਸਾਹਿਬ



ਡਾ. ਰਣਜੀਤ ਸਿੰਘ

**ਗੁਰੂ ਨਾਨਕ ਦੇਵ ਜੀ ਨੇ ਜਬਰ ਜ਼ੁਲਮ ਵਿਰੁੱਧ ਆਪਣੇ ਆਪ ਨੂੰ ਨਿਮਾਣੇ ਸਮਝ ਸਭ ਧੱਕੇਸ਼ਾਹੀਆਂ ਸਹਿਣ ਕਰ ਰਹੇ ਲੋਕਾਂ 'ਚ ਹੱਕ-ਸੱਚ ਦੀ ਰਾਖੀ ਅਤੇ ਸਵੈਮਾਣ ਲਈ ਸੰਘਰਸ਼ ਦੀ ਜਿਹੜੀ ਮੁਹਿੰਮ ਸ਼ੁਰੂ ਕੀਤੀ ਸੀ ਉਸ ਦੀ ਸੰਪੂਰਨਤਾ ਖਿਦਰਾਣੇ ਦੀ ਢਾਬ ਜਿਸ ਨੂੰ ਹੁਣ ਮੁਕਤਸਰ ਸਾਹਿਬ ਆਖਿਆ ਜਾਂਦਾ ਹੈ ਵਿਖੇ ਹੋਈ...**

ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਖ਼ਾਲਸੇ ਦੀ ਸਿਰਜਣਾ ਕੀਤੀ। ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਗੁਰੂ ਜੀ ਨੇ ਨੰਗੀ ਤਲਵਾਰ ਹੱਥ ਵਿਚ ਲੈ ਕੇ ਇਕ ਅਜਿਹੇ ਸਿੱਖ ਦੀ ਮੰਗ ਕੀਤੀ ਜਿਹੜਾ ਆਪਣਾ ਸੀਸ ਗੁਰੂ ਜੀ ਨੂੰ ਭੇਟ ਕਰ ਸਕੇ। ਇੰਝ ਉਨ੍ਹਾਂ ਨੇ ਪੰਜ ਮਰਜੀਵੜਿਆਂ ਦੀ ਚੋਣ ਕੀਤੀ। ਜਿਨ੍ਹਾਂ ਨੂੰ ਅੰਮ੍ਰਿਤ ਛਕਾ ਪੰਜ ਪਿਆਰਿਆਂ ਦਾ ਰੂਪ ਦਿੱਤਾ। ਇਹ ਪੰਜ ਪਿਆਰੇ ਸਾਰੇ ਦੇਸ਼ ਅਤੇ ਸਾਰੀਆਂ ਜਾਤਾਂ ਦੀ ਪ੍ਰਤੀਨਿੱਧਤਾ ਕਰਦੇ ਸਨ। ਗੁਰੂ ਜੀ ਨੇ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਮਾਣ ਬਖਸ਼ਦੇ ਹੋਇਆਂ ਇਨ੍ਹਾਂ ਤੋਂ ਆਪ ਅੰਮ੍ਰਿਤ ਲਈ ਬੇਨਤੀ ਕੀਤੀ। ਇੰਝ ਇਨ੍ਹਾਂ ਪੰਜਾਂ ਪਿਆਰਿਆਂ ਨੇ ਗੁਰੂ ਜੀ ਨੂੰ ਅੰਮ੍ਰਿਤ ਛਕਾ ਕੇ ਗੁਰੂ ਚੇਲੇ ਵਿਚਲੇ ਫ਼ਰਕ ਨੂੰ ਮੇਟ ਦਿੱਤਾ। ਸਿੱਖਾਂ ਨੂੰ ਇੰਨਾ ਵੱਡਾ ਮਾਣ ਪ੍ਰਾਪਤ ਹੋਇਆ ਤੇ ਉਹ ਆਪਣੇ ਗੁਰੂ ਲਈ ਆਪਣਾ ਸਭੋ ਕੁਝ ਨਿਛਾਵਰ ਕਰਨ ਲਈ ਤਿਆਰ ਹੋ ਗਏ। ਗੁਰੂ ਜੀ ਨੇ ਤਲਵਾਰ ਦੇ ਇਕੋ ਝਟਕੇ ਨਾਲ ਮੁੱਢ ਕਦੀਮ ਤੋਂ ਜਾਤ, ਰੰਗ, ਅਮੀਰੀ ਆਦਿ ਦੇ ਆਧਾਰ ਉੱਤੇ ਪਾਈਆਂ ਵੰਡੀਆਂ ਨੂੰ ਤੋੜ ਸਾਰੇ ਲੋਕਾਂ ਨੂੰ ਬਰਾਬਰੀ ਬਖਸ਼ੀ, ਇੰਝ ਉਨ੍ਹਾਂ ਇਕ ਸੰਪੂਰਨ ਇਨਸਾਨ ਦੀ ਸਿਰਜਣਾ ਕੀਤੀ।

ਇਸ ਇਨਕਲਾਬੀ ਤਬਦੀਲੀ ਨੇ ਮੌਕੇ ਦੇ ਸ਼ਾਸਕਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਨੂੰ ਭੈਭੀਤ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਇਹ ਚੰਗਿਆੜੀ ਭਾਂਬੜ ਦਾ ਰੂਪ ਧਾਰ ਲਵੇ, ਸ਼ਾਸਕਾਂ ਨੇ ਇਸ ਨੂੰ ਬੁਝਾਉਣ ਲਈ ਭਾਰੀ ਫ਼ੌਜਾਂ ਨਾਲ ਦਸਮੇਸ਼ ਦੇ ਗੜ੍ਹ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਸ਼ਾਹੀ ਫ਼ੌਜਾਂ ਨੇ 1701 ਤੋਂ 1704 ਦੇ ਵਿਚਕਾਰ ਅਨੰਦਪੁਰ ਸਾਹਿਬ ਉੱਤੇ ਪੰਜ ਵੇਰ ਹਮਲਾ ਕੀਤਾ। ਚਾਰ ਲੜਾਈਆਂ ਵਿਚ ਸਿੰਘਾਂ ਨੇ ਵੈਰੀ ਦੇ ਦੰਦ ਖੱਟੇ ਕੀਤੇ। ਪੰਜਵੀਂ ਵੇਰ ਭਾਰੀ ਫ਼ੌਜ ਨਾਲ ਸ਼ਾਹੀ ਫੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ। ਇਹ ਘੇਰਾ ਛੇ ਮਹੀਨੇ ਚੱਲਦਾ ਰਿਹਾ। ਸ਼ਾਹੀ ਫ਼ੌਜ ਨੇ ਗੁਰੂ ਜੀ ਨੂੰ ਪੇਸ਼ਕਸ਼ ਕੀਤੀ ਕਿ ਜੇ ਉਹ ਲੜਾਈ ਬੰਦ ਕਰ ਕੇ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਤਾਂ ਘੇਰਾ ਚੁੱਕ ਲਿਆ ਜਾਵੇਗਾ। ਆਪਣੇ ਸਿੰਘਾਂ ਦਾ ਫ਼ੈਸਲਾ ਮੰਨਦੇ ਹੋਏ ਗੁਰੂ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਨਾਲ ਕੀਰਤਪੁਰ ਵੱਲ ਤੁਰ ਪਏ। ਦੁਸ਼ਮਣ ਆਪਣੇ ਵਾਅਦੇ ਤੋਂ ਮੁਕਰ ਗਏ ਤੇ ਉਨ੍ਹਾਂ ਨੇ ਗੁਰੂ ਜੀ ਉੱਤੇ ਹਮਲਾ ਬੋਲ ਦਿੱਤਾ। ਗੁਰੂ ਜੀ ਉਦੋਂ ਅੰਮ੍ਰਿਤ ਵੇਲੇ ਨਿਤਨੇਮ ਕਰ ਰਹੇ ਸਨ। ਅੱਗੇ ਸਿਰਸਾ ਨਦੀ ਸੀ ਜਿਸ ਵਿਚ ਹੜ੍ਹ ਆਇਆ ਹੋਇਆ ਸੀ। ਵੈਰੀ ਨੂੰ ਰੋਕ ਕੇ ਰੱਖਣ ਲਈ ਸਿੰਘਾਂ ਦੇ ਛੋਟੇ ਜੱਥੇ ਬਣਾਏ ਗਏ ਤਾਂ ਜੋ ਗੁਰੂ ਜੀ ਨਿਤਨੇਮ ਪੂਰਾ ਕਰ ਲੈਣ। ਪਿੱਛੋਂ ਵੈਰੀ ਦਾ ਹਮਲਾ, ਅੱਗੇ ਹੜ੍ਹ, ਸਾਰੀ ਵਹੀਰ ਨਿੱਖੜ ਗਈ। ਗੁਰੂ ਜੀ ਦਾ ਸਾਰਾ ਪਰਿਵਾਰ ਵੀ ਨਿੱਖੜ ਗਿਆ। ਜਦੋਂ ਗੁਰੂ ਜੀ ਨੇ ਨਦੀ ਪਾਰ ਕੀਤੀ ਤਾਂ ਉਨ੍ਹਾਂ ਨਾਲ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਡੇਢ ਸੌ ਦੇ ਕਰੀਬ ਸਿੰਘ ਰਹਿ ਗਏ। ਗੁਰੂ ਜੀ ਜਦੋਂ ਰੋਪੜ ਪਹੁੰਚੇ ਤਾਂ ਉਨ੍ਹਾਂ ਉੱਤੇ ਮੁੜ ਹਮਲਾ ਹੋ ਗਿਆ। ਗੁਰੂ ਜੀ ਬਹਾਦਰੀ ਨਾਲ ਲੜੇ ਅਤੇ ਵੈਰੀ ਨੂੰ ਪਛਾੜਿਆ। ਇਥੋਂ ਚੱਲ ਕੇ ਗੁਰੂ ਜੀ ਚਮਕੌਰ ਪਹੁੰਚੇ। ਹੁਣ ਉਨ੍ਹਾਂ ਨਾਲ ਕੇਵਲ 40 ਸਿੰਘ ਹੀ ਰਹਿ ਗਏ, ਬਾਕੀ ਸ਼ਹੀਦੀਆਂ ਪਾ ਗਏ। ਉਸ ਦਿਨ ਸੱਤ ਪੋਹ ਸੀ ਤੇ ਕੜਾਕੇ ਦੀ ਠੰਢ ਪੈ ਰਹੀ ਸੀ। ਇਥੇ ਗੁਰੂ ਜੀ ਨੇ ਇਕ ਵੱਡੀ ਹਵੇਲੀ ਵਿਚ ਟਿਕਾਣਾ ਕੀਤਾ ਜਿਸ ਨੂੰ ਗੜ੍ਹੀ ਆਖਿਆ ਜਾਂਦਾ ਹੈ। ਸ਼ਾਹੀ ਫ਼ੌਜਾਂ ਪਿੱਛਾ ਕਰਦੀਆਂ ਇਥੇ ਵੀ ਪੁੱਜ ਗਈਆਂ ਅਤੇ ਗੜ੍ਹੀ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਇਸ ਹਮਲੇ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਦੁਪਹਿਰ ਤੀਕ ਸਿੰਘਾਂ ਦੇ ਤੀਰ ਤੇ ਗੋਲੀ ਸਿੱਕਾ ਖ਼ਤਮ ਹੋ ਗਿਆ। ਹੁਣ ਤਲਵਾਰਾਂ ਨਾਲ ਮੁਕਾਬਲਾ ਕਰਨ ਦਾ ਫ਼ੈਸਲਾ ਕੀਤਾ ਗਿਆ। ਪੰਜ-ਪੰਜ ਸਿੰਘਾਂ ਦੇ ਜੱਥੇ ਬਣਾਏ ਗਏ ਜਿਨ੍ਹਾਂ ਗੜ੍ਹੀ ਵਿੱਚੋਂ ਬਾਹਰ ਜਾ ਕੇ ਵੈਰੀ ਦਾ ਮੁਕਾਬਲਾ ਕਰਦੇ ਹੋਇਆਂ ਸ਼ਹੀਦੀ ਪ੍ਰਾਪਤ ਕਰਨੀ ਸੀ। ਦੋ ਜੱਥਿਆਂ ਦੇ ਸਰਦਾਰ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਥਾਪੇ ਗਏ। ਬਾਬਾ ਅਜੀਤ ਸਿੰਘ ਦੀ ਉਸ ਵੇਲੇ ਉਮਰ 17 ਸਾਲ ਅਤੇ ਬਾਬਾ ਜੁਝਾਰ ਸਿੰਘ ਦੀ ਉਮਰ 15 ਸਾਲ ਸੀ। ਸਿੰਘਾਂ ਦਾ ਜੱਥਾ ਜੈਕਾਰੇ ਬੁਲਾਉਂਦਾ ਬਿਜਲੀ ਵਾਂਗ ਵੈਰੀ ਉੱਤੇ ਟੁੱਟ ਪੈਂਦਾ ਅਤੇ ਅਨੇਕਾਂ ਵੈਰੀਆਂ ਦੇ ਆਹੂ ਲਾਹੁੰਦਾ ਹੋਇਆ ਸ਼ਹੀਦੀ ਜਾਮ ਪੀ ਲੈਂਦਾ। ਵਾਰੀ ਆਉਣ 'ਤੇ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੂੰ ਅਸ਼ੀਰਵਾਦ ਦੇ ਕੇ ਸ਼ਹੀਦੀ ਦੇਣ ਲਈ ਤੋਰਿਆ। ਪੁੱਤਰ ਦੀ ਬਹਾਦਰੀ ਨੂੰ ਆਪ ਗੜ੍ਹੀ ਦੀ ਕੰਧ 'ਤੇ ਖੜ੍ਹੇ ਹੋ ਕੇ ਵੇਖ ਰਹੇ ਸਨ। ਜਦੋਂ ਸਾਹਿਬਜ਼ਾਦੇ ਨੇ ਸ਼ਹੀਦੀ ਦਾ ਜਾਮ ਪੀਤਾ ਤਾਂ ਆਪ ਨੇ ਰੋਸ ਪ੍ਰਗਟ ਕਰਨ ਦੀ ਥਾਂ ਰੱਬ ਦਾ ਸ਼ੁਕਰ ਕੀਤਾ ਅਤੇ ਛੋਟੇ ਸਾਹਿਬਜ਼ਾਦੇ ਨੂੰ ਯੁੱਧ ਵਿਚ ਭੇਜ ਦਿੱਤਾ। ਜਿਸ ਫੁਰਤੀ ਅਤੇ ਸਿਆਣਪ ਨਾਲ ਸਾਹਿਬਜ਼ਾਦੇ ਜੁਝਾਰ ਸਿੰਘ ਨੇ ਯੁੱਧ ਕੀਤਾ, ਉਸ ਨੇ ਵੈਰੀਆਂ ਨੂੰ ਵੀ ਦੰਗ ਕਰ ਦਿੱਤਾ। ਰਾਤ ਪੈਣ ਤੀਕ ਛੋਟੇ ਸਾਹਿਬਜ਼ਾਦੇ ਨੇ ਵੀ ਸ਼ਹੀਦੀ ਪ੍ਰਾਪਤ ਕਰ ਲਈ।



ਸੰਸਾਰ ਵਿਚ ਕੋਈ ਵੀ ਗੁਰੂ, ਰਹਿਬਰ, ਬਾਦਸ਼ਾਹ ਅਜਿਹਾ ਨਹੀਂ ਹੋਇਆ ਜਿਸ ਨੇ ਮਜ਼ਲੂਮਾਂ ਦੀ ਰਾਖੀ ਖ਼ਾਤਰ ਆਪਣੇ ਹੱਥੀਂ ਆਪਣੇ ਪਿਤਾ ਅਤੇ ਪੁੱਤਰਾਂ ਨੂੰ ਸ਼ਹੀਦ ਹੋਣ ਲਈ ਤੋਰਿਆ ਹੋਵੇ। ਰਾਤ ਨੂੰ ਖ਼ਾਲਸੇ ਦਾ ਹੁਕਮ ਮੰਨ ਕੇ ਗੁਰੂ ਜੀ ਤਿੰਨ ਸਿੰਘਾਂ ਨਾਲ ਚਮਕੌਰ ਦੀ ਗੜ੍ਹੀ ਵਿੱਚੋਂ ਨਿਕਲ ਗਏ। ਬਾਕੀ ਸਿੰਘਾਂ ਨੇ ਸ਼ਾਹੀ ਫ਼ੌਜਾਂ ਦਾ ਮੁਕਾਬਲਾ ਕਰਦਿਆਂ ਹੋਇਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਰਾਹ ਦੇ ਦੁੱਖਾਂ ਤਕਲੀਫਾਂ ਨੂੰ ਝੱਲਦੇ ਹੋਏ ਖਿਦਰਾਣੇ ਦੀ ਢਾਬ, ਜਿਸ ਨੂੰ ਹੁਣ ਮੁਕਤਸਰ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਪੁੱਜੇ, ਉਦੋਂ ਤੀਕ ਵਿਛੜੇ ਕੁਝ ਸਾਥੀ ਅਤੇ ਇਲਾਕੇ ਦੀ ਸੰਗਤ ਉਨ੍ਹਾਂ ਨਾਲ ਹੋ ਗਈ। ਜ਼ਾਲਮ ਫ਼ੌਜ ਵੀ ਪਿੱਛਾ ਕਰਦੀ ਇੱਥੇ ਪੁੱਜ ਗਈ। ਘਮਸਾਣ ਦਾ ਯੁੱਧ ਹੋਇਆ। ਮਜ਼ਲੂਮ ਸਮਝੀਆਂ ਜਾਂਦੀਆਂ ਚਿੜੀਆਂ ਨੇ ਜ਼ਾਲਮ ਬਾਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਮਰਜੀਵੜਿਆਂ ਦੀ ਇਸ ਥੋੜ੍ਹੀ ਜਿਹੀ ਗਿਣਤੀ ਨੇ ਸ਼ਾਹੀ ਫ਼ੌਜਾਂ ਨੂੰ ਪਿੱਛੇ ਮੁੜਨ ਲਈ ਮਜਬੂਰ ਕਰ ਦਿੱਤਾ।

ਇਸੇ ਯੁੱਧ ਵਿਚ ਉਨ੍ਹਾਂ ਚਾਲੀ ਸਿੰਘਾਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ ਜਿਹੜੇ ਅਨੰਦਪੁਰ ਸਾਹਿਬ ਤੋਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ। ਘਰੋਂ ਔਰਤਾਂ ਤੋਂ ਪਈ ਫਿਟਕਾਰ ਨੇ ਉਨ੍ਹਾਂ ਦੀ ਜ਼ਮੀਰ ਨੂੰ ਝੰਜੋੜਿਆ ਤੇ ਉਹ ਗੁਰੂ ਜੀ ਲਈ ਆਪਾ ਵਾਰ ਗਏ। ਲੜਾਈ ਖ਼ਤਮ ਹੋਣ ਪਿੱਛੋਂ ਜਦੋਂ ਗੁਰੂ ਜੀ ਜ਼ਖ਼ਮੀ ਤੇ ਸ਼ਹੀਦ ਹੋਏ ਸਿੰਘਾਂ ਨੂੰ ਵੇਖ ਰਹੇ ਸਨ ਤਾਂ ਇਸ ਜੱਥੇ ਦੇ ਜਥੇਦਾਰ ਭਾਈ ਮਹਾਂ ਸਿੰਘ ਅਜੇ ਆਖਰੀ ਸਾਹ ਲੈ ਰਹੇ ਸਨ। ਗੁਰੂ ਜੀ ਨੇ ਉਨ੍ਹਾਂ ਦਾ ਸਿਰ ਆਪਣੀ ਗੋਦੀ ਵਿਚ ਰੱਖਦਿਆਂ ਆਖਰੀ ਇੱਛਾ ਪੁੱਛੀ। ਭਾਈ ਮਹਾਂ ਸਿੰਘ ਨੇ ਰੁਕਦੇ ਸਾਹਾਂ ਨਾਲ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ ਸਾਡੀ ਭੁੱਲ ਬਖਸ਼ ਦੇਵੋ ਜੇ ਤੁਠੇ ਹੋ ਤਾਂ ਸਾਡਾ ਬੇਦਾਵਾ ਪਾੜ ਕੇ ਸਾਨੂੰ ਸਵੀਕਾਰ ਕਰੋ।" ਏਨੀਆਂ ਮੁਸੀਬਤਾਂ ਤੋਂ ਲੰਘਦਿਆਂ ਜਦੋਂ ਸਾਰਾ ਕੁਝ ਹੀ ਗਵਾਚ ਗਿਆ ਸੀ ਉਦੋਂ ਵੀ ਗੁਰੂ ਜੀ ਨੇ ਉਸ ਬੇਦਾਵੇ ਨੂੰ ਸਾਂਭ ਕੇ ਰੱਖਿਆ। ਗੁਰੂ ਜੀ ਨੇ ਉਸ ਬੇਦਾਵੇ ਨੂੰ ਪਾੜਦੇ ਹੋਇਆਂ ਬਚਨ ਕੀਤੇ, "ਭਾਈ ਮਹਾਂ ਸਿੰਘ ਜੀ ਤੁਸੀਂ ਤੇ ਤੁਹਾਡੇ ਸਾਥੀ ਇਸ ਬੰਧਨ ਤੋਂ ਮੁਕਤ ਹੋਏ। ਤੁਸੀਂ ਮੇਰੇ ਮੁਕਤੇ ਹੋ" ਇੰਝ ਇਹ ਚਾਲੀ ਸਿੰਘ ਹਮੇਸ਼ਾ ਲਈ ਅਮਰ ਹੋ ਗਏ। ਸਿੱਖ ਅਰਦਾਸ ਕਰਦੇ ਸਮੇਂ ਚਾਲੀ ਮੁਕਤਿਆਂ ਦਾ ਧਿਆਨ ਜ਼ਰੂਰ ਧਰਦੇ ਹਨ। ਦੋਵੇਂ ਛੋਟੇ ਸਾਹਿਬਜ਼ਾਦੇ ਤੇ ਮਾਤਾ ਜੀ ਰਸੋਈਏ ਗੰਗੂ ਨਾਲ ਸਨ। ਉਸ ਨੇ ਹਕੂਮਤ ਦੇ ਡਰੋਂ ਅਤੇ ਲਾਲਚ ਵਿਚ ਆ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਸੂਬਾ ਸਰਹਿੰਦ ਨੇ ਸਾਹਿਬਜ਼ਾਦਿਆਂ ਨੂੰ ਡਰਾਇਆ, ਧਮਕਾਇਆ, ਤਸੀਹੇ ਤੇ ਲਾਲਚ ਦਿੱਤੇ ਤਾਂ ਜੋ ਉਹ ਇਸਲਾਮ ਕਬੂਲ ਕਰ ਲੈਣ। ਜਦੋਂ ਉਨ੍ਹਾਂ ਇਸਲਾਮ ਕਬੂਲ ਕਰਨ ਤੋਂ ਨਾਂਹ ਕੀਤੀ ਤਾਂ ਗੁਰੂ ਜੀ ਦੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਨੇ ਕੰਧ ਵਿਚ ਜਿੰਦਾ ਚਿਣਵਾ ਕੇ ਸ਼ਹੀਦ ਕੀਤਾ। ਇਥੇ ਹੀ ਗੁਰੂ ਜੀ ਦੇ ਮਾਤਾ ਜੀ ਵੀ ਸ਼ਹੀਦ ਹੋਏ।

ਮੌਕੇ ਦੀ ਹਕੂਮਤ ਨੂੰ ਯਕੀਨ ਸੀ ਕਿ ਗੁਰੂ ਜੀ ਦਾ ਸਰਬੰਸ ਕੁਰਬਾਨ ਹੋ ਚੁੱਕਾ ਹੈ, ਉਨ੍ਹਾਂ ਦੀ ਫ਼ੌਜ ਵੀ ਸ਼ਹੀਦ ਹੋ ਗਈ ਹੈ। ਹੁਣ ਲੋਕੀਂ ਡਰ ਜਾਣਗੇ ਤੇ ਸਹਿਮ ਦੇ ਇਸ ਸਾਏ ਅਧੀਨ ਗੁਰੂ ਜੀ ਤੋਂ ਮੁੱਖ ਮੋੜ ਲੈਣਗੇ ਪਰ ਇਸ ਜ਼ੁਲਮ ਨੇ ਲੋਕਾਂ ਦੇ ਗੁੱਸੇ ਨੂੰ ਜਗਾਇਆ। ਉਨ੍ਹਾਂ ਦੇ ਜਿਹੜਾ ਹਥਿਆਰ ਵੀ ਹੱਥ ਆਇਆ ਉਸ ਨੂੰ ਚੁੱਕਿਆ ਤੇ ਖਿਦਰਾਣੇ ਦੀ ਢਾਬ ਗੁਰੂ ਜੀ 'ਤੇ ਹਮਲਾ ਕਰ ਰਹੀ ਸ਼ਾਹੀ ਫ਼ੌਜ ਨੂੰ ਚਾਰੇ ਪਾਸਿਓਂ ਘੇਰਾ ਪਾ ਲਿਆ ਲੋਕਾਂ ਦੇ ਜਾਗੇ ਰੋਹ ਅੱਗੇ ਸ਼ਾਹੀ ਫੌਜ ਦੀਆਂ ਤੋਪਾਂ ਵੀ ਬੇਕਾਰ ਹੋ ਗਈਆਂ ਤੇ ਫ਼ੌਜ ਨੂੰ ਕਰਾਰੀ ਹਾਰ ਦਾ ਮੂੰਹ ਵੇਖਣਾ ਪਿਆ। ਗੁਰੂ ਜੀ ਨੇ ਇਹ ਸਿੱਧ ਕਰ ਦਿੱਤਾ ਕਿ ਜਦੋਂ ਲੋਕਾਂ ਵਿਚ ਰੋਹ ਜਾਗਦਾ ਹੈ ਤਾਂ ਵੱਡੀ ਤੋਂ ਵੱਡੀ ਤਾਕਤ ਦੀਆਂ ਵੀ ਜੜ੍ਹਾਂ ਪੁੱਟੀਆਂ ਜਾਂਦੀਆਂ ਹਨ। ਇਸ ਹਾਰ ਪਿੱਛੋਂ ਸ਼ਾਹੀ ਫ਼ੌਜ ਨੇ ਮੁੜ ਗੁਰੂ ਜੀ ਉੱਤੇ ਹਮਲਾ ਕਰਨ ਦੀ ਕਦੇ ਜੁਰੱਅਤ ਨਹੀਂ ਕੀਤੀ।

ਗੁਰੂ ਨਾਨਕ ਦੇਵ ਜੀ ਨੇ ਜਬਰ ਜ਼ੁਲਮ ਵਿਰੁੱਧ ਆਪਣੇ ਆਪ ਨੂੰ ਨਿਮਾਣੇ ਸਮਝ ਸਭ ਕੁਝ ਝੱਲ ਰਹੇ ਲੋਕਾਂ 'ਚ ਹੱਕਾਂ ਦੀ ਰਾਖੀ ਲਈ ਸੰਘਰਸ਼ ਦੀ ਜਿਹੜੀ ਮੁਹਿੰਮ ਸ਼ੁਰੂ ਕੀਤੀ ਸੀ ਉਸ ਦੀ ਸੰਪੂਰਨਤਾ ਖਿਦਰਾਣੇ ਦੀ ਢਾਬ ਜਿਸ ਨੂੰ ਹੁਣ ਮੁਕਤਸਰ ਸਾਹਿਬ ਆਖਿਆ ਜਾਂਦਾ ਹੈ ਵਿਖੇ ਹੋਈ। ਸਚਮੁੱਚ ਇਸ ਧਰਤੀ ਉੱਤੇ ਜਬਰ ਜ਼ੁਲਮ ਤੋਂ ਲੋਕਾਈ ਨੇ ਆਪਣੀ ਸ਼ਕਤੀ ਨਾਲ ਮੁਕਤੀ ਪ੍ਰਾਪਤ ਕੀਤੀ ਸੀ।

# ਸਿੱਖ ਇਤਿਹਾਸ 'ਚ ਟੁੱਟੀ ਗੰਢੀ ਦੀ ਧਾਰਨਾ





ਡਾ. ਹਰਪਾਲ ਸਿੰਘ ਪੰਨੂ
94642-51454

**ਗਾਹੇ ਬਗਾਹੇ ਸਿੱਖ, ਗੁਰੂ ਤੋਂ ਬੇਮੁਖ ਹੋਏਗਾ, ਤਾਂ ਵੀ ਬਾਬੇ ਉਸ ਪਲ ਦੀ ਉਡੀਕ ਕਰਦੇ ਰਹਿਣਗੇ ਜਦੋਂ ਸਿੱਖ ਭੁੱਲ ਬਖਸ਼ਾਉਣ ਆਏਗਾ ਤੇ ਟੁੱਟੀਆਂ ਗੰਢੀਆਂ ਜਾਣਗੀਆਂ...**

ਭਾਈ ਮਹਾਂ ਸਿੰਘ ਵੱਲੋਂ ਬੇਦਾਵਾ ਲਿਖਣਾ, ਫਿਰ ਭੁੱਲ ਬਖਸ਼ਾਉਣ ਲਈ ਖਿਦਰਾਣੇ ਦੀ ਢਾਬ ਉਪਰ ਜਾਕੇ ਬੇਦਾਵਾ ਪੜਵਾਉਣਾ, ਇਹ ਇਨ੍ਹਾਂ ਸਰਦੀਆਂ ਦੇ ਦਿਨਾਂ ਦਾ ਵਰਤਾਰਾ ਹੈ। ਸਿੱਖ ਸਨਾਤਨੀ ਗ੍ਰੰਥਾਂ ਵਿਚ ਇਸ ਘਟਨਾ ਨੂੰ 'ਟੁੱਟੀ ਗੰਢੀ' ਦਾ ਨਾਂ ਦਿੱਤਾ ਗਿਆ।

ਗੁਰੂ ਜੀ ਦਾ ਹਰੇਕ ਵਰਤਾਰਾ, ਹਰੇਕ ਵਾਕ ਅਹਿਮ ਹੈ, ਇਵੇਂ ਹੀ ਟੁੱਟੀ ਗੰਢੀ ਸਾਖੀ ਦੀ ਵਚਿੱਤਰ ਭੂਮਿਕਾ ਹੈ। ਅਚਾਨਕ ਤਾਂ ਇਕ ਦਿਨ ਅਜਿਹਾ ਨਹੀਂ ਹੋਇਆ ਕਿ ਭਾਈ ਮਹਾਂ ਸਿੰਘ ਦਸਮ ਪਾਤਸ਼ਾਹ ਕੋਲ ਗਏ ਤੇ ਬੇਦਾਵਾ ਲਿਖ ਕੇ ਸਾਥੀਆਂ ਸਣੇ ਘਰੋ ਘਰੀ ਪਰਤ ਗਏ। ਬੇਦਾਵਾ ਲਿਖਣ ਪਿੱਛੇ ਕਿੰਨਿਆਂ ਹਫਤਿਆਂ ਦਾ ਵਿਚਾਰ ਵਟਾਂਦਰਾ ਹੋਇਆ, ਤਕਰਾਰ ਹੋਇਆ, ਕਿਸੇ ਲਿਖਤ ਵਿਚ ਨਹੀਂ, ਤਾਂ ਵੀ ਏਨਾ ਵੱਡਾ ਫ਼ੈਸਲਾ ਲੈਣ ਪਿੱਛੇ ਇਕ ਇਤਿਹਾਸ ਹੈ। ਜਜ਼ਬੇ, ਵਿਸ਼ਵਾਸ ਅਚਾਨਕ ਗੁਮਰਾਹ ਨਹੀਂ ਹੋਏ। ਗੁਰੂ ਅਤੇ ਸਿੱਖ ਦਾ ਰਿਸ਼ਤਾ ਦੋ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਜੋੜਿਆ ਸੀ। ਸਰਬੰਸ ਦਾਨ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਰਿਸ਼ਤੇ ਨੂੰ ਪੱਕਾ ਕੀਤਾ ਸੀ। ਭਾਈ ਮਹਾਂ ਸਿੰਘ ਨੇ ਉਸ ਮਜ਼ਬੂਤ ਰਿਸ਼ਤੇ ਨੂੰ ਤੋੜਨਾ ਰੂਹ ਨਾਲੋਂ ਜਿਸਮ ਨੂੰ ਵੱਖ ਕਰਨਾ ਸੀ। ਆਖਰ ਉਹ ਘੜੀ ਆ ਗਈ ਜਦੋਂ ਭਾਈ ਮਹਾਂ ਸਿੰਘ ਨੇ ਬੇਦਾਵਾ ਲਿਖ ਕੇ ਗੁਰੂ ਜੀ ਦੇ ਸਪੁਰਦ ਕਰ ਦਿੱਤਾ। ਚਾਲੀ ਯੋਧੇ ਜਾਨਾਂ ਬਚਾ ਕੇ ਆਪਣੇ ਘਰਾਂ ਵੱਲ ਚੱਲ ਪਏ। ਰੂਹ ਅਨੰਦਪੁਰ ਰਹਿ ਗਈ, ਜਿਸਮ ਘਰ ਪਰਤੇ।

ਇਥੇ ਕੁੱਝ ਦੇਰ ਰੁਕ ਕੇ ਅੱਗੇ ਚੱਲਾਂਗੇ। ਸਾਖੀ ਦੇ ਮਾਇਨੇ ਪ੍ਰਗਟ ਹੋਣੇ ਸ਼ੁਰੂ ਹੋ ਗਏ ਹਨ। ਸਾਨੂੰ ਇਥੇ ਤਿੰਨ ਅਹਿਮ ਗੱਲਾਂ ਦੀ ਜਾਣਕਾਰੀ ਮਿਲਦੀ ਹੈ : ਸਿੱਖ ਭੁੱਲਣਹਾਰ ਹੋਣ ਕਰਕੇ ਗ਼ਲਤੀ, ਗੁਸਤਾਖੀ, ਬੇਅਦਬੀ ਕਰੇਗਾ, ਯਾਨਿ ਕਿ ਅਜਿਹਾ ਕਰਨ ਦੀ ਉਸ ਵਿਚ ਕਾਫ਼ੀ ਸੰਭਾਵਨਾ ਹੈ ਤੇ ਰਹੇਗੀ। ਗੁਰੂ ਮਹਾਰਾਜ ਜਾਣਦੇ ਹਨ ਜਿਨ੍ਹਾਂ ਨੂੰ ਇੰਨਾ ਪਿਆਰ ਕੀਤਾ ਉਹ ਵਧੀਕ ਦੂਰ ਨਹੀਂ ਜਾ ਸਕਦੇ, ਤਾਂ ਵੀ ਦੇਖੀਏ ਸਹੀ ਸਾਡੇ ਵੱਲੋਂ ਆਜ਼ਾਦ ਛੱਡੇ ਪਰਿੰਦੇ ਕਿੰਨੀ ਕੁ ਦੂਰ ਤਕ ਚਲੇ ਜਾਣਗੇ। ਗਾਹੇ ਬਗਾਹੇ ਸਿੱਖ, ਗੁਰੂ ਤੋਂ ਬੇਮੁਖ ਹੋਏਗਾ, ਤਾਂ ਵੀ ਗੁਰੂ ਬਾਬੇ ਉਸ ਪਲ ਦੀ ਉਡੀਕ ਕਰਦੇ ਰਹਿਣਗੇ ਜਦੋਂ ਸਿੱਖ ਭੁੱਲ ਬਖਸ਼ਾਉਣ ਆਏਗਾ ਤੇ ਟੁੱਟੀਆਂ ਗੰਢੀਆਂ ਜਾਣਗੀਆਂ।

ਇਸ ਨਾਲ ਮਿਲਦੀ ਜੁਲਦੀ ਦੂਜੀ ਸਾਖੀ ਭਾਈ ਦਾਨ ਸਿੰਘ ਦੀ ਹੈ। ਮੁਕਤਸਰ ਨਜ਼ਦੀਕ ਗੁਰਦੁਆਰਾ ਟਿੱਬੀ ਸਾਹਿਬ ਦੇ ਸਥਾਨ ਉੱਪਰ ਗੁਰੂ ਗੋਬਿੰਦ ਸਿੰਘ ਜੀ ਨਾਲ ਜਾਂਦਿਆਂ ਸਿੱਖਾਂ ਨੇ ਮਹਾਰਾਜ ਦੇ ਘੋੜੇ ਦੀ ਲਗਾਮ ਫੜ ਲਈ, ਸਾਰੇ ਰੁਕ ਗਏ। ਸਿੱਖਾਂ ਨੇ ਕਿਹਾ-ਘਰਾਂ ਵਿਚ ਤੰਗੀ ਹੈ ਮਹਾਰਾਜ। ਮਹੀਨਿਆਂ ਤੋਂ ਤਲਬਾਂ (ਤਨਖਾਹਾਂ) ਨਹੀਂ ਮਿਲੀਆਂ। ਤਲਬਾਂ ਤਾਰੋ ਤਾਂ ਅੱਗੇ ਜਾਣ ਦਿਆਂਗੇ, ਨਹੀਂ ਰੁਕਾਂਗੇ, ਰੋਕਾਂਗੇ। ਬਹੁਤ ਸਮਝਾਏ ਕਿ ਅਸੀਂ ਕਿਹੜਾ ਖ਼ਜ਼ਾਨੇ ਲੁਕਾਕੇ ਰੱਖੇ ਕਦੀ? ਜਦੋਂ ਮਿਲਿਆ ਜਿੰਨਾ ਮਿਲਿਆ ਤੁਹਾਡੇ ਵਿਚ ਵੰਡ ਦਈਦਾ ਹੈ। ਆਏਗਾ ਧਨ ਤਦ ਵੰਡ ਦਿਆਂਗੇ। ਬਜ਼ਿੱਦ ਸਿੱਖਾਂ ਨੇ ਲਗਾਮ ਨਾ ਛੱਡੀ। ਤਕਰਾਰ ਹੋ ਰਿਹਾ ਸੀ ਕਿ ਭਾਈ ਦੁਨੀ ਚੰਦ ਘੋੜੇ ਉੱਪਰ ਧਨ ਦੀਆਂ ਖੁਰਜੀਆਂ ਲੱਦੀ ਆ ਪੁੱਜੇ ਤੇ ਬੋਲੇ- ਬੜੀ ਮੁਸ਼ਕਿਲ ਨਾਲ ਲੱਭਿਆ ਮਹਾਰਾਜ ਤੁਹਾਨੂੰ। ਦਸਵੰਧ ਦੇਣ ਵਾਸਤੇ ਥਾਂ-ਥਾਂ ਪੁੱਛਦਾ ਪੁਛਾਂਦਾ ਆਪ ਪਾਸ ਪੁੱਜਾ ਹਾਂ। ਮਨਜ਼ੂਰ ਕਰੋ ਸਾਡੀ ਸੇਵਾ ਹਜ਼ੂਰ।

ਗੁਰੂ ਜੀ ਨੇ ਪਿੱਠ ਪਿੱਛੋਂ ਢਾਲ ਉਤਾਰੀ ਜਿਸ ਵਿਚ ਧਨ ਭਰ-ਭਰ ਸਿੱਖਾਂ ਵਿਚ ਵੰਡਣ ਲੱਗੇ। ਦੱਸੋ ਭਾਈ ਕਿੰਨਿਆਂ ਮਹੀਨਿਆਂ ਦੀ ਤਲਬ ਬਕਾਇਆ ਹੈ, ਆਖਦੇ ਅਤੇ ਵੰਡੀ ਜਾਂਦੇ। ਪੱਕੇ ਰੰਗ ਦਾ ਇਕ ਕੱਦਾਵਰ ਸਿੱਖ ਨੀਵੀਂ ਪਾਈ ਇਕ ਪਾਸੇ ਖਲੋਤਾ ਰਿਹਾ। ਤਲਬ ਲੈਣ ਅੱਗੇ ਨਹੀਂ ਵਧਿਆ। ਹਜ਼ੂਰ ਨੇ ਪੁੱਛਿਆ- ਦੱਸੋ ਭਾਈ ਕਿੰਨੀ ਤਲਬ ਹੈ ਤੁਹਾਡੀ ਬਕਾਇਆ? ਸਿੱਖ ਅੱਗੇ ਵਧਿਆ ਤੇ ਕਿਹਾ- ਜੀ ਕੋਈ ਬਕਾਇਆ ਨਹੀਂ, ਸਗੋਂ ਕਰਜ਼ ਚੁਕਾਣਾ ਹੈ ਆਪਦਾ। ਗੁਰੂ ਜੀ ਨੇ ਪੁੱਛਿਆ- ਕੀ ਨਾਮ ਹੈ ਤੁਹਾਡਾ? ਕੀ ਚਾਹੀਦਾ ਹੈ ਫਿਰ ਜੇ ਮਾਇਆ ਨਹੀਂ ਚਾਹੀਦੀ? ਸਿੱਖ ਨੇ ਚਰਨ ਛੂਹੇ ਅਤੇ ਕਿਹਾ- ਜੀ ਮੇਰਾ ਨਾਮ ਦਾਨ ਸਿੰਘ ਹੈ। ਮੈਨੂੰ ਸਿੱਖੀ ਚਾਹੀਦੀ ਹੈ। ਮਹਾਰਾਜ ਨੇ ਛਾਤੀ ਨਾਲ ਲਾ ਕੇ ਫਰਮਾਇਆ- ਅੱਜ ਮਾਲਵਾ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਨਾਲੋਂ ਟੁੱਟ ਚੱਲਿਆ ਸੀ ਭਾਈ ਦਾਨ ਸਿੰਘ, ਤੁਸੀਂ ਬਚਾ ਲਿਆ। ਜਿਵੇਂ ਮਾਝੇ ਦੀ ਟੁੱਟੀ ਭਾਈ ਮਹਾਂ ਸਿੰਘ ਨੇ ਗੰਢੀ ਸੀ, ਤੁਸੀਂ ਅੱਜ ਮਾਲਵੇ ਦੀ ਟੁੱਟੀ ਗੰਢੀ। ਇਤਿਹਾਸ ਵਿਚ ਤੁਹਾਡੀ ਜੜ੍ਹ ਲੱਗੀ।

ਗੁਰੂ ਅਤੇ ਸਿੱਖ ਵਿਚ ਇਹ ਫ਼ਰਕ ਅਕਸਰ ਦੇਖਣ ਨੂੰ ਮਿਲੇਗਾ। ਸਿੱਖ ਗੁਰੂ ਤੋਂ ਦੂਰ ਜਾਏਗਾ, ਗੁਰੂ ਜੀ ਉਡੀਕਣਗੇ, ਚਾਹੁਣਗੇ ਕਿ ਵਾਪਸ ਆਏ, ਭੁੱਲ ਬਖਸ਼ਵਾਏ। ਕਿਸੇ ਸ਼ਹਿਰ ਜਾਂ ਪਿੰਡ ਦਾ ਕੋਈ ਬੰਦਾ ਅਸੀਂ ਬੁਰਾ ਦੇਖ ਲਈਏ, ਆਖਾਂਗੇ- ਇਹ ਸਾਰਾ ਸ਼ਹਿਰ ਹੀ ਬੁਰਾ ਹੈ, ਫਟਕਾਰਿਆ ਹੋਇਆ। ਸਭ ਦੋਜ਼ਖਾਂ ਵਿਚ ਜਾਣਗੇ। ਗੁਰੂ ਜੀ ਅਪਣੇ ਆਲੇ ਦੁਆਲੇ ਬੁਰਿਆਂ ਦੀ ਭੀੜ ਦੇਖਦੇ ਹਨ, ਉਡੀਕਦੇ ਹਨ ਕੋਈ ਇਕ ਇਨ੍ਹਾਂ ਵਿੱਚੋਂ ਚੰਗਾ ਹੋਵੇ ਤਾਂ ਇਕ ਦੇ ਸਹਾਰੇ ਸਾਰਿਆਂ ਦੇ ਔਗਣ ਮਾਫ਼ ਕਰੀਏ।

ਪੰਡਿਤ ਕਿਰਪਾ ਰਾਮ ਕਸ਼ਮੀਰੀ ਬ੍ਰਾਹਮਣਾਂ ਦਾ ਜਥਾ ਲੈ ਕੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਰਣ ਅਨੰਦਪੁਰ ਆਏ ਸਨ। ਮਹਾਰਾਜ ਸ਼ਹਾਦਤ ਦੇਣ ਦਿੱਲੀ ਵੱਲ ਤੁਰੇ, ਭਾਈ ਕਿਰਪਾ ਰਾਮ ਨਾਲ ਤੁਰੇ। ਗੁਰੂ ਜੀ ਰੁਕੇ, ਫ਼ੁਰਮਾਇਆ- ਤੁਸੀਂ ਨਾ ਦਿੱਲੀ ਜਾਓਗੇ ਭਾਈ ਕਿਰਪਾ ਰਾਮ ਨਾ ਸ੍ਰੀਨਗਰ। ਤੁਹਾਨੂੰ ਵੱਡੀ ਜ਼ਿੰਮੇਵਾਰੀ ਸੌਂਪ ਕੇ ਚੱਲੇ ਹਾਂ। ਬਾਲਕ ਗੋਬਿੰਦ ਰਾਇ ਦੀ ਵਿੱਦਿਆ ਦੀ ਜ਼ਿੰਮੇਵਾਰੀ ਤੁਹਾਡੇ ਸਿਰ ਹੋਈ। ਆਪਣੇ ਸਮੇਂ ਅਰਬੀ, ਫਾਰਸੀ, ਸੰਸਕ੍ਰਿਤ, ਬ੍ਰਜ ਭਾਸ਼ਾ ਦੀ ਦੁਨੀਆ ਦੇ ਸ਼੍ਰੋਮਣੀ ਵਿਦਵਾਨ ਪਾਸੋਂ ਦਸਮ ਪਾਤਸ਼ਾਹ ਨੇ ਵਿੱਦਿਆ ਹਾਸਲ ਕੀਤੀ। ਵਿਸਾਖੀ 1699 ਨੂੰ ਜਦੋਂ ਅੰਮ੍ਰਿਤ ਦੀ ਦਾਤ ਵੰਡੀ ਜਾਣ ਲੱਗੀ, ਕਿਰਪਾ ਰਾਮ ਜੀ ਅੰਮ੍ਰਿਤ ਛਕ ਕੇ ਭਾਈ ਕਿਰਪਾ ਸਿੰਘ ਹੋ ਗਏ। ਚਮਕੌਰ ਦੀ ਜੰਗ ਵਿਚ ਵੱਡੇ ਸਾਹਿਬਜ਼ਾਦਿਆਂ ਦੀ ਹਿਫ਼ਾਜ਼ਤ ਕਰਦਿਆਂ ਸ਼ਹੀਦ ਹੋਏ। ਮੈਂ ਕਿਉਂਕਿ ਸਿੱਖ ਹਾਂ ਇਸ ਕਰਕੇ ਭਾਈ ਕਿਰਪਾ ਰਾਮ ਦੀ ਥਾਂ ਮੈਨੂੰ ਗੰਗੂ ਵਧੀਕ ਯਾਦ ਰਹਿੰਦਾ ਹੈ।

ਡਾ. ਹਿਮਾਦਰੀ ਬੈਨਰਜੀ ਕਲਕੱਤਿਓਂ ਮੇਰੇ ਪੀਐਚ.ਡੀ. ਕਰਦੇ ਖੋਜਾਰਥੀ ਦਾ ਇਮਤਿਹਾਨ ਲੈਣ ਪਟਿਆਲੇ ਆਏ। ਕੰਮ ਕਾਜ ਖ਼ਤਮ ਹੋਇਆ। ਖਾਣਾ ਖੁਆਕੇ ਉਨ੍ਹਾਂ ਨੂੰ ਛੱਡਣ ਰੇਲਵੇ ਸਟੇਸ਼ਨ ਗਿਆ। ਕਹਿਣ ਲੱਗੇ- ਪੰਨੂ ਭਾਈ, ਟ੍ਰੇਨ ਆਨੇ ਮੇਂ ਅਭੀ ਵਕਤ ਹੈ। ਕੋਈ ਬਾਤ ਸੁਨਾਏਂ। ਮੈਨੂੰ ਸ਼ਿਵਜੀ ਦੀ ਸਾਖੀ ਯਾਦ ਆ ਗਈ। ਸੁਣਾਈ। ਨਾਰਦ ਨੇ ਸ਼ਿਵਜੀ ਨੂੰ ਪੁੱਛਿਆ- ਅਸੀਂ ਧਰਤੀ ਉੱਪਰ ਕਿੱਥੋਂ ਆਏ ਸੀ ਮਹਾਰਾਜ? ਕੀ ਕਰਨ ਆਏ? ਫਿਰ ਇਸ ਤੋਂ ਬਾਦ ਕਿੱਥੇ ਜਾਵਾਂਗੇ? ਸ਼ਿਵਜੀ ਨੇ ਕਿਹਾ- ਤੁਸੀਂ ਅਤੇ ਅਸੀਂ ਹਜ਼ਾਰ ਵਾਰ ਇਸ ਧਰਤੀ ਉੱਪਰ ਆਏ, ਹਜ਼ਾਰ ਵਾਰ ਤੁਸੀਂ ਇਹੋ ਸਵਾਲ ਪੁੱਛਿਆ, ਉਹ ਜਵਾਬ ਜਿਹੜਾ ਹਜ਼ਾਰ ਵਾਰ ਦੇ ਚੁੱਕੇ ਹਾਂ। ਹੇ ਨਾਰਦ, ਉਹੋ ਫਿਰ ਸੁਣੋ, ਐਤਕੀਂ ਭੁੱਲਣਾ ਨਹੀਂ।

ਇਹ ਸੁਣਕੇ ਹਿਮਾਦਰੀ ਜੀ ਨੇ ਸੈਂਡਲ ਉਤਾਰੇ, ਨੰਗੇ ਪੈਰੀਂ ਮੇਰੇ ਸਾਹਮਣੇ ਹੱਥ ਜੋੜ ਕੇ ਖਲੋ ਗਏ, ਕਿਹਾ- ਮੈਂ ਆਦਮੀ ਹੂੰ, ਮੈਂ ਫਿਰ ਭੂਲੂੰਗਾ। ਆਪ ਕੋ ਫਿਰ ਬਤਾਨਾ ਪੜੇਗਾ। ਆਦਮੀ ਔਰ ਭਗਵਾਨ ਮੇਂ ਯਹੀ ਤੋ ਅੰਤਰ ਹੋਤਾ ਹੈ ਮਹਾਰਾਜ। ਭਾਈ ਮਹਾਂ ਸਿੰਘ ਭੁੱਲੇ ਸਨ। ਜਾਨ ਬਚਾ ਕੇ ਗਏ ਸਨ, ਜਾਨ ਕੁਰਬਾਨ ਕਰਨ ਲਈ ਪਰਤ ਆਏ। ਚਾਲੀ ਗਏ ਸਨ ਇਕਤਾਲੀ ਪਰਤ ਆਏ। ਸਿਰਫ਼ ਖਿਮਾ ਨਹੀਂ ਮਿਲੀ, ਅਰਦਾਸ ਵਿਚ ਸ਼ਾਮਲ ਹੋ ਗਏ। ਖਿਦਰਾਣੇ ਦੀ ਢਾਬ ਦਾ ਨਾਮ ਮੁਕਤਸਰ ਹੋ ਗਿਆ। ਗੁਨਾਹਗਾਰ ਇਸ ਸਰੋਵਰ ਵਿਚ ਇਸ਼ਨਾਨ ਕਰਿਆ ਕਰਨਗੇ ਤਾਂ ਉਨ੍ਹਾਂ ਦੇ ਪਾਪ ਵੀ ਧੋਏ ਜਾਇਆ ਕਰਨਗੇ ਕਿਉਂਕਿ ਟੁੱਟੀ ਗੰਢਣ ਵਾਲੇ ਨੀਲੇ ਦੇ ਸਵਾਰ ਖ਼ੁਦ ਹਨ।

# ਮਾਤਾ ਭਾਗ ਕੌਰ ਜੀ

**ਧਰਮਿੰਦਰ ਸਿੰਘ ਚੱਬਾ**



ਮਾਈ ਭਾਗੋ ਸਿੱਖ ਇਤਿਹਾਸ ਵਿਚ ਉੱਚ ਸਥਾਨ ਰੱਖਦੇ ਹਨ। ਉਹ ਚਾਰ ਭਰਾਵਾਂ ਦੀ ਲਾਡਲੀ ਭੈਣ ਸੀ। ਉਨ੍ਹਾਂ ਦਾ ਜਨਮ ਇਤਿਹਾਸ ਵਿਚ ਝਬਾਲ ਵਿਚ ਹੋਇਆ ਆਉਂਦਾ ਹੈ। ਝਬਾਲ ਇਲਾਕੇ ਦੇ ਭਾਈ ਪੇਰੋ ਸ਼ਾਹ ਜੀ ਹੋਏ ਹਨ। ਜਿਨ੍ਹਾਂ ਦੇ ਦੋ ਪੁੱਤਰ ਮਾਲੇ ਸ਼ਾਹ ਤੇ ਹਰੂ ਜੀ ਹੋਏ। ਅੱਗੇ ਮਾਲੇ ਸ਼ਾਹ ਦੇ ਚਾਰ ਪੁੱਤਰ ਤੇ ਇਕ ਧੀ ਹੋਈ, ਜਿਸ ਦਾ ਇਤਿਹਾਸ ਵਿਚ ਨਾਂ ਮਾਈ ਭਾਗੋ ਕਰ ਕੇ ਆਉਂਦਾ ਹੈ। ਇਨ੍ਹਾਂ ਦਾ ਜਨਮ ਸਰਦੇ ਪੁੱਜਦੇ ਘਰ ਹੋਇਆ, ਇਸ ਕਰਕੇ ਸਾਰੇ ਘਰ ਵਾਲੇ ਇਨ੍ਹਾਂ ਨੂੰ 'ਭਾਗਭਰੀ' ਕਹਿ ਕੇ ਬੁਲਾਉਂਦੇ ਸਨ। ਇਨ੍ਹਾਂ ਦੇ ਵੱਡੇ ਵਡੇਰਿਆਂ ਦਾ ਸਬੰਧ ਗੁਰੂ ਘਰ ਨਾਲ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਜੁੜਿਆ ਹੋਇਆ ਹੈ। ਘਰ ਵਿਚ ਸਿੱਖੀ ਦਾ ਪ੍ਰਚਾਰ ਸੀ। ਮਾਈ ਭਾਗੋ ਦੇ ਪਿਤਾ ਭਾਈ ਮਾਲ੍ਹੋ ਸ਼ਾਹ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫ਼ੌਜ ਦੇ ਬਹਾਦਰ ਸਿਪਾਹੀ ਸਨ। ਮਾਈ ਭਾਗੋ ਆਪਣੇ ਪਿਤਾ ਨਾਲ ਬਚਪਨ ਸਮੇਂ ਗੁਰੂ ਦਰਬਾਰ ਵਿਚ ਜਾਂਦੇ ਰਹਿੰਦੇ ਸਨ। ਫਿਰ ਸੱਤਵੇਂ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨ ਵੀ ਕਰਦੇ ਰਹੇ। ਅੱਠਵੀਂ ਜੋਤ ਗੁਰੂ ਹਰਿਕ੍ਰਿਸ਼ਨ ਜੀ ਤੇ ਨੌਵੇਂ ਸਤਿਗੁਰੂ ਗੁਰੂ ਤੇਗ ਬਹਾਦਰ ਜੀ ਤੇ ਦੱਸਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੈ।

ਮਹਾਨ ਕੋਸ਼ ਦੇ ਪੰਨਾ ਨੰ: 912 'ਤੇ ਭਾਈ ਕਾਹਨ ਸਿੰਘ ਨਾਭਾ ਇਸ ਗੱਲ ਦਾ ਜ਼ਿਕਰ ਕਰਦੇ ਹਨ ਕਿ ਭਾਗੋ ਮਾਈ ਢਿੱਲੋਂ ਗੋਤ ਦੀ ਉੱਚ ਆਚਰਨ ਵਾਲੀ ਇਸਤਰੀ, ਪਿੰਡ ਝਬਾਲ ਜਿਲ੍ਹਾ ਅੰਮ੍ਰਿਤਸਰ ਦੀ ਵਸਨੀਕ ਜੋ ਗੁਰੂ ਅਰਜਨ ਦੇਵ ਜੀ ਦੇ ਅਨਿੰਨ ਸੇਵਕ ਭਾਈ ਲੰਗਾਹ ਜੀ ਦੇ ਭਾਈ ਪੇਰੋਸ਼ਾਹ ਦੀ ਔਲਾਦ ਵਿੱਚੋਂ ਸੀ। ਜਦ ਬਹੁਤ ਸਿੱਖ ਅਨੰਦਪੁਰ ਸਾਹਿਬ ਦੀ ਜੰਗ ਵਿਚ ਬੇਦਾਵਾ ਲਿਖ ਕੇ ਘਰੀਂ ਆਏ, ਤਦ ਇਸ ਨੇ ਉਨ੍ਹਾਂ ਨੂੰ ਧਿਰਕਾਰਿਆ ਤੇ ਆਪ ਘੋੜੇ 'ਤੇ ਸਵਾਰ ਹੋ ਕੇ ਸਿੰਘ ਭੇਸ ਧਾਰ ਕੇ ਅਜਿਹੇ ਤਰਕ ਦੇ ਵਾਕ ਕਹੇ, ਜਿਨ੍ਹਾਂ ਦੇ ਅਸਰ ਨਾਲ ਬਹੁਤ ਸਿੱਖ ਸਤਿਗੁਰੂ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਤਿਆਰ ਹੋ ਗਏ। 1762 ਵਿਚ ਭਾਗੋ ਮਾਈ ਸਿੰਘਾਂ ਨਾਲ ਸ਼ਾਮਲ ਹੋ ਕੇ ਮੁਕਤਸਰ ਦੀ ਜੰਗ ਵਿਚ ਬੜੀ ਬਹਾਦਰੀ ਨਾਲ ਲੜੀ ਅਤੇ ਬਹੁਤ ਘਾਇਲ ਹੋਈ। ਗੁਰੂ ਨੇ ਇਸਦਾ ਇਲਾਜ ਕਰਵਾ ਕੇ ਰਾਜੀ ਕੀਤਾ ਅਤੇ ਅੰਮ੍ਰਿਤ ਛਕਾ ਕੇ ਭਾਗ ਕੌਰ ਬਣਾਈ। ਇਹ ਭੇਸ ਬਣਾ ਕੇ ਸਦਾ ਗੁਰੂ ਦੀ ਅੜਦਲ ਵਿਚ ਰਹਿੰਦੀ ਸੀ, ਜਦ ਕਲਗੀਧਰ ਜੀ ਅਬਚਲ ਨਗਰ ਅੰਤਰਧਾਨ ਹੋ ਗਏ, ਤਦ ਇਹ ਉਦਾਸ ਹੋ ਕੇ ਬਿਦਰ ਚਲੇ ਗਏ ਅਤੇ ਉਸੇ ਥਾਂ ਦੇਹ ਤਿਆਗੀ। ਭਾਗ ਕੌਰ ਦੇ ਨਾਂ ਦਾ ਅਬਚਲ ਨਗਰ ਵਿਚ ਬੁੰਗਾ ਹੈ, ਜਿਸ ਵਿਚ ਦਰਬਾਰ ਦਾ ਵੱਡਾ ਪੁਜਾਰੀ ਰਹਿੰਦਾ ਹੈ। ਭਾਗ ਕੌਰ ਦੇ ਬਰਛੇ ਦਾ ਫਲ ਗੁਰੂ ਸਾਹਿਬ ਦੇ ਸਿੰਘਾਸਨ 'ਤੇ ਹੁਣ ਤਕ ਸਨਮਾਨ ਪਾ ਰਿਹਾ ਹੈ।

ਮਾਈ ਭਾਗ ਕੌਰ ਦਾ ਵਿਆਹ ਪੱਟੀ ਦੇ ਨਿਧਾਨ ਸਿੰਘ ਵੜੈਚ ਨਾਲ ਹੋਇਆ। ਜਦ ਸਤਿਗੁਰੂ ਤੇਗ ਬਹਾਦਰ ਦੀ ਅਦੁੱਤੀ ਕੁਰਬਾਨੀ ਦੀ ਖ਼ਬਰ ਫੈਲੀ ਤਾਂ ਮਾਈ ਭਾਗੋ ਨੇ ਆਪਣੇ ਪਿਤਾ ਨੂੰ ਕਿਹਾ ਕਿ 'ਪਿਤਾ ਜੀ! ਮੇਰਾ ਦਿਲ ਕਰਦਾ ਹੈ ਕਿ ਮੈਂ ਤਲਵਾਰ ਲੈ ਕੇ ਹੁਣੇ ਦਿੱਲੀ ਜਾਵਾਂ ਤੇ ਉਨ੍ਹਾਂ ਦੁਸ਼ਟਾਂ ਦਾ ਖਾਤਮਾ ਕਰ ਆਵਾਂ, ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਇਸ ਤਰ੍ਹਾਂ ਸ਼ਹੀਦ ਕੀਤਾ ਹੈ।' ਮਾਈ ਭਾਗੋ ਹਿੰਮਤ ਤੇ ਦਲੇਰੀ ਦੀ ਧਾਰਨੀ ਸੀ। ਜਦ ਅਨੰਦਪੁਰ ਦੇ ਕਿਲ੍ਹੇ ਨੂੰ ਘੇਰਾ ਪਾ ਕੇ ਹਾਕਮਾਂ ਨੇ ਐਲਾਨ ਕੀਤਾ ਕਿ ਜੋ ਕੋਈ ਵੀ ਸਿੱਖ ਬਾਹਰ ਜਾਣਾ ਚਾਹੁੰਦਾ ਹੈ, ਉਹ ਜਾ ਸਕਦਾ ਹੈ। ਉਸ ਨੂੰ ਕੁੱਝ ਨਹੀਂ ਕਿਹਾ ਜਾਵੇਗਾ। ਇਹ ਐਲਾਨ ਸੁਣ ਕੇ ਮਾਝੇ ਦੇ ਚਾਲੀ ਸਿੰਘ ਗੁਰੂ ਜੀ ਤੋਂ ਬੇਮੁੱਖ ਹੋ ਕੇ 'ਬੇਦਾਵਾ' ਲਿਖ ਕੇ ਕਿ 'ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ' ਘਰਾਂ ਨੂੰ ਚਲੇ ਗਏ ਤਾਂ ਮਾਈ ਭਾਗੋ ਨੇ ਗੁਰੂ ਜੀ ਤੋਂ ਬੇਮੁੱਖ ਹੋ ਕੇ ਵਾਪਸ ਗਏ ਚਾਲੀ ਸਿੰਘਾਂ ਨੂੰ ਪ੍ਰੇਰ ਕੇ ਵਾਪਸ, ਆਪ ਉਨ੍ਹਾਂ ਦੀ ਅਗਵਾਈ ਕਰ 'ਖਿਦਰਾਣੇ ਦੀ ਢਾਬ' ਦੇ ਜੰਗ ਦੇ ਮੈਦਾਨ ਵਿਚ ਦੁਸ਼ਮਣ ਨਾਲ ਡੱਟ ਕੇ ਮੁਕਾਬਲਾ ਕੀਤਾ ਤੇ ਇਸ ਜੰਗ ਵਿਚ ਮਾਈ ਭਾਗੋ ਉਸ ਦੇ ਭਰਾਵਾਂ ਤੇ ਪਤੀ ਨੇ ਵੀ ਸ਼ਹੀਦੀ ਪਾਈ। ਮਾਤਾ ਭਾਗ ਕੌਰ ਆਪ ਵੀ ਬਹੁਤ ਜ਼ਖ਼ਮੀ ਹੋ ਚੁੱਕੇ ਸਨ। ਲੜਾਈ ਖ਼ਤਮ ਹੋਈ ਤਾਂ ਦਸਮੇਸ਼ ਪਿਤਾ ਉੱਚੀ ਟਿੱਬੀ ਤੋਂ ਉੱਤਰ ਕੇ ਮੈਦਾਨ ਵਿਚ ਆਏ ਤੇ ਸਿੰਘਾਂ ਨੂੰ ਕਈ ਵਰ ਦਿੱਤੇ। ਮਾਈ ਭਾਗੋ ਦੇ ਜ਼ਖ਼ਮ ਸਾਫ਼ ਕਰਕੇ ਮਰਹਮ ਪੱਟੀ ਕੀਤੀ। ਮਾਈ ਭਾਗੋ ਹਜ਼ੂਰ ਸਾਹਿਬ ਤਕ ਗੁਰੂ ਗੋਬਿਦ ਸਿੰਘ ਜੀ ਦੇ ਨਾਲ ਗਏ। ਸਿੱਖੀ ਦਾ ਪ੍ਰਚਾਰ ਕਰਦੇ ਰਹੇ ਤੇ ਬਿਦਰ ਕਰਨਾਟਕ ਨਾਨਕ ਝੀਰਾ ਕੋਲ ਜਨਵਾੜੇ ਵਿਚ ਗੁਰੂ ਚਰਨਾਂ ਵਿਚ ਬਿਰਾਜ ਗਏ। ਸਿੱਖ ਇਤਿਹਾਸ ਵਿਚ ਮਾਈ ਭਾਗੋ ਜੀ ਇਸ ਘਟਨਾ ਕਰਕੇ ਕਾਫ਼ੀ ਪ੍ਰਸਿੱਧ ਹਨ ਕਿ ਉਨ੍ਹਾਂ ਨੇ ਗੁਰੂ ਜੀ ਨਾਲੋਂ ਬੇਮੁੱਖ ਹੋਏ ਮਾਝੇ ਦੇ ਚਾਲੀ ਸਿੰਘਾਂ ਨੂੰ ਪ੍ਰੇਰਨਾ ਦੇ ਕੇ ਫਿਰ ਗੁਰੂ ਜੀ ਦੇ ਲੜ ਲਾਇਆ ਜੋ ਜਨਮ ਮਰਨ ਤੋਂ ਮੁਕਤ ਹੋ ਗਏ ਤੇ ਸਿੱਖ ਇਤਿਹਾਸ ਵਿਚ ਚਾਲੀ ਮੁਕਤੇ ਦੇ ਨਾਂ ਨਾਲ ਪ੍ਰਸਿੱਧ ਹੋ ਗਏ।

# ਸੰਤ ਸ਼ਹਿਨਸ਼ਾਹ ਜੀ



ਬੇਤਾਜ ਸ਼ਹਿਨਸ਼ਾਹ ਮਹਾਰਾਜ ਜੀ ਇਕ ਬਹੁਤ ਹੀ ਤਪੱਸਵੀ ਸੰਤ ਮਹਾਪੁਰਸ਼ ਸਨ। ਉਨ੍ਹਾਂ ਦਾ ਜਨਮ ਪਿੰਡ ਰੁੜਕਾ ਕਲਾਂ (ਜਲੰਧਰ) ਵਿਖੇ ਹੋਇਆ। ਆਪ 12 ਸਾਲ ਦੀ ਉਮਰ ਵਿਚ ਹੀ ਘਰ -ਬਾਰ ਛੱਡ ਕੇ ਸਾਧੂ ਸਮਾਜ 'ਚ ਚਲੇ ਗਏ ਅਤੇ ਸਖ਼ਤ ਤਪੱਸਿਆ ਕੀਤੀ। ਪ੍ਰਭੂ ਭਗਤੀ 'ਚ ਲੀਨ ਹੋ ਕੇ ਆਪ ਘੁੰਮਦੇ ਫਿਰਦੇ ਲੋਕਾਂ ਨੂੰ ਮੁਕਤੀ ਦਾ ਸੱਚਾ ਮਾਰਗ ਦੱਸਦਿਆਂ ਸੰਨ 1955 ਵਿਚ ਮੁਕੰਦਪੁਰ (ਸ਼ਹੀਦ ਭਗਤ ਸਿੰਘ ਨਗਰ) 'ਚ ਆ ਕੇ ਆਪਣੇ ਹੱਥੀਂ ਕੁੱਟੀਆ ਸ਼ਹਿਨਸ਼ਾਹ ਬਣਾਈ। ਸੰਨ 1980 ਵਿਚ ਆਪ ਨੇ ਸ਼ਰਧਾਲੂ ਸੰਗਤਾਂ ਦੇ ਕਹਿਣ 'ਤੇ ਪਿੰਡੋਂ ਬਾਹਰ ਕੁਟੀਆ ਬਣਾਈ। ਜਿੱਥੇ ਹਰ ਸਾਲ ਮਹਾਂ ਸ਼ਿਵਰਾਤਰੀ, ਸੰਗਰਾਂਦ 'ਤੇ ਛਿੰਝ ਮੇਲੇ ਲਗਾਉਂਦੇ ਸਨ। ਸੰਤ ਸ਼ਹਿਨਸ਼ਾਹ ਜੀ ਇਨ੍ਹਾਂ ਸਮਾਰੋਹ ਵਿਚ ਪਹੁੰਚੇ ਸੰਤ ਮਹਾਪੁਰਸ਼ਾਂ ਲਈ ਭੰਡਾਰੇ ਕਰਦੇ ਤੇ ਪੂਜਾ ਅਰਚਨਾ ਕਰਦੇ। ਆਪ ਵਲੋਂ ਬਣਾਈ ਗਈ ਛੋਟੀ ਕੁਟੀਆ ਸਮਾਂ ਬੀਤਣ 'ਤੇ ਇਕ ਵੱਡੇ ਦਰਬਾਰ 'ਚ ਤਬਦੀਲ ਹੋ ਗਈ ਅਤੇ ਸੰਗਤਾਂ ਦੀ ਤਦਾਦ ਵਿਚ ਵੀ ਵਾਧਾ ਹੋਇਆ।

26 ਅਪ੍ਰੈਲ 1995 ਨੂੰ ਨਹਿਰ ਦੇ ਕਿਨਾਰੇ ਆਪ ਨੇ ਇਕ ਪੰਜ ਮੰਜ਼ਿਲੀ ਕੁਟੀਆ ਦਾ ਮੁਕੰਦਪੁਰ-ਪਰੋਜਪੁਰ ਰੋਡ 'ਤੇ ਨੀਂਹ ਪੱਥਰ ਰੱਖਿਆ। ਜਿਸ ਦਾ ਨਿਰਮਾਣ ਕਾਰਜ ਪੂਰਾ ਹੋ ਚੁਕਾ ਹੈ। ਸੰਤ ਸ਼ਹਿਨਸ਼ਾਹ ਆਲਮ ਆਪਣੀ ਦ੍ਰਿਸ਼ਟੀ ਨਾਲ ਸੰਗਤਾਂ ਨੂੰ ਸੁੱਖ ਤੇ ਸ਼ਾਂਤੀ ਪ੍ਰਦਾਨ ਕਰਦੇ ਹੋਏ 11 ਜਨਵਰੀ 2004 ਨੂੰ ਸਵੇਰੇ ਕਰੀਬ 6 ਕੁ ਵਜੇ ਇਸ ਫ਼ਾਨੀ ਸੰਸਾਰ ਨੂੰ ਛੱਡਕੇ ਬ੍ਰਹਮਲੀਨ ਹੋ ਗਏ। ਆਪ ਜੀ ਦੀ ਸਾਧੂ ਸੰਪਰਦਾਇ ਰੀਤੀ ਅਨੁਸਾਰ ਇਸੇ ਕੁੱਟੀਆ ਵਿਚ ਸਮਾਧੀ ਦੀ ਰਸਮ ਕੀਤੀ ਗਈ ਸੀ। ਸੰਤ ਸ਼ਹਿਨਸ਼ਾਹ ਦੇ ਦੱਸੇ ਮਾਰਗ 'ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸੰਗਰਾਦ, ਮਹਾ ਸ਼ਿਵਰਾਤਰੀ ਤੇ ਸ਼ਹਿਨਸ਼ਾਹ ਮਹਾਰਾਜ ਦੀ ਬਰਸੀ ਬਹੁਤ ਸ਼ਰਧਾ ਪੂਰਬਕ ਮਨਾਈ ਜਾਂਦੀ ਹੈ। 11 ਜਨਵਰੀ ਨੂੰ ਉਨ੍ਹਾਂ ਦੇ ਲੱਖਾਂ ਸ਼ਰਧਾਲੂਆਂ ਵਲੋਂ ਬਰਸੀ 'ਤੇ ਛਿੰਝ ਮੇਲਾ ਮਨਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਵਿਖੇ 9 ਜਨਵਰੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਸ੍ਰੀ ਅਖੰਡ ਪਾਠ ਤੇ 10 ਜਨਵਰੀ ਤੋਂ ਸ੍ਰੀ ਰਾਮਾਇਣ ਮਹਾਪੁਰਾਣ ਦੇ ਪਾਠ ਆਰੰਭ ਹੋਣਗੇ। ਇਸ ਉਪਰੰਤ ਬਾਅਦ ਦੁਪਹਿਰ 1 ਵਜੇ ਵਿਸ਼ਾਲ ਸ਼ੋਭਾ ਯਾਤਰਾ ਸਜਾਈ ਜਾਵੇਗੀ। ਜਿਨ੍ਹਾਂ ਦੇ ਭੋਗ 11 ਜਨਵਰੀ ਨੂੰ ਹੋਣ ਉਪਰੰਤ ਕੁੱਟੀਆ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਤੇ ਰਮਾਇਣ ਦੇ ਭੋਗ ਉਪਰੰਤ ਹਵਨ ਯੱਗ ਹੋਵੇਗਾ।

• **ਪ੍ਰਦੀਪ ਭਨੋਟ**, 98037-16666

# ਖ਼ਤਰਨਾਕ ਹਨ ਅਲਸਰ



ਅਲਸਰਾਂ ਕਾਰਨ ਕਈ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮੇਂ ’ਤੇ ਦਵਾਈ ਨਾ ਲੈਣ ’ਤੇ ਇਹ ਅਲਸਰ ਜ਼ਖ਼ਮ ਦਾ ਰੂਪ ਧਾਰਨ ਕਰ ਲੈਂਦੇ ਹਨ ਜਿਸ ਕਰਕੇ ਮਰੀਜ਼ਾਂ ਨੂੰ ਇਸ ਦੇ ਨਾਲ ਹੋਰ ਵੀ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਆ ਜਾਂਦੀਆਂ ਹਨ। ਪੇਪਟਿਕ ਅਲਸਰ ਜਾਂ ਗੈਸਿਟ੍ਰਕ ਅਲਸਰ ਛੋਟੀ ਅੰਤੜੀ ਦੇ ਉੱਪਰਲੇ ਹਿੱਸੇ ’ਚ ਹੁੰਦੇ ਹਨ। ਅਲਸਰ ਉਸ ਸਮੇਂ ਬਣਦੇ ਹਨ ਜਦੋਂ ਪਾਚਨ ਪ੍ਰਣਾਲੀ ਜਾਂ ਅੰਤੜੀ ਦੀ ਦੀਵਾਰ ਨੂੰ ਨੁਕਸਾਨ ਪਹੁੰਚਦੇ ਹਨ ਤੇ ਕੁੱਝ ਸਮੇਂ ਬਾਅਦ ਇਹ ਫੱਟ ਵੀ ਜਾਂਦੇ ਹਨ।

### ਕਾਰਨ

- ਖਾਣ-ਪੀਣ ਦੀਆਂ ਗ਼ਲਤ ਆਦਤਾਂ ਤੇ ਉਸ ਦੇ ਕਾਰਨ ਬਣਨ ਵਾਲਾ ਐਸਿਡ ਇਸ ਬਿਮਾਰੀ ਨੂੰ ਹੋਰ ਜ਼ਿਆਦਾ ਵਧਾ ਦਿੰਦਾ ਹੈ।
- ਕਈ ਵਾਰ ਦਵਾਈਆਂ ਦੀ ਵਜ੍ਹਾ ਕਰਕੇ ਵੀ ਇਸ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਇਲਾਵਾ ਤਣਾਅ ਵੀ ਅਲਸਰ ਦਾ ਮੁੱਖ ਕਾਰਨ ਹੈ ਕਿਉਂਕਿ ਇਸ ਨਾਲ ਐਸਿਡ ਜ਼ਿਆਦਾ ਬਣਦਾ ਹੈ।
- ਸਿਰਫ਼ ਖਾਣ-ਪੀਣ ਜਾਂ ਪੇਟ ’ਚ ਐਸਿਡ ਨਾਲ ਹੀ ਅਲਸਰ ਨਹੀਂ ਬਣਦੇ ਜਦਕਿ ਹੇਲੀਕੋਬੈਕਟਰ ਪਾਏਲੋਰੀ ਬੈਕਟੀਰੀਆ ਵੀ ਇਸ ਦਾ ਕਾਰਨ ਹੈ।
- ਜਦੋਂ ਪੇਟ ’ਚ ਅਲਸਰ ਹੁੰਦੇ ਹਨ ਤਾਂ ਖਾਣਾ-ਖਾਣ ਤੋਂ ਬਾਅਦ ਬਹੁਤ ਜ਼ਿਆਦਾ ਦਰਦ ਹੁੰਦੀ ਹੈ।

### ਲੱਛਣ

- ਪੇਟ ਦੇ ਉੱਪਰਲੇ ਹਿੱਸੇ ’ਚ ਦਰਦ ਹੋਣਾ ਅਲਸਰ ਦਾ ਪਹਿਲਾ ਲੱਛਣ ਹੋ ਸਕਦਾ ਹੈ। ਖਾਣਾ-ਖਾਣ ਤੋਂ ਬਾਅਦ ਪੇਟ ’ਚ ਦਰਦ ਹੁੰਦੀ ਹੈ।
- ਇਸ ਦੇ ਇਲਾਵਾ ਪੇਟ ’ਚ ਦਰਦ, ਉਲਟੀਆਂ ਤੇ ਖ਼ੂਨ ਵੀ ਆਉਣਾ ਸ਼ੁਰੂ ਹੋ ਜਾਂਦਾ ਹੈ। ਅਲਸਰਾਂ ਦੇ ਪੱਕਣ ਨਾਲ ਮਲ ਕਾਲੇ ਰੰਗ ਦਾ ਹੋ ਜਾਂਦਾ ਹੈ।

### ਇਲਾਜ

ਅਲਸਰਾਂ ’ਚ ਐਸਿਡ ਨੂੰ ਘੱਟ ਕਰਨ ਵਾਲੀ ਦਵਾਈ ਦਿੱਤੀ ਜਾਂਦੀ ਹੈ ਤੇ ਡਾਕਟਰ ਦੁਆਰਾ ਦੱਸਿਆ ਗਿਆ ਪਰਹੇਜ਼ ਬਹੁਤ ਹੀ ਜ਼ਰੂਰੀ ਹੈ।

- ਅਲਸਰ ਦੀ ਪਰੇਸ਼ਾਨੀ ਜ਼ਿਆਦਾ ਵਧਣ ’ਤੇ ਅਪਰੇਸ਼ਨ ਵੀ ਹੋ ਸਕਦਾ ਹੈ ਕਿਉਂਕਿ ਇਨ੍ਹਾਂ ਅਲਸਰਾਂ ਨਾਲ ਕੈਂਸਰ ਵੀ ਹੋ ਸਕਦਾ ਹੈ। ਇਸ ਲਈ ਅਲਸਰਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।
- ਇਸ ਦੌਰਾਨ ਮਿਰਚ ਤੇ ਮਸਾਲੇਦਾਰ ਚੀਜ਼ਾਂ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ। ਅਲਸਰ ਹੋਣ ਤੋਂ ਬਾਅਦ ਚਾਹ, ਕੌਫੀ, ਕੋਲਡਰਿੰਗ, ਜੰਕ ਫੂਡ ਆਦਿ ਚੀਜ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

# ਪਨੀਰ ਸਿਹਤ ਲਈ ਗੁਣਕਾਰੀ



ਕਈ ਲੋਕ ਦੁੱਧ ਤੋਂ ਬਣੀਆਂ ਚੀਜ਼ਾਂ ਤੋਂ ਬਹੁਤ ਜ਼ਿਆਦਾ ਪਰਹੇਜ਼ ਕਰਦੇ ਹਨ ਕਿ ਜੇ ਅਸੀਂ ਇਸ ਦਾ ਸੇਵਨ ਕਰ ਲਿਆ ਤਾਂ ਫੈਟ ਦਾ ਸਾਹਮਣਾ ਕਰਨਾ ਪਵੇਗਾ ਇਹ ਗ਼ਲਤ ਸੋਚ ਹੈ ਜੋ ਲੋਕ ਦੁੱਧ, ਦਹੀਂ, ਪਨੀਰ, ਮੱਖਣ ਆਦਿ ਦਾ ਸੇਵਨ ਨਹੀਂ ਕਰਦੇ ਜ਼ਿਆਦਤਰ ਉਨ੍ਹਾਂ ’ਚ ਹੀ ਕਮਜ਼ੋਰੀ ਪਾਈ ਜਾਂਦੀ ਹੈ। ਇਸ ਕਰਕੇ ਇਨ੍ਹਾਂ ਚੀਜ਼ਾਂ ਦਾ ਸੇਵਨ ਕਰਨਾ ਸਿਹਤ ਲਈ ਬਹੁਤ ਹੀ ਲਾਭਕਾਰੀ ਹੈ। ਆਓ ਜਾਣਦੇ ਹਾਂ ਇਸ ਦੇ ਫ਼ਾਇਦੇ।

**ਮੈਟਾਬਾਲਿਜ਼ਮ** - ਪਾਚਨ ਦੇ ਲਈ ਮੈਟਾਬਾਲਿਜ਼ਮ ਦਾ ਰੋਲ ਬਹੁਤ ਮਹੱਤਵਪੂਰਨ ਹੈ। ਪਨੀਰ ’ਚ ਕਾਫ਼ੀ ਮਾਤਰਾ ’ਚ ਫਾਇਬਰ ਪਾਇਆ ਜਾਂਦਾ ਹੈ ਜੋ ਭੋਜਨ ਨੂੰ ਪਚਾਉਣ ’ਚ ਮਦਦਗਾਰ ਹੈ।

**ਦੰਦ ਤੇ ਹੱਡੀਆਂ**
ਪਨੀਰ ਦਾ ਸਭ ਤੋਂ ਬੇਹਤਰੀਨ ਲਾਭ ਇਹ ਹੈ ਕਿ ਦੰਦਾਂ ਤੇ ਹੱਡੀਆਂ ਨੂੰ ਮਜ਼ਬੂਤ ਕਰਦਾ ਹੈ ਤੇ ਨਾਲ ਹੀ ਕੈਲਸ਼ੀਅਮ ਤੇ ਫਾਸਫੋਰਸ ਦਾ ਵਧੀਆ ਸਰੋਤ ਵੀ ਹੈ। ਰੋਜ਼ ਪਨੀਰ ਦਾ ਸੇਵਨ ਹੱਡੀਆਂ ਦੀ ਸਮੱਸਿਆ, ਜੋੜਾਂ ਦੇ ਦਰਦ ਤੇ ਦੰਦਾਂ ਦੇ ਰੋਗ ਤੋਂ ਬਚਾਉਣ ਲਈ ਮਦਦਗਾਰ ਹੈ।

***ਡਾਇਬਟੀਜ਼*** - *ਓਮੇਗਾ 3 ਨਾਲ ਭਰਪੂਰ ਪਨੀਰ ਡਾਇਬਟੀਜ਼ ਨਾਲ ਲੜਨ ਦੀ ਸ਼ਕਤੀ ਦਿੰਦਾ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਡਾਇਬਟੀਜ਼ ਦੇ ਰੋਗੀਆਂ ਨੂੰ ਆਪਣੇ ਖਾਣੇ ’ਚ ਪਨੀਰ ਸ਼ਾਮਿਲ ਕਰਨਾ ਚਾਹੀਦਾ ਹੈ।*

**ਕੈਂਸਰ** - ਪਨੀਰ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਹ ਕੈਂਸਰ ਦੇ ਖ਼ਤਰਿਆਂ ਤੋਂ ਬਚਾਉਂਦਾ ਹੈ। ਪੇਟ ਦਾ ਕੈਂਸਰ, ਬਰੈਸਟ ਕੈਂਸਰ ਦੇ ਇਲਾਜ ਲਈ ਬਹੁਤ ਲਾਭਦਾਇਕ ਹੈ।

**ਐਨਰਜੀ** - ਪਨੀਰ ਖਾਣ ਨਾਲ ਕਾਫ਼ੀ ਐਨਰਜੀ ਪ੍ਰਾਪਤ ਹੁੰਦੀ ਹੈ। ਜੋ ਵਿਅਕਤੀ ਜਿੰਮ ਲਗਾਉਂਦਾ ਹੈ ਜਾਂ ਕਸਰਤ ਕਰਦਾ ਹੈ ਉਸ ਦੇ ਲਈ ਪਨੀਰ ਬਹੁਤ ਹੀ ਵਧੀਆ ਹੈ।

# ਦਮੇ ਨੂੰ ਕਰੋ ਜੜ੍ਹ ਤੋਂ ਖ਼ਤਮ

ਸਾਹ ਲੈਣ ’ਚ ਪਰੇਸ਼ਾਨੀ ਹੋਣ ਨੂੰ ਦਮਾ ਕਿਹਾ ਜਾਂਦਾ ਹੈ। ਕਿਸੇ ਚੀਜ਼ ਤੋਂ ਐਲਰਜੀ ਜਾਂ ਪ੍ਰਦੂਸ਼ਣ ਦੇ ਕਾਰਨ ਲੋਕਾਂ ’ਚ ਇਹ ਸਮੱਸਿਆ ਆਮ ਦੇਖਣ ਨੂੰ ਮਿਲਦੀ ਹੈ। ਦਮੇ ਕਾਰਨ ਖਾਂਸੀ, ਸਾਹ ਲੈਣ ’ਚ ਤਕਲੀਫ਼ ਤੇ ਨੱਕ ’ਚੋਂ ਆਵਾਜ ਆਉਣੀ ਇਸ ਤਰ੍ਹਾਂ ਦੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵੈਸੇ ਤਾਂ ਲੋਕ ਇਸ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਹੋਮਿਉਪੈਥਿਕ ਵਰਗੀਆਂ ਦਵਾਈਆਂ ਦਾ ਸੇਵਨ ਕਰਦੇ ਹਨ ਪਰ ਕੁੱਝ ਘਰੇਲੂ ਉਪਾਅ ਦੁਆਰਾ ਵੀ ਇਸ ਰੋਗ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।



**ਵੱਡੀ ਇਲਾਚੀ** - ਵੱਡੀ ਇਲਾਚੀ ਖਜੂਰ ਤੇ ਅੰਗੂਰ ਨੂੰ ਸਾਮਾਨ ਮਾਤਰਾ ’ਚ ਪੀਸ ਕੇ ਸ਼ਹਿਦ ਦੇ ਨਾਲ ਖਾਓ ਇਸ ਦਾ ਸੇਵਨ ਸਿਹਤ ਲਈ ਲਾਭਕਾਰੀ ਹੈ।

**ਪਿੱਪਲ ਦੇ ਪੱਤੇ** - ਪਿੱਪਲ ਦੇ ਪੱਤਿਆਂ ਨੂੰ ਸੁੱਕਾ ਕੇ ਚੰਗੀ ਤਰ੍ਹਾਂ ਸਾੜ ਲਓ ਇਸ ’ਚ ਸ਼ਹਿਦ ਮਿਲਾਓ। ਦਿਨ ’ਚ ਤਿੰਨ ਵਾਰ ਖਾਣ ਨਾਲ ਵੀ ਕਾਫ਼ੀ ਫ਼ਰਕ ਪੈਂਦਾ ਹੈ।

**ਮੋਠ** - ਨਮਕ, ਜ਼ੀਰਾ, ਭੁੰਨੀ ਹੋਈ ਹਿੰਗ ਤੇ ਤੁਲਸੀ ਦੇ ਪੱਤਿਆਂ ਨੂੰ ਪੀਸ ਕੇ 00 ਮਿ. ਲੀਟਰ ਪਾਣੀ ਵਿਚ ਚੰਗੀ ਤਰ੍ਹਾਂ ਉਬਾਲ ਲਓ। ਇਸ ਪਾਣੀ ਨਾਲ ਦਮੇ ਦੀ ਪਰੇਸ਼ਾਨੀ ਨੂੰ ਦੂਰ ਕੀਤਾ ਜਾ ਸਕਦਾ ਹੈ।



### ਮੇਥੀ ਦੇ ਦਾਣੇ

ਮੇਥੀ ਨੂੰ ਪਾਣੀ ’ਚ ਉਬਾਲ ਕੇ ਇਸ ’ਚ ਸ਼ਹਿਦ ਤੇ ਅਦਰਕ ਦਾ ਰਸ ਮਿਲਾ ਕੇ ਰੋਜ਼ ਪੀਣ ਨਾਲ ਦਮੇ ਦੇ ਰੋਗ ਤੋਂ ਰਾਹਤ ਪਾਈ ਜਾ ਸਕਦੀ ਹੈ।

### ਆਂਵਲਾ ਪਾਊਡਰ

2 ਟੀਸਪੂਨ ਆਂਵਲਾ ਪਾਊਡਰ ’ਚ 1 ਟੀਸਪੂਨ ਸ਼ਹਿਦ ਮਿਲਾ ਕੇ ਸਵੇਰੇ ਖ਼ਾਲੀ ਪੇਟ ਸੇਵਨ ਕਰੋ ਇਸ ਨਾਲ ਇਹ ਸਮੱਸਿਆ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।



### ਪਾਲਕ ਤੇ ਗਾਜਰ

ਪਾਲਕ ਤੇ ਗਾਜਰ ਦੇ ਰਸ ਨੂੰ ਮਿਲਾ ਕੇ ਰੋਜ਼ਾਨਾ ਪੀਣ ਨਾਲ ਦਮੇ ਦੀ ਸਮੱਸਿਆ ਦੂਰ ਹੁੰਦੀ ਹੈ।

# ਤੰਦਰੁਸਤੀ ਦਾ ਆਧਾਰ ਕੁਦਰਤੀ ਚਕਿਤਸਾ

## ਕੁਦਰਤੀ ਇਲਾਜ ਪ੍ਰਣਾਲੀ ਵਿਚ ਆਕਾਸ਼, ਹਵਾ, ਅਗਨੀ, ਜਲ, ਪ੍ਰਿਥਵੀ, ਯੋਗਾ, ਮਸਾਜ ਅਤੇ ਧਿਆਨ(ਮੈਡੀਟੇਸ਼ਨ)ਰਾਹੀਂ ਸਰੀਰ, ਮਨ ਅਤੇ ਆਤਮਾ ਨੂੰ ਨਿਰੋਗ ਕੀਤਾ ਜਾਂਦਾ ਹੈ...

ਡਾ. ਜਗਮੇਲ ਸਿੰਘ ਭਾਠੂਆਂ





ਪੁਰਾਤਨ ਸਮੇਂ ਭਾਰਤ ਵਿਚ ਸਾਡੇ ਬਜ਼ੁਰਗ, ਰਿਸ਼ੀ-ਮੁਨੀ, ਕੁਦਰਤੀ ਚਕਿਤਸਾ ਅਤੇ ਆਯੁਰਵੇਦ ਦਾ ਅਲੱਗ-ਅਲੱਗ ਨਹੀਂ, ਸਗੋਂ ਦੋਵਾਂ ਨੂੰ ਇਕੋ ਰੂਪ ਜਾਣ ਕੇ ਪ੍ਰਯੋਗ ਕਰਦੇ ਸਨ। ਕੁਦਰਤੀ ਨਿਯਮਾਂ ਉਪਰ ਆਧਾਰਿਤ ਇਲਾਜ ਪ੍ਰਣਾਲੀ ਤੇ ਜੀਵਨ ਸ਼ੈਲੀ ‘ਕੁਦਰਤੀ ਚਕਿਤਸਾ ਜਾਂ ਨੈਚਰੋਪੈਥੀ’ ਉਨ੍ਹੀ ਪੁਰਾਣੀ ਹੈ ਜਿਨ੍ਹੀ ਪੁਰਾਣੀ ਪ੍ਰਕਿਰਤੀ। ਸੰਸਾਰ ਦੇ ਆਦਿ ਗ੍ਰੰਥ ਵੇਦਾਂ ਵਿਚ ਇਸਦੇ ਮੋਟੇ-ਮੋਟੇ ਅੰਸ਼ ਜਲ ਚਕਿਤਸਾ, ਉਪਵਾਸ(ਵਰਤ)ਚਕਿਤਸਾ ਅਤੇ ਸੂਰਜ ਚਕਿਤਸਾ ਬਾਰੇ ਜਾਣਕਾਰੀ ਮਿਲਦੀ ਹੈ। ਜਿਥੋਂ ਤਕ ਇਸਦੇ ਮੂਲ ਸਿਧਾਂਤਾਂ ਦਾ ਸੁਆਲ ਹੈ ਆਯੁਰਵੇਦ ਦੇ ਮੂਲ ਸਿਧਾਂਤਾਂ ਵਾਤ, ਪਿਤ, ਕਫ ਅਤੇ ਪੰਚ ਕ੍ਰਮ ਨਾਲ ਇਸਦਾ ਗਹਿਰਾ ਸੰਬੰਧ ਹੈ। ਇਸਦਾ ਮੂਲ ਸਿਧਾਂਤ ਹੈ ਕਿ ਪੂਰੇ ਬ੍ਰਹਿਮੰਡ ਅਤੇ ਸਾਡੇ ਸਰੀਰ ਦਾ ਨਿਰਮਾਣ ਪੰਜ ਤੱਤਾਂ ਆਕਾਸ਼, ਹਵਾ, ਅਗਨੀ, ਜਲ ਅਤੇ ਪ੍ਰਿਥਵੀ ਤੋਂ ਹੋਇਆ ਅਤੇ ਤੰਦਰੁਸਤੀ ਦਾ ਆਧਾਰ ਵੀ ਇਹ ਪੰਜ ਤੱਤ ਹਨ।

ਅੱਜ ਦੇ ਪਦਾਰਥਵਾਦੀ ਯੁੱਗ ਵਿਚ ਮਨੁੱਖ ਦੇ ਜ਼ਿਆਦਾ ਸਰੀਰਕ ਅਤੇ ਮਾਨਸਿਕ ਰੂਪ ਵਿਚ ਰੋਗੀ ਹੋਣ ਲਈ ਨਵੀਂ ਜੀਵਨ ਸ਼ੈਲੀ ਜ਼ੁੰਮੇਵਾਰ ਹੈ। ਇਕ ਗੱਲ ਲਈ ਐਲੋਪੈਥੀ, ਆਯੁਰਵੇਦ, ਹੋਮਿਓਪੈਥੀ ਆਦਿ ਸਭ ਪੈਥੀਆਂ ਦੇ ਵਿਦਵਾਨ ਸਹਿਮਤ ਹਨ ਕਿ ਸਾਦਾ ਜੀਵਨ ਦੇ ਧਾਰਣੀ ਬਣਕੇ ਅਤੇ ਪ੍ਰਕਿਰਤਿਕ ਨਿਯਮਾਂ ਉਪਰ ਚਲਕੇ ਅਨੇਕਾਂ ਰੋਗਾਂ ਤੋਂ ਬਚਿਆ ਜਾ ਸਕਦਾ ਹੈ ਕਿਉਂਕਿ ਜੀਵਨ ਸ਼ੈਲੀ ਨਾਲ ਸੰਬੰਧਿਤ ਅਨੇਕਾਂ ਰੋਗ ਬਲੱਡ ਪ੍ਰੈਸਰ, ਦਮਾ, ਅਨਿੰਦਰਾ, ਦਿਲ ਦੇ ਰੋਗ, ਸ਼ੂਗਰ, ਮਾਨਸਿਕ ਤਣਾਓ ਆਦਿ ਲਈ ਇਹ ਚਕਿਤਸਾ ਰਾਮਬਾਣ ਸਾਬਿਤ ਹੋਈ ਹੈ। ਕੁਦਰਤੀ ਚਕਿਤਸਾ ਅਨੁਸਾਰ, ਸਰੀਰ ਅੰਦਰ ਜ਼ਹਿਰੀਲੇ ਤੱਤਾਂ ਦੇ ਵਧਣ ਨਾਲ ਸਾਡੇ ਸਰੀਰ ਦੇ ਮੁੱਖ ਆਧਾਰ ‘ਖ਼ੂਨ’ ਅਤੇ ‘ਰਸ’ ਦੂਸ਼ਿਤ ਹੋ ਜਾਂਦੇ ਹਨ ਅਤੇ ਨਰਵਸ ਸਿਸਟਮ ਦੇ ਕਮਜ਼ੋਰ ਪੈਣ ਕਾਰਨ ਹਰ ਅੰਗ ਸਹੀ ਰੂਪ ਵਿਚ ਆਪਣਾ ਕੰਮ ਨਹੀਂ ਕਰਦਾ। ਦਰਅਸਲ ਸਰੀਰ ਅੰਦਰ ਜ਼ਹਿਰੀਲਾ ਮਾਦਾ ਵਧਣ ਕਾਰਨ ਤੰਦਰੁਸਤੀ ਲਈ ਸਰੀਰ ਅੰਦਰ ਲੋੜੀਂਦੀਆਂ ਜ਼ਰੂਰੀ ਕੁਦਰਤੀ ਕਿਰਿਆਵਾਂ ‘ਪੋਸ਼ਣ ਅਤੇ ਨਿਸਕਾਸਣ’ ਦੋਵੇਂ ਮੱਧਮ ਪੈ ਜਾਂਦੀਆਂ ਹਨ।

### ਚਾਰ ਪਰਮਾਣੂ ਤੱਤ

ਪ੍ਰਿਥਵੀ, ਜਲ, ਪ੍ਰਕਾਸ਼ ਅਤੇ ਵਾਯੂ ਅਤੇ ਸਾਰਾ ਦ੍ਰਵ ਇਨ੍ਹਾਂ ਤੋ ਬਣਿਆ ਹੈ। ਕੁਦਰਤੀ ਚਕਿਤਸਾ ਵਿਗਿਆਨੀਆਂ ਅਨੁਸਾਰ ਸਰੀਰ ਵਿਚ ਜਦ ਇਨ੍ਹਾਂ ਤੱਤਾਂ ਦਾ ਅਸੰਤੁਲਨ ਵੱਧ ਜਾਂਦਾ ਹੈ ਤਾਂ ਸਰੀਰ ਰੋਗੀ ਹੋ ਜਾਂਦਾ ਹੈ। ਰੋਗਾਂ ਦੇ ਭਾਵੇਂ ਅਨੇਕ ਨਾਮ ਹਨ ਪਰ ਰੋਗਾਂ ਦਾ ਮੂਲ ਕਾਰਨ ਪੰਜ ਤੱਤਾਂ ਦੇ ਅਸੰਤੁਲਨ ਕਾਰਨ ਸਰੀਰ ਅੰਦਰ ਗੰਦਗੀ ਦਾ ਜਮ੍ਹਾਂ ਹੋ ਜਾਣਾ ਹੈ। ਸਰੀਰ ਅੰਦਰ ਜ਼ਹਿਰੀਲੇ ਪਦਾਰਥ ਠੋਸ ਅਤੇ ਗੈਸ ਕਿਸੇ ਵੀ ਰੂਪ ਵਿਚ ਇਕੱਠੇ ਹੁੰਦੇ ਰਹਿੰਦੇ ਹਨ।

ਬੇਸ਼ਕ ਸਰੀਰ ਆਪਣੇ ਕੁਦਰਤੀ ਨਿਯਮ ਅਨੁਸਾਰ ਇਨ੍ਹਾਂ ਜ਼ਹਿਰੀਲੇ ਪਦਾਰਥਾਂ ਨੂੰ ਮਲ-ਮੂਤਰ, ਪਸੀਨੇ ਅਤੇ ਸਵਾਸ ਦੇ ਰੂਪ ਵਿਚ ਬਾਹਰ ਕੱਢਦਾ ਹੈ ਪਰ ਜਦੋਂ ਇਹ ਕਿਰਿਆਵਾਂ ਕਮਜ਼ੋਰ ਹੋ ਜਾਂਦੀਆਂ ਹਨ ਤਾਂ ਸਰੀਰ ਵਿਚ ਗੰਦਗੀ ਅਤੇ ਜ਼ਹਿਰੀਲੇ ਪਦਾਰਥ ਜਮ੍ਹਾਂ ਹੋ ਜਾਂਦੇ ਹਨ ਤਾਂ ਸਰੀਰ ਦੇ ਅੰਦਰਲੇ ਅੰਗ ਜਿਗਰ, ਮਿਹਦਾ, ਅੰਤੜੀਆਂ ਆਦਿ ਕਮਜ਼ੋਰ ਹੋਣ ਕਾਰਨ ਅਨੇਕਾਂ ਰੋਗ ਲੱਗ ਜਾਂਦੇ ਹਨ।

ਕੁਦਰਤੀ ਚਕਿਤਸਾ ਜਾਂ ਨੈਚਰੋਪੈਥੀ ਦੀ ਇਲਾਜ ਪ੍ਰਕਿਰਿਆ ਵੀ ਵਿਲੱਖਣ ਹੈ। ਇਸ ਵਿਚ ਰੋਗਾਂ ਦਾ ਕਾਰਨ ਕੀਟਾਣੂਆਂ ਨੂੰ ਨਹੀਂ, ਸਗੋਂ ਕੀਟਾਣੂਆਂ ਨੂੰ ਪ੍ਰਫੁਲਤ ਕਰਨ ਵਾਲੇ ਵਾਤਾਵਰਣ ਨੂੰ ਮੰਨਿਆ ਜਾਂਦਾ ਹੈ।

ਕੁਦਰਤੀ ਇਲਾਜ ਪ੍ਰਣਾਲੀ ਵਿਚ ਆਕਾਸ਼, ਵਾਯੂ, ਅਗਨੀ, ਜਲ, ਪ੍ਰਿਥਵੀ, ਯੋਗਾ, ਮਸਾਜ ਅਤੇ ਧਿਆਨ(ਮੈਡੀਟੇਸ਼ਨ)ਰਾਹੀ ਸਰੀਰ, ਮਨ ਅਤੇ ਆਤਮਾ ਨੂੰ ਨਿਰੋਗ ਕੀਤਾ ਜਾਂਦਾ ਹੈ ਕਿਉਂਕਿ ਇਸ ਅਨੁਸਾਰ ਸਰੀਰਕ, ਮਾਨਸਿਕ ਅਤੇ ਆਤਮਿਕ ਤਿੰਨੋ ਪੱਧਰਾਂ ’ਤੇ ਨਿਰੋਗ ਹੋਣਾ ਅਸਲ ਨਿਰੋਗਤਾ ਹੈ।

ਤੰਦਰੁਸਤੀ ਲਈ ਜ਼ਰੂਰਤ ਅਨੁਸਾਰ ਉਪਵਾਸ , ਵਰਤ ਰੱਖਣਾ ਆਕਾਸ਼ ਤੱਤਵ ਦੀ ਵਰਤੋਂ ਹੈ। ਪੇਟ ਦੇ ਸਾਰੇ ਰੋਗ, ਮੋਟਾਪਾ, ਸਵਾਸ ਰੋਗ, ਜੋੜਾਂ ਦੇ ਦਰਦ ਲਈ ਆਕਾਸ਼ ਤੱਤਵ ਦੀ ਵਰਤੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਭਾਫ ਸ਼ਨਾਨ ਅਗਨੀ ਤੱਤਵ ਅਤੇ ਕੁਦਰਤੀ ਚਕਿਤਸਾ ਦੇ ਅਨਿੱਖੜ ਅੰਗ ਯੋਗ ਵਿਚ ਪ੍ਰਾਣਾਯਾਮ ਦੁਆਰਾ ਸਰੀਰ ਲਈ ਵਾਯੂ ਤੱਤਵ ਦੀ ਵਰਤੋਂ ਹੈ।

ਕਮਰ ਸ਼ਨਾਨ, ਮੇਹਨ ਸ਼ਨਾਨ , ਨੇਤੀ, ਅਤੇ ਸੈਂਕੜੇ ਰੋਗਾਂ ਦਾ ਇਕ ਇਲਾਜ ਅਨੀਮਾ-ਕੁੰਜਲ (ਸਰੀਰ ਦੇ ਅੰਦਰੂਨੀ ਸ਼ਨਾਨ) ਆਦਿ ਸਰੀਰਕ ਸ਼ੋਧਨ ਅਤੇ ਸ਼ੰਵੇਦਨਾਵਾਂ ਵਧਾਉਣ ਲਈ ਜਲ ਤੱਤਵ ਦੀ ਵਰਤੋਂ ਹੈ। ਪ੍ਰਿਥਵੀ ਤੱਤ ਪ੍ਰਧਾਨ ਮਿੱਟੀ ਚਕਿਤਸਾ ਅਨੁਸਾਰ ਸਰੀਰ ਵਿਚਲੇ ਜ਼ਹਿਰੀਲੇ ਮਾਦੇ ਨੂੰ ਬਾਹਰ ਕੱਢਣ ਲਈ ਮਿੱਟੀ ਨੂੰ ਸ਼੍ਰੇਸਟ ਕੀਟਾਣੂ ਨਾਸਕ ਔਸ਼ਧੀ ਦੇ ਰੂਪ ਵਿਚ ਕਈ ਪ੍ਰਕਾਰ ਨਾਲ ਪ੍ਰਯੋਗ ਕੀਤਾ ਜਾਂਦਾ ਹੈ।

ਸਰੀਰਕ ਅਤੇ ਮਾਨਸਿਕ ਮਜ਼ਬੂਤੀ ਲਈ ਰਕਤ ਸੰਚਾਰ, ਨਰਵਸ ਸਿਸਟਮ ਅਤੇ ਮਾਸ-ਪਸ਼ੀਆਂ ਦੀ ਮਜ਼ਬੂਤੀ ਲਈ ਮਸਾਜ ਜਾਂ ਮਾਲਿਸ਼ ਵੀ ਕੁਦਰਤੀ ਚਕਿਤਸਾ ਦਾ ਇਕ ਜ਼ਰੂਰੀ ਅੰਗ ਹੈ। ਸਰੀਰ ਦੇ ਕੁੱਝ ਖ਼ਾਸ ਕੇਂਦਰਾਂ ਰਿਸਪਾਂਸ ਸੈਂਟਰਜ਼ ਉਪਰ ਦਬਾਓ ਪਾਉਣਾ ਅਰਥਾਤ ਐਕਯੂਪ੍ਰੈਸਰ ਵੀ ਇਕ ਪ੍ਰਕਾਰ ਦੀ ਮਸਾਜ ਹੀ ਹੈ ਜਿਸਦਾ ਸੰਬੰਧ ਇਲਾਜ ਤੋ ਇਲਾਵਾ ਸਰੀਰ ਨੂੰ ਸੁੰਦਰ , ਲਚਕਦਾਰ ਅਤੇ ਫੁਰਤੀਲਾ ਬਣਾਉਣ ਨਾਲ ਵੀ ਹੈ। ਰੋਗੀ ਦੀ ਦਸ਼ਾ ਅਨੁਸਾਰ ਮਸਾਜ ਦੇ ਤਰੀਕੇ ਅਨੇਕ ਹਨ।

ਭਾਰਤੀ ਖਟ ਸ਼ਾਸਤਰਾਂ ਵਿਚੋਂ ਪਾਤੰਜਲੀ ਦੇ ਯੋਗ ਦਰਸ਼ਨ ਅਨੁਸਾਰ ‘ਸੱਚਾ ਦਾਰਸ਼ਨਿਕ ਆਤਮਾਂ ਦਾ ਵੈਦ ਹੈ ਜੋ ਸਾਨੂੰ ਤ੍ਰਿਸ਼ਨਾਵਾਂ ਦੇ ਬੰਧਨਾਂ ਤੋਂ ਛੁਟਕਾਰੇ ਵਿਚ ਸਹਾਇਤਾ ਕਰਦਾ ਹੈ’ ਦਰਅਸਲ ਤ੍ਰਿਸ਼ਨਾਵਾਂ ਵੀ ਇਕ ਪ੍ਰਕਾਰ ਦੇ ਆਤਮਿਕ ਰੋਗ ਹਨ ਜਿਨ੍ਹਾਂ ਦਾ ਇਲਾਜ ਕੁਦਰਤੀ ਚਕਿਤਸਾ ਅਨੁਸਾਰ ਧਿਆਨ ਸੰਜਮ ਅਤੇ ਸ਼ੁੱਧ ਆਚਰਣ ਹੈ। ਕੁਦਰਤੀ ਚਕਿਤਸਾ ਸਿਰਫ਼ ਇਕ ਇਲਾਜ ਪ੍ਰਣਾਲੀ ਨਹੀਂ ਸਗੋ ਇਕ ਸੰਪੂਰਨ ਜੀਵਨ ਸ਼ੈਲੀ ਵੀ ਹੈ।

ਇਸ ਵਿਚ ਖਾਣ-ਪੀਣ, ਰਹਿਣ-ਸਹਿਣ, ਸੰਜਮ, ਆਚਰਣ ਦੀ ਸ਼ੁੱਧਤਾ ਆਦਿ ਸ਼ੁੱਭ ਗੁਣਾਂ ਉੱਪਰ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਪੁੰਗਰਿਤ ਅੰਨ ਨੂੰ ਸਿਹਤ ਲਈ ਸਭ ਤੋਂ ਉੱਤਮ ਆਹਾਰ ਮੰਨਿਆ ਗਿਆ ਹੈ। ਇਸ ਨਾਲ ਰੋਗਾਂ ਦੀ ਜੜ੍ਹ ਮੋਟਾਪਾ ਘਟਦਾ ਹੈ ਅਤੇ ਸਰੀਰ ਨੂੰ ਲੋੜੀਦੇ ਤੱਤ ਮਿਲਣ ਕਾਰਨ ਜੀਵਨੀ ਸ਼ਕਤੀ (ਰੋਗਾਂ ਨਾਲ ਲੜਨ ਦੀ ਸ਼ਕਤੀ )ਵੱਧਦੀ ਹੈ। ਨਿੰਬੂ, ਆਂਵਲਾ, ਗਾਜਰ, ਸ਼ਹਿਦ, ਖੰਜੂਰ, ਦਹੀਂ, ਲਸਣ, ਪਿਆਜ਼, ਅਨੇਕਾਂ ਫਲ, ਸਬਜ਼ੀਆਂ ਦੇ ਰਸ ਆਦਿ ਦੀ ਵਰਤੋਂ ਰੋਗਾਂ ਅਨੁਸਾਰ ਆਹਾਰ ਵਿਚ ਵਿਸ਼ੇਸ਼ ਰੂਪ ਵਿਚ ਸ਼ਾਮਿਲ ਅਤੇ ਚੀਨੀ, ਨਮਕ, ਮੈਦਾ ਨੂੰ ਤਿੰਨ ਚਿੱਟੇ ਜ਼ਹਿਰ ਮੰਨ ਕੇ ਆਹਾਰ ਵਿਚ ਪਰਹੇਜ਼ ਕੀਤਾ ਜਾਂਦਾ ਹੈ।

ਸੂਰਜ ਦੇ ਪ੍ਰਕਾਸ਼ ਦੇ ਸੱਤ ਰੰਗਾਂ ਦੁਆਰਾ ਨਿਰੋਗ ਕਰਨਾ ਵੀ ਕੁਦਰਤੀ ਇਲਾਜ ਵਿਚ ਸ਼ਾਮਿਲ ਹੈ। ਸੂਰਜ ਦੀਆਂ ਕਿਰਨਾਂ ਬੇਸ਼ੱਕ ਇਕ ਰੰਗ ਦੀਆਂ ਜਾਪਦੀਆਂ ਹਨ ਪਰ ਵਾਸਤਵ ਵਿਚ ਇਹ ਸੱਤ ਰੰਗਾਂ ਦਾ ਸਮੂਹ ਹੈ ਜਿਨ੍ਹਾਂ ਦਾ ਚਕਿਤਸਾ ਦੇ ਖੇਤਰ ਵਿਚ ਅਲੱਗ-ਅਲੱਗ ਮਹੱਤਵ ਹੈ। ਲਾਲ, ਪੀਲੀ, ਹਰੀ, ਜਾਮਨੀ ਆਦਿ ਰੰਗਾਂ ਦੀਆਂ ਬੋਤਲਾਂ ਵਿਚ ਇਕ ਵਿਸ਼ੇਸ਼ ਵਿਧੀ ਦੁਆਰਾ ਕੁੱਝ ਘੰਟੇ ਧੁੱਪ ਵਿਚ ਰੱਖ ਕੇ ਚਾਰਜਿਤ ਕੀਤੇ ਪਾਣੀ ਜਾਂ ਤੇਲ ਵਿਚ, ਬੋਤਲਾਂ ਦੇ ਰੰਗਾਂ ਮੁਤਾਬਿਕ ਕੁਦਰਤੀ ਅਲੱਗ-ਅਲੱਗ ਗੁਣ ਪੈਦਾ ਹੋ ਜਾਂਦੇ ਹਨ। ਜਿਸਦੀ ਵਰਤੋਂ ਰੋਗੀ ਦੀ ਦਸ਼ਾ ਅਨੁਸਾਰ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਵੱਖ-ਵੱਖ ਰੰਗਾਂ ਦੇ ਸ਼ੀਸ਼ਿਆਂ ਵਿਚੋਂ ਗੁਜਰਦੀਆਂ ਸੂਰਜ ਦੀਆਂ ਕਿਰਨਾਂ ਰੋਗੀ ਸਰੀਰ ਉੱਪਰ ਪਾ ਕੇ ਵੀ ਅਨੇਕਾਂ ਰੋਗਾਂ ਤੋਂ ਮੁਕਤੀ ਦਵਾਈ ਜਾਂਦੀ ਹੈ। ਇਨ੍ਹਾਂ ਰੰਗਾਂ ਦਾ ਸਾਡੇ ਸਰੀਰ ਵਿਚਲੀਆਂ ਰਸ ਗ੍ਰੰਥੀਆਂ ਥਾਇਰਾਈਡ, ਜਿਗਰ, ਪਿਚੂਟਰੀ, ਪੀਨੀਅਲ , ਓਵਰੀ ਆਦਿ ’ਤੇ ਗਹਿਰਾ ਅਸਰ ਪੈਂਦਾ ਹੈ। ਕੁੱਝ ਵਿਦਵਾਨਾਂ ਨੇ ਲਾਲ, ਨੀਲੇ ਅਤੇ ਹਰੇ ਰੰਗ ਨੂੰ ਹੀ ਮਹੱਤਵਪੂਰਣ ਮੰਨ ਕੇ ਇਨ੍ਹਾਂ ਰੰਗਾਂ ਦੇ ਗਰਮ ਠੰਡੇ ਗੁਣਾਂ ਅਨੁਸਾਰ ਇਲਾਜ ਕਰਨ ਨੂੰ ਪਹਿਲ ਦਿੱਤੀ ਹੈ।

**ਮੋਬਾਈਲ**-88470-47554

# ਪੇਟ ਦੇ ਕੀੜਿਆਂ ਪ੍ਰਤੀ ਰਹੋ ਸਾਵਧਾਨ

ਮਾਂ - ਬਾਪ ਦੀ ਇਕ ਹੀ ਸ਼ਿਕਾਇਤ ਹੁੰਦੀ ਹੈ ਕਿ ਉਨ੍ਹਾਂ ਦਾ ਬੱਚਾ ਠੀਕ ਤਰ੍ਹਾਂ ਖਾਂਦਾ-ਪੀਂਦਾ ਨਹੀਂ , ਵਜ਼ਨ ਵੱਧ ਰਿਹਾ ਹੈ ਜਾਂ ਉਸ ਦੀ ਲੰਬਾਈ ਨਹੀਂ ਵੱਧ ਰਹੀ ਹੈ। ਇਹ ਸ਼ਿਕਾਇਤਾਂ ਸੁਣਨ ’ਚ ਬਹੁਤ ਆਮ ਜਿਹੀਆਂ ਲੱਗਦੀਆਂ ਹਨ ਪਰ ਹਕੀਕਤ ਇਹ ਹੈ ਕਿ ਇਹ ਸਾਰੀਆਂ ਪਰੇਸ਼ਾਨੀਆਂ ਆਮ ਕਰਕੇ ਬੱਚਿਆਂ ਦੀਆਂ ਆਂਤੜੀਆਂ ’ਚ ਕੀੜੇ ਹੋਣ ਕਰਕੇ ਸਾਹਮਣੇ ਆਉਂਦੀਆਂ ਹਨ। ਆਮ ਤੌਰ ’ਤੇ ਮਾਤਾ-ਪਿਤਾ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਭਾਰਤ ’ਚ 14 ਸਾਲ ਦੀ ਉਮਰ ਦੇ 24.1 ਕਰੋੜ ਬੱਚੇ ਆਂਤੜੀਆਂ ’ਚ ਕੀੜੇ ਦੀ ਇਨਫੈਕਸ਼ਨ ਨਾਲ ਗ੍ਰਸਤ ਹਨ। ਕੀੜਿਆਂ ਤੋਂ ਲਗਾਤਾਰ ਪੀੜਤ ਬੱਚੇ ਵੱਡੇ ਹੋ ਕੇ ਕਮਜ਼ੋਰ ਸਾਬਤ ਹੁੰਦੇ ਹਨ। ਕੀੜੇ ਬੱਚਿਆਂ ਦੀ ਜ਼ਿਆਦਾਤਰ ਖ਼ੁਰਾਕ ਖ਼ੁਦ ਹੜੱਪ ਜਾਂਦੇ ਹਨ ਜਿਸ ਕਰਕੇ ਬੱਚਿਆਂ ’ਚ ਖ਼ੂਨ ਦੀ ਘਾਟ, ਕੁਪੋਸ਼ਣ ਤੇ ਸਰੀਰਕ, ਮਾਨਸਿਕ ਵਿਕਾਸ ’ਚ ਘਾਟ ਵਜੋਂ ਸਾਹਮਣੇ ਆਉਂਦਾ ਹੈ। ਇਸ ’ਚ ਬੱਚੇ ਨੂੰ ਭੁੱਖ ਨਾ ਲੱਗਣਾ ਜਾਂ ਬਹੁਤ ਜ਼ਿਆਦਾ ਲੱਗਣਾ ਪਰ ਉਸ ਦੇ ਅਨੁਪਾਤ ’ਚ ਉਨ੍ਹਾਂ ਦਾ ਵਜ਼ਨ ਨਾ ਵਧਣਾ, ਬੱਚਿਆਂ ਦਾ ਪੇਟ ਵਧਣਾ ਤੇ ਬੱਚੇ ’ਚ ਖ਼ੂਨ ਦੀ ਘਾਟ ਕਾਰਨ ਥਕਾਵਟ ਹੋਣੀ, ਮਲ-ਮੂਤਰ ਤੇ ਖਾਰਿਸ਼ ਆਉਣਾ ਆਦਿ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਦੁਰਲਭ ਕੇਸਾਂ ’ਚ ਦਿਮਾਗ਼ ’ਚ ਵੀ ਕੀੜਿਆਂ ਦੇ ਅੰਡੇ ਪਹੁੰਚਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਜਿਸ ਨਾਲ ਬੱਚਿਆਂ ਨੂੰ ਦੌਰੇ ਪੈਣ ਲੱਗਦੇ ਹਨ। ਬੱਚੇ ਪਾਰਕਾਂ ’ਚ ਅਕਸਰ ਨੰਗੇ ਪੈਰ ਵੀ ਖੇਡਦੇ ਹਨ ਤੇ ਖੇਡਣ ਪਿੱਛੋਂ ਬਿਨਾਂ ਹੱਥ-ਮੂੰਹ ਧੋਤੇ ਕੁੱਝ ਵੀ ਖਾ ਲੈਂਦੇ ਹਨ ਕਿਉਂਕਿ ਇਹ ਕਿਰਮੀ ਪੈਰ ਦੀ ਚਮੜੀ, ਮਲ ਮਾਰਗ ਤੇ ਮੂੰਹ ਕਿਧਰੋਂ ਵੀ ਸਰੀਰ ’ਚ ਦਾਖ਼ਲ ਹੋ ਸਕਦੇ ਹਨ। ਇਸ ਲਈ ਇਸ ਉਮਰ ਦੇ ਬੱਚੇ ਇਨ੍ਹਾਂ ਦਾ ਆਸਾਨੀ ਨਾਲ ਸ਼ਿਕਾਰ ਹੁੰਦੇ ਹਨ। ਇਸ ਬਿਮਾਰੀ ਦਾ ਇਲਾਜ ਬੇਹੱਦ ਸੌਖਾ ਹੈ। ਸਾਲ ’ਚ ਦੋ ਵਾਰੀ ਕੀੜਿਆਂ ਦੀ ਦਵਾਈ ਖਾਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ।



# ਭੁੱਲਣ ਦੀ ਬਿਮਾਰੀ ਤੋਂ ਪਾਓ ਨਿਜਾਤ

ਅੱਜਕੱਲ੍ਹ ਦੀ ਵਿਅਸਤ ਜੀਵਨ ਸ਼ੈਲੀ ’ਚ ਗੱਲ-ਗੱਲ ’ਤੇ ਭੁੱਲਣ ਦੀ ਬਿਮਾਰੀ ਆਮ ਹੋ ਗਈ ਹੈ। ਜੇ ਅਸੀਂ ਪਹਿਲਾਂ ਦੀ ਗੱਲ ਕਰੀਏ ਤਾਂ ਲੋਕਾਂ ਦੀ ਬਹੁਤ ਜ਼ਿਆਦਾ ਉਮਰ ਹੋ ਜਾਂਦੀ ਸੀ ਤਾਂ ਲੋਕੀ ਇਸ ਪਰੇਸ਼ਾਨੀ ਦਾ ਸਾਹਮਣਾ ਕਰਦੇ ਸੀ ਪਰ ਜੇਕਰ ਅੱਜ ਦੀ ਗੱਲ ਕੀਤੀ ਜਾਵੇ ਤਾਂ ਇਹ ਬਿਮਾਰੀ ਬੱਚਿਆਂ ’ਚ ਵੀ ਆਮ ਹੀ ਪਾਈ ਗਈ ਹੈ। ਕਈ ਵਾਰ ਅਸੀਂ ਛੋਟੀਆਂ- ਛੋਟੀਆਂ ਗੱਲਾਂ ਨੂੰ ਭੁੱਲ ਜਾਂਦੇ ਹਾਂ। ਇਹ ਅਲਜਾਇਮਰ ਬਿਮਾਰੀ ਦਾ ਸੰਕੇਤ ਹੋ ਸਕਦਾ ਹੈ। ਇਸ ਦੇ ਸ਼ੁਰੂਆਤੀ ਲੱਛਣ ਗੱਲ-ਗੱਲ ’ਤੇ ਭੁੱਲ ਜਾਣਾ, ਗੱਲ ਕਰਦੇ ਸਮੇਂ ਸ਼ਬਦਾਂ ਦਾ ਸਹੀ ਉਚਾਰਨ ਨਾ ਕਰਨਾ, ਕਿਸੇ ਦਾ ਨਾਂ ਭੁੱਲ ਜਾਣਾ, ਸਾਧਾਰਨ ਚੀਜ਼ਾਂ ਨੂੰ ਨਾ ਪਛਾਨਣਾ ਆਦਿ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।



**ਪੌਸ਼ਟਿਕ ਭੋਜਨ**- ਸ਼ੌਟ ਟਰਮ ਘੱਟ ਮੈਮਰੀ ਦੀ ਸਮੱਸਿਆ ਤੋਂ ਬਚਣ ਲਈ ਤੁਹਾਡੀ ਡਾਇਟ ’ਚ ਅੰਡਾ, ਸੁੱਕੇ ਮੇਵੇ, ਹਰੀ ਸਬਜ਼ੀਆਂ, ਮੂੰਗਫਲੀ, ਮੱਛੀ, ਚੁਕੰਦਰ, ਸੇਬ, ਕੌਫੀ, ਬਾਦਾਮ, ਘਿਓ ਤੇ ਦਾਲਾਂ ਨੂੰ ਸ਼ਾਮਿਲ ਕਰੋ।

**ਕਸਰਤ**- ਵੈਸੇ ਤਾਂ ਹਰ ਕਿਸੇ ਦੇ ਲਈ ਕਸਰਤ ਕਰਨਾ ਬਹੁਤ ਹੀ ਫ਼ਾਇਦੇਮੰਦ ਹੈ ਰੋਜ਼ ਕਸਰਤ ਕਰਨ ਨਾਲ ਯਾਦਦਾਸ਼ਤ ਵਧਣ ਦੇ ਨਾਲ-ਨਾਲ ਸਰੀਰ ਨੂੰ ਹੋਰ ਵੀ ਫ਼ਾਇਦੇ ਮਿਲਦੇ ਹਨ। ਇਸ ਲਈ ਹਰ ਰੋਜ਼ ਸਮਾਂ ਕੱਢ ਕੇ 10 ਤੋਂ 20 ਮਿੰਟ ਤਕ ਏਰੋਬੀਕ ਕਿਰਿਆ ਜ਼ਰੂਰ ਕਰੋ।

**ਭਰਪੂਰ ਨੀਂਦ**- ਵਧੀਆ ਤੇ ਭਰਪੂਰ ਨੀਂਦ ਨਾਲ ਤੁਸੀਂ ਭੁੱਲਣ ਦੇ ਨਾਲ-ਨਾਲ ਕਈ ਬਿਮਾਰੀਆਂ ਤੋਂ ਦੂਰ ਰਹਿੰਦੇ ਹੋ। ਹਰ ਉਮਰ ਦੇ ਲੋਕਾਂ ਲਈ ਘੱਟ ਤੋਂ ਘੱਟ 10 ਘੰਟੇ ਦੀ ਨੀਂਦ ਜ਼ਰੂਰੀ ਹੈ। ਇਸ ’ਚ 8 ਘੰਟੇ ਦੀ ਨੀਂਦ ਤੁਹਾਨੂੰ ਇਸ ਪਰੇਸ਼ਾਨੀ ਤੋਂ ਦੂਰ ਕਰਦੀ ਹੈ।



**ਮਾਨਸਿਕ ਰੂਪ ਤੋਂ ਮਜ਼ਬੂਤ**- ਸਰੀਰ ਦੇ ਨਾਲ-ਨਾਲ ਦਿਮਾਗ਼ ਨੂੰ ਵੀ ਮਜ਼ਬੂਤ ਕਰਦੀਆਂ ਹਨ ਇਹ ਚੀਜ਼ਾਂ ਦਿਮਾਗ਼ੀ ਖੇਡਾਂ ਖੇਡਣਾ, ਸੰਗੀਤ ਸੁਣਨਾ ਤੇ ਗਾਉਣਾ ਇਸ ਤਰ੍ਹਾਂ ਰੋਜ਼ਾਨਾ ਕਰਨ ਨਾਲ ਦਿਮਾਗ਼ ਤੇਜ਼ ਹੁੰਦਾ ਹੈ ਤੇ ਚੀਜ਼ਾਂ ਜਲਦੀ ਨਹੀਂ ਭੁੱਲਦੀਆਂ।

### ਪਿਸਤੇ ਦਾ ਸੇਵਨ

*- ਯਾਦਦਾਸ਼ਤ ਨੂੰ ਤੇਜ਼ ਬਣਾਉਣ ਲਈ ਪਿਸਤਾ ਬਹੁਤ ਹੀ ਫ਼ਾਇਦੇਮੰਦ ਹੈ। ਇਸ ਲਈ ਆਪਣੀ ਡਾਇਟ ’ਚ ਇਸ ਨੂੰ ਸ਼ਾਮਿਲ ਕਰੋ। ਇਸ ’ਚ 0.54 ਮਿਲੀ ਗ੍ਰਾਮ ਥਾਈਮੀਨ ਪਾਇਆ ਜਾਂਦਾ ਹੈ ਜੋ ਦਿਮਾਗ਼ ਨੂੰ ਤੇਜ਼ ਕਰਦਾ ਹੈ।*

# ਹਫ਼ਤੇ ’ਚ ਦੂਰ ਕਰੋ ਕਮਰ ਦਰਦ

ਅੱਜ ਦੀ ਜੀਵਨ ਸ਼ੈਲੀ ’ਚ ਲੋਕ ਕਿਸੇ ਨਾ ਕਿਸੇ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ। ਜ਼ਿਆਦਾਤਰ ਲੋਕਾਂ ਨੂੰ ਬੌਡੀ ਪੇਨ ਦੀ ਸ਼ਿਕਾਇਤ ਰਹਿੰਦੀ ਹੈ। ਜਿਸ ’ਚ ਕਮਰ ਦਰਦ ਦੀ ਜ਼ਿਆਦਾ ਸ਼ਿਕਾਇਤ ਆ ਰਹੀ ਹੈ। ਪਹਿਲਾਂ ਇਹ ਸਮੱਸਿਆ ਬਜ਼ੁਰਗ ਲੋਕਾਂ ਨੂੰ ਹੁੰਦੀ ਸੀ ਪਰ ਅੱਜ ਤਾਂ ਆਮ ਜਿਹੀ ਹੋ ਗਈ ਹੈ। ਬੱਚੇ, ਨੌਜਵਾਨ, ਬਜ਼ੁਰਗ ਹਰ ਕੋਈ ਇਸ ਪਰੇਸ਼ਾਨੀ ਦਾ ਸਾਹਮਣਾ ਕਰ ਰਿਹਾ ਹੈ। ਜ਼ਿਆਦਾ ਸਮੇਂ ਤਕ ਕੰਪਿਊਟਰ ’ਤੇ ਬੈਠਣਾ, ਦੇਰ ਤਕ ਬੈਠ ਕੇ ਟੀਵੀ ਦੇਖਣਾ, ਇਕ ਹੀ ਸਥਿਤੀ ’ਚ ਜ਼ਿਆਦਾ ਦੇਰ ਤਕ ਬੈਠਣਾ ਜਾਂ ਖੜ੍ਹੇ ਰਹਿਣ ਨਾਲ ਮਾਸ-ਪੇਸ਼ੀਆਂ ’ਚ ਖਿਚਾਆ ਤੇ ਅੜਚਨ ਆ ਜਾਂਦੀ ਹੈ। ਕਮਰ ਦਰਦ ਨਾਲ ਨਾ ਤਾਂ ਖੜ੍ਹੇ ਹੋਇਆ ਜਾਂਦਾ ਹੈ ਤੇ ਨਾ ਹੀ ਬੈਠ ਹੁੰਦਾ ਹੈ ਨਾ ਜ਼ਿਆਦਾ ਚੱਲਿਆ ਜਾਂਦਾ ਹੈ। ਇਸ ਦਰਦ ਤੋਂ ਛੁਟਕਾਰਾ ਪਾਉਣ ਲਈ ਲੋਕ ਬਹੁਤ ਸਾਰੀਆਂ ਦਵਾਈਆਂ ਦਾ ਸੇਵਨ ਕਰਦੇ ਹਨ ਪਰ ਉਸ ਦਾ ਅਸਰ ਕੁੱਝ ਦੇਰ ਲਈ ਹੁੰਦਾ ਹੈ ਥੋੜ੍ਹੀ ਦੇਰ ਬਾਅਦ ਫਿਰ ਵਿਅਕਤੀ ਦਰਦ ਨਾਲ ਜੂਝਦਾ ਹੈ। ਜੇ ਤੁਸੀ ਬਿਨਾਂ ਦਵਾਈਆਂ ਦੇ ਕਮਰ ਦਰਦ ਤੋਂ ਨਿਜਾਤ ਪਾਉਣਾ ਚਾਹੁੰਦੇ ਹੋ ਤਾਂ ਘਰੇਲੂ ਨੁਸਖ਼ਿਆਂ ਦਾ ਇਸਤੇਮਾਲ ਕਰੋ।

### ਅਜਵਾਇਣ

ਕਮਰ ਦਰਦ ਨੂੰ ਦੂਰ ਕਰਨ ਲਈ ਅਜਵਾਇਣ ਦਾ ਇਸਤੇਮਾਲ ਕਰਨਾ ਸਿਹਤ ਲਈ ਫ਼ਾਇਦੇਮੰਦ ਹੈ। ਅਜਵਾਇਣ ਨੂੰ ਤਵੇ ’ਤੇ ਰੱਖ ਕੇ 2-3 ਮਿੰਟ ਲਈ ਗਰਮ ਕਰੋ। ਇਸ ਦੇ ਬਾਅਦ ਇਸ ਨੂੰ ਚਬਾ-ਚਬਾ ਕੇ ਖਾਓ। ਰੋਜ਼ਾਨਾ ਇਸ ਦਾ ਸੇਵਨ ਕਰਨ ਨਾਲ 7 ਦਿਨਾਂ ਦੇ ਅੰਦਰ ਹੀ ਕਾਫ਼ੀ ਫ਼ਰਕ ਪੈ ਸਕਦਾ ਹੈ।

### ਨਮਕ

ਦਰਦ ਵਾਲੀ ਜਗ੍ਹਾ ’ਤੇ ਸੇਕ ਦੇਣ ਨਾਲ ਰਾਹਤ ਮਿਲਦੀ ਹੈ। ਇਸ ਲਈ ਨਮਕ ਨੂੰ ਗਰਮ ਕਰੋ ਗਰਮ ਕਰਨ ਤੋਂ ਬਾਅਦ ਉਸ ਨੂੰ ਇਕ ਕਪੜੇ ’ਚ ਬੰਨ ਲਓ। ਸੌਣ ਤੋਂ ਪਹਿਲਾਂ ਇਸ ਕਪੜੇ ਨੂੰ ਦਰਦ ਵਾਲੇ ਹਿੱਸੇ ’ਤੇ ਰੱਖੋ ਕੁੱਝ ਕੁ ਦਿਨ ਇਸ ਤਰ੍ਹਾਂ ਕਰਨ ਨਾਲ ਕਮਰ ਦਰਦ ਗਾਇਬ ਹੋ ਸਕਦੀ ਹੈ।



### ਨਾਰੀਅਲ ਤੇ ਸਰ੍ਹੋਂ ਦਾ ਤੇਲ

ਨਾਰੀਅਲ ਤੇ ਸਰ੍ਹੋਂ ਦਾ ਤੇਲ ਲਓ। ਇਸ ’ਚ ਲਸਣ ਪਾਓ ਜਦੋਂ ਤਕ ਲਸਣ ਦੀਆਂ ਤੁਰੀਆਂ ਕਾਲੀਆਂ ਨਾ ਹੋ ਜਾਂਦੀਆਂ ਉਦੋਂ ਤਕ ਗਰਮ ਕਰਦੇ ਰਹੋ। ਠੰਢਾ ਹੋਣ ’ਤੇ ਇਸ ਤੇਲ ਨੂੰ ਕਮਰ ’ਤੇ ਲਗਾ ਲਓ।

### ਗਰਮ ਪਾਣੀ ਨਾਲ ਨਹਾਉਣਾ

ਨਹਾਉਣ ਵਾਲੇ ਪਾਣੀ ’ਚ ਨਮਕ ਪਾ ਕੇ ਨਹਾਓ। ਨਮਕ ਵਾਲੇ ਪਾਣੀ ਨਾਲ ਨਹਾਉਣ ’ਤੇ ਸਰੀਰ ਨੂੰ ਕਾਫ਼ੀ ਫ਼ਾਇਦਾ ਮਿਲਦਾ ਹੈ ਤੇ ਦਰਦ ਤੋਂ ਵੀ ਰਾਹਤ ਪਾਈ ਜਾ ਸਕਦੀ ਹੈ। ਜਦੋਂ ਵੀ ਕਮਰ ਦਰਦ ਹੁੰਦੀ ਹੈ ਉਸ ਸਮੇਂ ਨਮਕ ਵਾਲੇ ਪਾਣੀ ਨਾਲ ਨਹਾਓ ਚਾਹੀਦੀ ਹੈ।

# ਅਨੇਕਾਂ ਰੋਗਾਂ ’ਚ ਫ਼ਾਇਦੇਮੰਦ ਆਂਵਲਾ

ਸੁਖਮੰਦਰ ਸਿੰਘ ਤੂਰ

ਆਂਵਲਾ ਸਰਦ ਰੁੱਤ ਵਿਚ ਮਿਲਣ ਵਾਲਾ ਅਤਿ ਗੁਣਕਾਰੀ ਫਲ ਹੈ। ਸਾਡੀ ਸੰਸਕ੍ਰਿਤੀ ਵਿਚ ਇਹ ਫਲ ਵਜੋਂ ਜਾਣਿਆ ਜਾਂਦਾ ਹੈ, ਜਿਸ ਦਾ ਅਰਥ ਹੈ ਮਨੁੱਖ ਦਾ ਦਾਈ ਦੀ ਤਰ੍ਹਾਂ ਪਾਲਣ ਕਰਨ ਵਾਲਾ। ਆਯੁਰਵੈਦਿਕ ਦਵਾਈਆਂ ਲਈ ਇਹ ਖ਼ਾਸ ਮਹੱਤਤਾ ਰੱਖਦਾ ਹੈ। ਇਸ ਵਿਚ ਵਿਟਾਮਿਨ ‘ਸੀ’ ਦੀ ਮਾਤਰਾ ਵਧੇਰੇ ਹੋਣ ਕਾਰਨ ਇਹ ਜ਼ਿਆਦਾ ਦੇਰ ਤਕ ਗਰਮ ਕਰਨ ’ਤੇ ਛੇਤੀ ਨਸ਼ਟ ਨਹੀਂ ਕੀਤਾ ਜਾ ਸਕਦਾ ਭਾਵ ਇਸ ਵਿਚਲੇ ਤੱਤ ਪਹਿਲਾਂ ਦੀ ਤਰ੍ਹਾਂ ਕਾਇਮ ਰਹਿੰਦੇ ਹਨ। ਆਂਵਲੇ ਨੂੰ ਤ੍ਰਿਫਲਾ ਅਤੇ ਹਰੜ ਵਿਚ ਮਿਲਾ ਕੇ ਬਹੁਤ ਸਾਰੀਆਂ ਦਵਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਹਾਲ ਹੀ ਵਿਚ ਹੋਈ ਖੋਜ ਵਿਚ ਪਤਾ ਲੱਗਾ ਹੈ ਕਿ ਆਂਵਲਾ ਸਰੀਰ ਦੀ ਰੋਗ ਪ੍ਰਤੀਰੋਧੀ ਸ਼ਕਤੀ ਵਿਚ ਵਾਧਾ ਕਰਦਾ ਹੈ। ਜਿਸ ਨਾਲ ਸਰੀਰ ਜ਼ਿਆਦਾ ਪ੍ਰਭਾਵੀ ਢੰਗ ਨਾਲ ਕੈਂਸਰ ਵਰਗੇ ਖ਼ਤਰਨਾਕ ਰੋਗਾਂ ਤੋਂ ਆਪਣਾ ਬਚਾਅ ਕਰ ਸਕਦਾ ਹੈ।

### ਵਿਸ਼ੇਸ਼ਤਾ

ਆਂਵਲਾ ਇਕ ਚੰਗਾ ਪਾਚਕ ਹੈ ਗੈਸ ਅਤੇ ਕਬਜ਼ ਲਈ ਬਹੁਤ ਗੁਣਕਾਰੀ ਹੈ। ਬੁਖ਼ਾਰ ਹੋਵੇ ਤਾਂ ਇਹ ਪਸੀਨਾ ਲਿਆ ਕੇ ਬੁਖ਼ਾਰ ਨੂੰ ਘੱਟ ਕਰਦਾ ਹੈ। ਇਹ ਅੱਖਾਂ ਦੀ ਰੋਸ਼ਨੀ ਨੂੰ ਤੇਜ਼ ਕਰਨ ਵਿਚ ਵੀ ਸਹਾਈ ਹੁੰਦਾ ਹੈ ਅਤੇ ਦੰਦ ਅਤੇ ਮਸੂੜਿਆਂ ਨੂੰ ਮਜ਼ਬੂਤ ਕਰਕੇ ਇਨ੍ਹਾਂ ਨੂੰ ਨਵਾਂਪਨ ਬਖ਼ਸ਼ਦਾ ਹੈ। ਸਿਰ ਦੇ ਵਾਲ਼ਾਂ ਨੂੰ ਸਫ਼ੈਦ ਹੋਣ ਤੋਂ ਰੋਕਦਾ ਤੇ ਇਨ੍ਹਾਂ ਨੂੰ ਮੁਲਾਇਮ, ਚਮਕਦਾਰ ਅਤੇ ਖ਼ੂਬਸੂਰਤ ਬਣਾਉਂਦਾ ਹੈ। ਆਂਵਲੇ ਦਾ ਚੂਰਨ ਤੇ ਹਰੜ ਨਾਲ ਕਾਫ਼ੀ ਪੁਰਾਣੀ ਕਬਜ਼ ਦੂਰ ਹੋ ਜਾਂਦੀ ਹੈ।



### ਪ੍ਰਯੋਗ

- **ਪਿਸ਼ਾਬ ਦੀ ਜਲਣ**- ਹਰੇ ਆਂਵਲੇ ਦਾ ਰਸ 5 ਤੋਲੇ ਅਤੇ ਸ਼ਹਿਦ ਦੋ ਤੋਲੇ, ਇਨ੍ਹਾਂ ਨੂੰ ਆਪਸ ਵਿਚ ਮਿਲਾ ਕੇ ਦਿਨ ਵਿਚ ਦੋ ਵਾਰ ਖਾਣ ਨਾਲ ਪਿਸ਼ਾਬ ਖੁੱਲ੍ਹ ਕੇ ਆਵੇਗਾ ਅਤੇ ਜਲਣ ਵੀ ਠੀਕ ਹੋਵੇਗੀ।
- **ਖ਼ੂਨੀ ਬਵਾਸੀਰ** - ਸੁੱਕੇ ਆਂਵਲੇ ਬਾਰੀਕ ਕਰਕੇ 6 ਮਾਸੇ ਸਵੇਰੇ ਅਤੇ 6 ਮਾਸੇ ਸ਼ਾਮ ਨੂੰ ਦੁੱਧ ਨਾਲ ਖਾਣ ’ਤੇ ਖ਼ੂਨੀ ਬਵਾਸੀਰ ਠੀਕ ਹੁੰਦੀ ਹੈ ਅਤੇ ਪੇਟ ਗੈਸ ਤੋਂ ਵੀ ਲਾਭ ਮਿਲਦਾ ਹੈ।
- **ਕਬਜ਼ ਤੋਂ ਰਾਹਤ**- ਆਂਵਲਾ ਅਤੇ ਹਰੜ ਬਰਾਬਰ ਮਾਤਰਾ ਵਿਚ ਮਿਲਾ ਕੇ ਦੁੱਧ ਨਾਲ ਇਸਤੇਮਾਲ ਕਰਨ ਨਾਲ ਕਬਜ਼ ਦੂਰ ਹੁੰਦੀ ਅਤੇ ਪੇਟ ਹਲਕਾ ਹੋ ਜਾਂਦਾ ਹੈ।
- **ਬੁਢਾਪੇ ’ਚ ਸਹੀ** - ਆਂਵਲੇ ਨੂੰ ਦੇਸੀ ਘਿਓ ਅਤੇ ਮਿਸ਼ਰੀ ਵਿਚ ਮਿਲਾ ਕੇ ਲਗਾਤਾਰ ਲੈਣ ਨਾਲ ਬੁਢਾਪੇ ਨੂੰ ਲੰਬੇ ਸਮੇਂ ਤਕ ਟਾਲਿਆ ਜਾ ਸਕਦਾ ਹੈ ਅਤੇ ਚਿਹਰਾ ਵੀ ਝੁਰੜੀਆਂ ਰਹਿਤ ਰਹਿੰਦਾ ਹੈ।
- **ਅੱਖਾਂ ਦੀ ਰੋਸ਼ਨੀ**- ਸੁਕਾ ਆਂਵਲਾ ਅਤੇ ਬਦਾਮ ਨੂੰ ਪੀਸ ਕੇ ਰੋਜ਼ਾਨਾ ਸ਼ਹਿਦ ਅਤੇ ਦੁੱਧ ਨਾਲ ਉਪਯੋਗ ਕਰਨ ’ਤੇ ਅੱਖਾਂ ਦੀ ਰੋਸ਼ਨੀ ਤੇਜ਼ ਹੁੰਦੀ ਹੈ। ਇਸ ਨਾਲ ਚਿੱਟੇ ਅਤੇ ਕਾਲੇ ਮੋਤੀਏ ਤੋਂ ਬਚਿਆ ਜਾ ਸਕਦਾ ਹੈ।
- **ਹੱਡੀਆਂ ਦੀ ਮਜ਼ਬੂਤੀ** - ਆਂਵਲੇ ਵਿਚ ਵਿਟਾਮਿਨ ‘ਸੀ’ ਦੀ ਬਹੁਤਾਤ ਹੋਣ ਕਾਰਨ ਇਹ ਹੱਡੀਆਂ ਦੀ ਮਜ਼ਬੂਤੀ ਲਈ ਬਹੁਤ ਉਪਯੋਗੀ ਹੈ।
- **ਜ਼ਹਿਰੀਲੇ ਕੀੜੇ ਦਾ ਕੱਟਿਆ**- ਜੇ ਕਿਸੇ ਸਮੇਂ ਕੋਈ ਜ਼ਹਿਰੀਲਾ ਕੀੜਾ ਕੱਟ ਜਾਵੇ ਤਾਂ ਆਂਵਲੇ ਅਤੇ ਨਿੰਮ ਦੇ ਪੱਤਿਆਂ ਦਾ ਰਸ ਬਰਾਬਰ ਮਾਤਰਾ ਵਿਚ ਮਿਲਾ ਕੇ ਜ਼ਖ਼ਮ ’ਤੇ ਲਾਉਣ ਨਾਲ ਜ਼ਹਿਰ ਦਾ ਅਸਰ ਘੱਟ ਜਾਂਦਾ ਹੈ।

ਕੌਮੀ ਪੱਤ੍ਰਿਕਾ

# ਹੁਣ ਬਿਜਲੀ ਵਿਭਾਗ ਵੱਲੋਂ ਵੀ ਨਾਭਾ ਈਓ ਦੀ ਕੋਠੀ ਉੱਪਰ ਕਾਰਵਾਈ; ਗ਼ੈਰ-ਪ੍ਰਵਾਨਿਤ ਬਿਜਲੀ ਦੀ ਵਰਤੋਂ ਦੇ ਇਲਜ਼ਾਮ

**ਨਾਭਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਮੀਨ ਵਿੱਚੋ ਟਰਾਲੀਆਂ ਦਾ ਸਾਮਾਨ ਮਿਲਣ ਮਗਰੋਂ ਅੱਜ ਬਿਜਲੀ ਵਿਭਾਗ ਵੱਲੋਂ ਵੀ ਨਾਭਾ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ ਦੀ ਰਿਹਾਇਸ਼ ਵਿਖੇ ਬਿਜਲੀ ਦੀ ਚੈਕਿੰਗ ਕੀਤੀ ਗਈ।

ਉਨ੍ਹਾਂ ਨੇ ਦੇਖਿਆ ਕਿ ਕੋਠੀ ਵਿੱਚ ਗੈਰ-ਪ੍ਰਵਾਨਿਤ ਬਿਜਲੀ ਦਾ ਇਸਤੇਮਾਲ ਕੀਤਾ ਜਾ ਰਿਹਾ ਸੀ। ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਥੇ ਟੀਊਬਵੈੱਲ ਦੇ ਮੀਟਰ ਤੋਂ ਬਿਜਲੀ ਹੋਰ ਕੰਮਾਂ ਲਈ ਵਰਤੀ ਜਾ ਰਹੀ ਸੀ। ਉਨ੍ਹਾਂ ਵੱਲੋਂ ਅੱਜ ਕੋਠੀ ਵਿੱਚੋ ਬਿਜਲੀ ਦੀਆਂ ਤਾਰਾਂ ਵੀ ਕੱਟੀਆਂ ਗਈਆਂ ਤੇ ਵਿਭਾਗ ਇਸ ਬਾਬਤ ਜੁਰਮਾਨਾ ਵੀ ਤੈਅ ਕਰਕੇ ਭੇਜੇਗਾ।

ਜ਼ਿਕਰਯੋਗ ਹੈ ਕਿ ਕੋਠੀ ਵਿੱਚ ਘਰੇਲੂ ਇਸਤੇਮਾਲ ਲਈ ਕੋਈ ਮੀਟਰ ਨਹੀਂ ਸੀ ਤੇ ਪਿਛਲੇ ਦਿਨਾਂ ਵਿੱਚ ਕੋਠੀ ਵਿਖੇ ਵਰਕਸ਼ਾਪ ਅਤੇ ਕੌਂਸਲ ਪ੍ਰਧਾਨ ਦੇ ਪਤੀ ਮੁਨੀਸ਼ ਚਾਵਲਾ ਉਰਫ ਪੰਕਜ ਪੱਪੂ ਦਾ ਕਥਿਤ ਦਫਤਰ ਹੋਣ ਦੀਆਂ ਖਬਰਾਂ ਨਸ਼ਰ ਹੋਣ ਮਗਰੋਂ ਵਿਭਾਗ ਨੇ ਇਹ ਕਾਰਵਾਈ ਕੀਤੀ।

ਨਾਭਾ ਈਓ ਗੁਰਚਰਨ ਸਿੰਘ ਨੇ ਮੁੜ ਆਪਣਾ ਬਿਆਨ ਦੋਹਰਾਇਆ ਕਿ ਇਹ ਕੋਠੀ ਪੰਕਜ ਪੱਪੂ ਵੱਲੋਂ ਵਰਤੀ ਜਾ ਰਹੀ ਸੀ ਤੇ ਉਹ ਕਦੀ ਇਥੇ ਰਿਹਾ ਹੀ ਨਹੀਂ ਤੇ ਕੋਠੀ ਵਿੱਚ ਮੀਟਰ ਨਾ ਲੱਗੇ ਹੋਣ ਦੇ ਕਾਰਨਾਂ ਤੋਂ ਵੀ ਉਹ ਅਣਜਾਣ ਹਨ।

ਬਿਜਲੀ ਵਿਭਾਗ ਦੇ ਨਾਭਾ ਐਕਸੀਅਨ ਪਰਿਕਸ਼ਿਤ ਭਨੋਟ ਨੇ ਦੱਸਿਆ ਕਿ ਟੀਊਬਵੈੱਲ ਦਾ ਮੀਟਰ ਵੱਖਰਾ ਹੁੰਦਾ ਹੈ ਜਿਸ 'ਤੇ ਸਬਸਿਡੀ ਵਾਲੇ ਰੇਟ ਲਗਦੇ ਹਨ ਤੇ ਇਹ ਬਿਜਲੀ ਹੋਰ ਕੰਮਾਂ ਲਈ ਨਹੀਂ ਵਰਤੀ ਜਾ ਸਕਦੀ।

ਉਨ੍ਹਾਂ ਦੱਸਿਆ ਕਿ ਕੋਠੀ ਦੇ ਖਾਲੀ ਹੋਣ ਕਾਰਨ ਇਸਤੋਂ ਮੀਟਰ ਉਤਾਰਿਆ ਗਿਆ ਸੀ ਕਿਉਕਿ ਬੰਦ ਮੀਟਰ ਦਾ ਵੀ ਕਿਰਾਇਆ ਪੈਂਦਾ ਰਹਿੰਦਾ ਹੈ ਪਰ ਇਸ ਗ਼ੈਰ- ਪ੍ਰਵਾਨਿਤ ਵਰਤੋਂ ਕਾਰਨ ਵਿਭਾਗ ਦੇ ਨੁਕਸਾਨ ਦੀ ਗਣਨਾ ਕਰਕੇ ਕਾਰਜਸਾਧਕ ਅਫ਼ਸਰ ਨੂੰ ਜੁਰਮਾਨਾ ਭੇਜਿਆ ਜਾਵੇਗਾ।

ਜ਼ਿਕਰਯੋਗ ਹੈ ਕਿ ਦੋ ਦਿਨ ਪਹਿਲਾਂ ਇਸ ਕੋਠੀ ਵਿੱਚੋ ਕਿਸਾਨਾਂ ਦੀਆਂ ਟਰਾਲੀਆਂ ਦਾ ਸਾਮਾਨ ਜ਼ਮੀਨ ਵਿੱਚ ਦੱਬਿਆ ਹੋਇਆ ਮਿਲਣ ਕਾਰਨ ਇਹ ਕੋਠੀ ਕਾਫੀ ਚਰਚਾ ਵਿੱਚ ਹੈ।



ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਚੰਡੀਗੜ੍ਹ ਵਿਖੇ ਆਪਣੇ ਨਿਵਾਸ ਸਥਾਨ ਸੰਤ ਕਬੀਰ ਕੁਟੀਰ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਹੋਏ। -



ਕੁਰੂਕਸ਼ੇਤਰ ਵਿੱਚ ਆਯੋਜਿਤ ਅੰਤਰਰਾਸ਼ਟਰੀ ਗੀਤਾ ਮਹੋਤਸਵ-2025 ਦੌਰਾਨ ਪ੍ਰਦਰਸ਼ਨ ਕਰਦੇ ਹੋਏ ਕਲਾਕਾਰ।

# ਚੌਥੀ ਪਵਿੱਤਰ ਨਗਰ ਕੀਰਤਨ ਯਾਤਰਾ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਜੈਕਾਰੇ ਨਾਲ ਹੋਈ ਸ਼ੁਰ

**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਮੌਕੇ ਤੇ ਯਮੁਨਾਨਗਰ ਜ਼ਿਲੇ ਦੇ ਕਸਬਾ ਸਡੋਰਾ ਤੋਂ ਸ਼ੁਰੂ ਹੋਈ ਚੌਥੀ ਪਵਿੱਤਰ ਨਗਰ ਕੀਰਤਨ ਯਾਤਰਾ ਨੂੰ ਬੀਤੀ ਸ਼ਾਮ ਸਰਸਵਤੀ ਨਗਰ ਦੇ ਜਨਤਾ ਪਬਲਿਕ ਸਕੂਲ ਤੋਂ ਕ੍ਰਿਸ਼ ਖੇਤੀਬਾੜੀ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਅਤੇ ਯਾਤਰਾ ਕੋਰਡੀਨੇਟਰ ਗੁਰਬਾਜ ਸਿੰਘ ਸਿਕੰਦਰਾ, ਬੀਬੀ ਜਸਵੀਰ ਕੌਰ ਅਤੇ ਚੇਅਰਮੈਨ ਰੁਪਿੰਦਰ ਮੱਲੀ ਦੀ ਅਗਵਾਈ ਹੇਠ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰੇ ਨਾਲ ਪਿੰਡ ਝੀਵਰਹੇੜੀ ਵਿੱਚ ਰਾਤ ਨੂੰ ਰੁੱਕਣ ਲਈ ਰਵਾਨਾ ਕੀਤਾ ।

ਇਹ ਨਗਰ ਕੀਰਤਨ ਯਾਤਰਾ ਜੋੜੀਓ ਗੁਰਦੁਆਰਾ ਸਾਹਿਬ ਤੋਂ ਰਾਤ ਦੇ ਆਰਾਮ ਤੋਂ ਬਾਅਦ ਪਿੰਡ ਉੱਚਾ ਚਾਂਦਣਾ, ਰਪੋਲੀ,ਸਤਗੋਲੀ ,ਟੋਪਰਾ ਕਲਾ, ਹਰਨੌਲ ਰੇਤਗੜ੍ਹ ,ਹਾਫਿਜਪੁਰ, ਕੁੰਜਲ ਕੰਬੋਯਾਨ, ਬੈਡੀ ,ਖਜੂਰੀ ,ਬਕਾਣਾ , ਰਾਦੌਰੀ ਚੌਕ ਤੋਂ ਹੁੰਦੇ ਹੋਏ ਰਾਦੌਰ ਪਹੁੰਚੀ ਜਿੱਥੇ ਸੀਨੀਅਰ ਨੇਤਾਵਾਂ ਨੇ ਫੁੱਲਾਂ ਦੀ ਵਰਖਾ ਨਾਲ ਯਾਤਰਾ ਦਾ ਜ਼ੋਰਦਾਰ ਸਵਾਗਤ ਕੀਤਾ ਅਤੇ ਸਰੋਪੇ ਭੇਂਟ ਕੀਤੇ।ਖੇਤੀਬਾੜੀ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਇਸ ਮੌਕੇ ਤੇ ਬੋਲਦੇ ਹੋਏ ਕਿਹਾ ਕਿ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਾਲ ਦੇ ਉਪਲੱਖ ਵਿੱਚ ਹਰਿਆਣਾ ਵਿੱਚ ਚਾਰ ਪਵਿੱਤਰ ਨਗਰ ਕੀਰਤਨ ਯਾਤਰਾਵਾਂ ਕੱਢੀਆ ਜਾ ਰਹੀਆਂ ਹਨ ਜੋ ਹਰਿਆਣਾ ਦੇ ਸਾਰੇ ਜਿਲਿਆਂ ਵਿੱਚੋਂ ਲੰਘਦੇ ਹੋਏ 24 ਨਵੰਬਰ ਨੂੰ ਕੁਰੂਕਸ਼ੇਤਰ ਵਿੱਚ ਸਮਾਪਤ ਹੋਵੇਗੀ ਜਿੱਥੇ ਸਰਬ ਧਰਮ ਸੰਮੇਲਨ ਦਾ ਆਯੋਜਨ ਹੋਵੇਗਾ।

ਇਸ ਤੋਂ ਅਗਲੇ ਦਿਨ 27 ਨਵੰਬਰ ਨੂੰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਦੇ ਉਪਲੱਖ ਵਿੱਚ ਕੁਰੂਕਸ਼ੇਤਰ ਵਿੱਚ ਮਹਾ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ ਜਿਸ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ।

ਉਹਨਾਂ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖਤਾ ਧਰਮ ਅਤੇ ਦੇਸ਼ ਦੀ ਰੱਖਿਆ ਲਈ ਮਹਾਨ ਬਲਿਦਾਨ ਦਿੱਤਾ ਜਿਸ ਨੂੰ ਸਮਾਜ ਦੇ ਹਰੇਕ ਵਿਅਕਤੀ ਤੱਕ ਪਹੁੰਚਣਾ ਜਰੂਰੀ ਹੈ ਤਾਂ ਜੋ ਆਉਣ ਵਾਲੀ ਪੀੜੀਆ ਇਸ ਪ੍ਰੇਰਣਾ ਦਾ ਇੱਕ ਇਤਿਹਾਸ ਤੋਂ ਸੀਖ ਲੈ ਸਕੇ ਉਹਨਾਂ ਨੇ ਕਿਹਾ ਕਿ ਗੁਰੂਆਂ ਦੇ ਤਪ ਤਿਆਗ ਅਤੇ ਗੌਰਵਸਾਲੀ ਇਤਿਹਾਸ ਨੂੰ ਜਨਤਕ ਤੱਕ ਪਹੁੰਚਾਉਣ ਦੇ ਟੀਚੇ ਨਾਲ ਹਰਿਆਣਾ ਸਰਕਾਰ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਸਾਲ ਨੂੰ ਸੂਬੇ ਭਰ ਵਿੱਚ ਸ਼ਾਨਦਾਰ ਢੰਗ ਨਾਲ ਮਨਾਇਆ ਜਾ ਰਿਹਾ ਹੈ।

# ਪੁਲੀਸ ਮੁਕਾਬਲੇ 'ਚ ਬੰਬੀਹਾ ਗਰੋਹ ਦੇ ਦੋ ਗੈਂਗਸਟਰ ਜ਼ਖ਼ਮੀ

**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਰੌਂਗਲਾ ਨੇੜੇ ਸੀਆਈਏ ਸਟਾਫ ਪਟਿਆਲਾ ਦੇ ਇੰਚਾਰਜ ਪ੍ਰਦੀਪ ਬਾਜਵਾ ਦੀ ਅਗਵਾਈ ਹੇਠ ਲਈ ਪੁਲੀਸ ਟੀਮ ਨਾਲ ਹੋਏ ਮੁਕਾਬਲੇ ਦੌਰਾਨ ਬੰਬੀਹਾ ਗਰੋਹ ਦੇ ਦੋ ਗੈਂਗਸਟਰ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਏ। ਪੁਲੀਸ ਮੁਕਾਬਲੇ ਦੌਰਾਨ ਕਾਬੂ ਕੀਤੇ ਗਏ ਇਨ੍ਹਾਂ ਗੈਂਗਸਟਰਾਂ ਕੋਲੋਂ ਪੁਲੀਸ ਨੇ ਦੋ ਪਿਸਤੌਲ ਵੀ ਬਰਾਮਦ ਕੀਤੇ ਹਨ। ਗੈਂਗਸਟਰਾਂ ਦੀ ਪਛਾਣ ਹਰਪ੍ਰੀਤ ਸਿੰਘ ਵਾਸੀ ਸ਼ਹਿਰ ਦੀਪੁਰ ਅਤੇ ਗੌਤਮ ਸਿੰਘ ਵਾਸੀ ਬੌੜਾ ਗੇਟ ਨਾਭਾ ਵਜੋਂ ਹੋਈ ਹੈ ਜਿਨ੍ਹਾਂ ਨੂੰ ਇਲਾਜ ਲਈ ਰਾਜਿੰਦਰਾ ਹਸਪਤਾਲ ਪਟਿਆਲਾ ਵਿਚ ਦਾਖਲ ਕਰਵਾਇਆ ਗਿਆ ਹੈ।



ਇਹ ਜਾਣਕਾਰੀ ਐਸਐਸਪੀ ਵਰੁਣ ਸ਼ਰਮਾ ਨੇ ਦਿੱਤੀ।

# ਸ਼ਿਆਮ ਸਿੰਘ ਰਾਣਾ ਨੇ ਡੀਏਪੀ ਅਤੇ ਯੂਰੀਆ ਨਾਲ ਵਾਧੂ ਉਤਪਾਦ ਥੋਪਣ ਵਾਲੇ ਅਧਿਕਾਰੀਆਂ ਅਤੇ ਪ੍ਰਾਈਵੇਟ ਡੀਲਰਾਂ ਦੇ ਵਿਰੁੱਧ ਸਖਤ ਕਾਰਵਾਈ ਦੇ ਦਿੱਤੇ ਆਦੇਸ਼

**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਸਾਰੇ ਸਰਕਾਰੀ ਅਧਿਕਾਰੀਆਂ ਅਤੇ ਪ੍ਰਾਈਵੇਟ ਖਾਦ ਕੀਟ ਨਾਸਕ ਡੀਲਰਾਂ ਨੂੰ ਸਖਤ ਨਿਰਦੇਸ਼ ਜਾਰੀ ਕਰਦੇ ਹੋਏ ਸਪਸ਼ਟ ਕੀਤਾ ਹੈ ਕਿ ਕਿਸਾਨਾਂ ਨੂੰ ਡੀਏਪੀ ਜਾਂ ਯੂਰੀਆ ਨਾਲ ਵਾਧੂ ਖਾਦ ,ਜਿੰਕ , ਕੀਟਨਾਸਕ ਜਾਂ ਕਿਸੇ ਹੋਰ ਖੇਤੀਬਾੜੀ ਸਮੱਗਰੀ ਨੂੰ ਜਬਰਨ ਖਰੀਦਣ ਲਈ ਰੋਕਣਾ ਪੂਰੀ ਤਰ੍ਹਾਂ ਨਾਲ ਪ੍ਰਤਿਬੰਦਿਤ ਹੈ।

ਸ੍ਰੀ ਰਾਣਾ ਨੇ ਕਿਹਾ ਕਿ ਕਿਸਾਨਾਂ ਨੂੰ ਅਵਾਂਛਿਤ ਉਤਪਾਦ ਖਰੀਦਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਖਾਦ ਵੰਡ ਸਬੰਧੀ ਸਪਸ਼ਟ ਦਿਸ਼ਾ ਨਿਰਦੇਸ਼ ਪਹਿਲਾਂ ਤੋਂ ਹੀ ਜਾਰੀ ਕੀਤੇ ਜਾ ਚੁੱਕੇ ਹਨ ਕੋਈ ਵੀ ਅਧਿਕਾਰੀ ਜਾਂ ਡੀਲਰ ਇਹਨਾਂ ਨਿਯਮਾਂ ਦਾ ਉਲੰਘਣ ਕਰਦਾ ਪਾਇਆ ਗਿਆ ਤਾਂ ਉਸ ਨੂੰ ਕਿਸੇ ਵੀ ਸਥਿਤੀ ਵਿੱਚ ਬਖਸ਼ਿਆ ਨਹੀਂ ਜਾਵੇਗਾ।

ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜੇਕਰ ਕੋਈ ਅਧਿਕਾਰੀ ਜਾਂ ਡੀਲਰ ਡੀਏਪੀ ਜਾਂ ਯੂਰੀਆ ਨਾਲ ਵਾਧੂ ਉਤਪਾਦ ਖਰੀਦਣ ਦਾ ਦਬਾਉ ਪਾਉਣ ਦਾ ਹੈ ਤਾਂ ਕਿਸਾਨ ਤੁਰੰਤ ਟੋਲ ਫਰੀ ਨੰਬਰ 1800-180-1551 ਤੇ ਕੋਲ ਕਰਨ ਜਾਂ ਜਿਲਾ ਖੇਤੀਬਾੜੀ ਦਫਤਰ ਵਿੱਚ ਸ਼ਿਕਾਇਤ ਦਰਜ ਕਰਵਾਉਣ। ਕਿਸਾਨ ਬਲੋਕ ਜਾਂ ਜ਼ਿਲ੍ਹਾ ਪੱਧਰ ਤੇ ਖੇਤੀਬਾੜੀ ਅਧਿਕਾਰੀਆਂ ਨੂੰ ਵੀ ਆਪਣੀ ਸ਼ਿਕਾਇਤ ਦੇ ਸਕਦੇ ਹਨ। ਸਰਕਾਰ ਤੁਰੰਤ ਕਾਰਵਾਈ ਕਰੇਗੀ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

ਖਾਦ ਉਪਲਬਧਤਾ ਨੂੰ ਲੈ ਕੇ ਚਿੰਤਾ ਦੂਰ ਕਰਦੇ ਹੋਏ ਸ੍ਰੀ ਰਾਣਾ ਨੇ ਕਿਹਾ ਕਿ ਰਾਜ ਵਿੱਚ ਰਬੀ ਸੀਜਨ ਲਈ ਉਚਿਤ ਸਟੋਕ ਉਪਲਬਧ ਹੈ ।ਉਹਨਾਂ ਨੇ ਦੱਸਿਆ ਕਿ ਹਰਿਆਣਾ ਨੂੰ ਡੀਏਪੀ ਅਤੇ ਯੂਰੀਆ ਦੀ ਸਪਲਾਈ ਮਿਲ ਚੁੱਕੀ ਹੈ । ਕੇਂਦਰ ਸਰਕਾਰ ਨਾਲ ਨਿਮਤ ਰੂਪ ਨਾਲ ਸਪਲਾਈ ਜਾਰੀ ਹੈ ਅਤੇ ਸਾਰੇ ਜਿਲ੍ਹਿਆਂ ਵਿੱਚ ਉਚਿਤ ਬਫਰ ਸਟੋਕ ਬਣਾਏ ਰੱਖਿਆ ਗਿਆ ਹੈ।

ਹਾਲ ਹੀ ਵਿੱਚ ਜਬਰਨ ਬਿਕਰੀ ਦੀ ਮਿਲੀ ਸ਼ਿਕਾਇਤਾਂ ਦਾ ਜ਼ਿਕਰ ਕਰਦੇ ਹੋਏ ਸ੍ਰੀ ਰਾਣਾ ਨੇ ਦੱਸਿਆ ਕਿ ਤੁਰੰਤ ਕਾਰਵਾਈ ਕੀਤੀ ਗਈ ਸੰਬੰਧਿਤ ਡਿਲਰਾਂ ਵਿਰੁੱਧ ਐਫਆਈਆਰ ਦਰਜ ਕਰਾਈ ਗਈ ਅਤੇ ਉਹਨਾਂ ਦੇ ਲਾਈਸੈਂਸ ਨੂੰ ਰੱਦ ਕਰ ਦਿੱਤਾ ਗਿਆ।

ਕਿਸਾਨਾਂ ਨੂੰ ਭਰੋਸਾ ਦਿੰਦੇ ਹੋਏ ਉਹਨਾਂ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਰਾਜ ਸਰਕਾਰ ਕਿਸਾਨਾਂ ਦੀ ਹਰ ਸਮੱਸਿਆ ਨੂੰ ਪ੍ਰਾਥਮਿਕਤਾ ਨਾਲ ਹੱਲ ਕਰਨ ਲਈ ਤਿਆਰ ਹੈ।

ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਚਿੰਤਾ ਕਰਨ ਦੀ ਲੋੜ ਨਹੀਂ। ਕਿਸਾਨਾਂ ਨੂੰ ਸਮੇਂ ਸਿਰ ਅਤੇ ਲੋੜ ਅਨੁਸਾਰ ਖਾਦ ਉਪਲਬਧ ਕਰਾਈ ਜਾਵੇਗੀ । ਕਿਸੇ ਵੀ ਡੀਲਰ ਜਾਂ ਅਧਿਕਾਰੀ ਨੂੰ ਕਿਸਾਨਾਂ ਦਾ ਸ਼ੋਸਣ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

# ਚੰਨੀ ਨੂੰ ਜ਼ਿਲ੍ਹਾਂ ਹੁਸ਼ਿਆਰਪੁਰ ਦੇ ਆਬਜ਼ਰਵਾਰ ਨਿਯੁਕਤ ਕੀਤਾ ਗਿਆ

**ਬਠਿੰਡਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਵਲੋਂ ਸੂਬੇ (ਪੰਜਾਬ) ਵਿੱਚ ਹੋਣ ਜਾ ਰਹੀਆਂ ਜ਼ਿਲ੍ਹਾਂ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਪਾਰਟੀ ਦੇ ਆਗੂਆਂ ਨੂੰ ਵੱਖ ਵੱਖ ਜਿੰਮੇਵਾਰੀਆਂ ਦਿੱਤੀਆਂ ਗਈਆਂ ਹਨ ।

ਇਸੇ ਤਰ੍ਹਾਂ ਜ਼ਿਲ੍ਹਾਂ ਹੁਸ਼ਿਆਰਪੁਰ ਵਿੱਚ ਪਾਰਟੀ ਦੇ ਟਕਸਾਲੀ ਆਗੂਆਂ ਜਿਨ੍ਹਾਂ ਵਿੱਚ ਜੈ ਕ੍ਰਿਸ਼ਨ ਸਿੰਘ ਰੌੜੀ ਡਿਪਟੀ ਸਪੀਕਰ ਵਿਧਾਨ ਸਭਾ ਐੱਮ.ਐੱਲ.ਏ ਹਲਕਾ ਗੜ੍ਹਸ਼ੰਕਰ ਅਤੇ ਚਰਨਜੀਤ ਸਿੰਘ ਚੰਨੀ ਸੰਗਠਨ ਇਚਾਰਜ ਹਲਕਾ ਗਾੜ੍ਹਸ਼ੰਕਰ ਤੋਂ ਇਨ੍ਹਾ ਨੂੰ ਜ਼ਿਲ੍ਹਾਂ ਹੁਸ਼ਿਆਰਪੁਰ ਤੋ ਜ਼ਿਲ੍ਹਾ ਆਬਜ਼ਰਵਾਰ ਨਿਯੁਕਤ ਕੀਤਾ ਗਿਆ ਇਸ ਬਾਰੇ ਗੱਲ ਕਰਦਿਆਂ ਡਿਪਟੀ ਸਪੀਕਰ ਰੌੜੀ ਅਤੇ ਉਹਨਾਂ ਦੇ ਓ.ਐਸ.ਡੀ ਚਰਨਜੀਤ ਚੰਨੀ ਨੇ ਕਿਹਾ ਕਿ ਪਾਰਟੀ ਹਾਈਕਮਾਂਡ ਨੇ ਜੋ ਉਹਨਾਂ ਨੂੰ ਜਿਲ੍ਹੇ ਦੇ ਜਿੰਮੇਵਾਰੀ ਸੌਂਪੀ ਹੈ ।ਉਸ ਲਈ ਉਹ ਪਾਰਟੀ ਹਾਈਕਮਾਂਡ ਦਾ ਧੰਨਵਾਦ ਕਰਦੇ ਹਨ ਅਤੇ ਪਾਰਟੀ ਨੂੰ ਵਿਸ਼ਵਾਸ ਦਿਵਾਉਂਦੇ ਹਨ ਕਿ ਉਹ ਆਪਣੀਆਂ ਜਿੰਮੇਵਾਰੀਆਂ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਪਾਰਟੀ ਦੇ ਵਰਕਰਾਂ ਆਗੂਆਂ ਨੂੰ ਇਕਜੁੱਟ ਕਰਕੇ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵੀ ਜਿੱਤਣਗੇ ਅੱਜ ਉਕਤ ਨਿਯੁਕਤੀਆਂ ਲਈ ਪਾਰਟੀ ਦੇ ਬਹੁਤ ਸਾਰੇ ਆਗੂਆਂ ਤੇ ਵਰਕਰਾਂ ਨੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ ਅਤੇ ਡਿਪਟੀ ਸਪੀਕਰ ਰੌੜੀ ਅਤੇ ਸੰਗਠਨ ਇਚਾਰਜ ਚੰਨੀ ਨੂੰ ਵਧਾਈਆਂ ਵੀ ਦਿੱਤੀਆਂ।

# ਪੀਐਮ ਸ਼੍ਰੀ ਸਕੂਲ ਵਿਖੇ ਐਮੀਨੈਂਟ ਐਕਸਪਰਟ ਪ੍ਰੋਗਰਾਮ ਤਹਿਤ ਨੈਸ਼ਨਲ ਅਵਾਰਡੀ ਡਾ. ਜਸਵਿੰਦਰ ਸਿੰਘ ਨੇ ਵਿਦਿਆਰਥੀਆਂ ਨਾਲ ਸਾਂਝੇ ਕੀਤੇ ਵਿਚਾਰ

**ਤਰਨ ਤਾਰਨ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਪੀਐਮ ਸ਼੍ਰੀ ਸਕੂਲ ਵਿਖੇ ਐਮੀਨੈਂਟ ਐਕਸਪਰਟ (Eminent Expert) ਗਤੀਵਿਧੀ ਤਹਿਤ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਲਿਆਣ (ਪਟਿਆਲਾ) ਦੇ ਫਿਜ਼ਿਕਸ ਲੈਕਚਰਾਰ ਅਤੇ ਨੈਸ਼ਨਲ ਅਵਾਰਡੀ ਡਾ. ਜਸਵਿੰਦਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਸਕੂਲ ਪਹੁੰਚਣ 'ਤੇ ਸਕੂਲ ਇੰਚਾਰਜ ਮੈਡਮ ਪਰਮਜੀਤ ਕੌਰ ਅਤੇ ਸ੍ਰ. ਗੁਰਪ੍ਰੀਤ ਸਿੰਘ ਨੇ ਡਾ. ਜਸਵਿੰਦਰ ਸਿੰਘ ਦਾ ਭਰਵਾਂ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ 'ਜੀ ਆਇਆਂ' ਆਖਿਆ।



ਜ਼ਿਕਰਯੋਗ ਹੈ ਕਿ ਡਾ. ਜਸਵਿੰਦਰ ਸਿੰਘ 'ਸਾਇੰਸ ਲੈਬ ਆਨ ਵੀਲਜ਼' ਵਜੋਂ ਵੀ ਦੇਸ਼ ਭਰ ਵਿੱਚ ਮਸ਼ਹੂਰ ਹਨ। ਆਪਣੇ ਲੈਕਚਰ ਦੌਰਾਨ ਡਾ. ਸਿੰਘ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਗਣਿਤ ਅਤੇ ਸਾਇੰਸ ਵਿਸ਼ਿਆਂ 'ਤੇ ਆਪਣੇ ਵਡਮੁੱਲੇ ਵਿਚਾਰ ਸਾਂਝੇ ਕੀਤੇ।

ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵਿਗਿਆਨ ਅਤੇ ਗਣਿਤ ਨੂੰ ਰੱਟਾ ਲਗਾਉਣ ਦੀ ਬਜਾਏ ਪ੍ਰੈਕਟੀਕਲ ਤਰੀਕੇ ਨਾਲ ਸਮਝਣ ਲਈ ਪ੍ਰੇਰਿਤ ਕੀਤਾ, ਜਿਸ ਨਾਲ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।

ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ ਮੌਜੂਦ ਸਨ। ਵਿਸ਼ੇਸ਼ ਤੌਰ 'ਤੇ ਸ੍ਰ. ਗੁਰਪ੍ਰੀਤ ਸਿੰਘ, ਪ੍ਰਿਤਪਾਲ ਸਿੰਘ, ਸਰਬਜੀਤ ਸਿੰਘ, ਸ੍ਰ. ਹਰਜੀਤ ਸਿੰਘ (ਕਲਰਕ), ਮੈਡਮ ਜਸਪ੍ਰੀਤ ਕੌਰ ਅਤੇ ਗੁਰਜੀਤ ਕੌਰ ਨੇ ਡਾ. ਜਸਵਿੰਦਰ ਸਿੰਘ ਨੂੰ ਜੀ ਆਇਆਂ ਆਖਿਆ ਅਤੇ ਸਕੂਲ ਵਿੱਚ ਪਹੁੰਚ ਕੇ ਵਿਦਿਆਰਥੀਆਂ ਦਾ ਮਾਰਗਦਰਸ਼ਨ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

# ਨਸ਼ਿਆਂ ਵਿਰੁੱਧ ਜੰਗ ਸਿਰਫ਼ ਕਾਨੂੰਨੀ ਨਹੀਂ, ਸਮਾਜਿਕ ਜਿੰਮੇਵਾਰੀ ਵੀ ਹੈ : ਡੀ.ਆਈ.ਜੀ ਹਰਜੀਤ ਸਿੰਘ

**ਬਠਿੰਡਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਗਈ ਮੁਹਿੰਮ ਦੇ ਤਹਿਤ ਪੁਲਿਸ ਅਤੇ ਸਿਵਲ ਪ੍ਰਸ਼ਾਸਨ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਜ਼ਮੀਨੀ ਪੱਧਰ 'ਤੇ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਡੀਆਈਜੀ ਬਠਿੰਡਾ ਰੇਂਜ ਸ ਹਰਜੀਤ ਸਿੰਘ ਨੇ ਸ਼ਹੀਦ ਸਿਪਾਹੀ ਅਵਤਾਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਹਿਮਨ ਦੀਵਾਨਾ ਵਿਖੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ।



ਇਸ ਮੌਕੇ ਡੀਆਈਜੀ ਬਠਿੰਡਾ ਰੇਂਜ ਸ ਹਰਜੀਤ ਸਿੰਘ ਨੇ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਵੀ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਲਈ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ, ਜੋ ਕਿ ਇੱਕ ਸਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਸਕੂਲਾਂ, ਪਿੰਡਾਂ ਅਤੇ ਵੱਖ-ਵੱਖ ਸਮਾਜਕ ਮੰਚਾਂ 'ਤੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚ ਨੌਜਵਾਨ, ਪਿੰਡ ਵਾਸੀਆਂ ਅਤੇ ਵਿਦਿਆਰਥੀਆਂ ਵੱਲੋਂ ਵੱਡੇ ਜੋਸ਼ ਨਾਲ ਭਾਗ ਲੈ ਰਹੇ ਹਨ।

ਇਸ ਮੌਕੇ ਡੀਆਈਜੀ ਸ ਹਰਜੀਤ ਸਿੰਘ ਨੇ ਕਿਹਾ ਕਿ ਨਸ਼ਿਆਂ ਨਾਲ ਜੰਗ ਸਿਰਫ਼ ਕਾਨੂੰਨੀ ਕਾਰਵਾਈ ਨਾਲ ਨਹੀਂ ਜਿੱਤੀ ਜਾ ਸਕਦੀ; ਇਹ ਤਾਂ ਸਮਾਜਿਕ ਜਿੰਮੇਵਾਰੀ ਨਾਲ ਹੀ ਸੰਭਵ ਹੈ। ਡੀ.ਆਈ.ਜੀ ਹਰਜੀਤ ਸਿੰਘ ਨੇ ਕਿਹਾ ਕਿ ਇਹ ਯਤਨ ਓਦੋਂ ਹੀ ਸਫਲ ਹੋ ਸਕਦੇ ਹਨ, ਜਦੋਂ ਹਰ ਘਰ, ਹਰ ਪਿੰਡ ਅਤੇ ਹਰ ਸਿੱਖਿਆ ਸੰਸਥਾ ਇਸ ਮੁਹਿੰਮ ਦਾ ਸਰਗਰਮ ਹਿੱਸਾ ਬਣੇਗੀ।

ਉਹਨਾਂ ਕਿਹਾ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਨੁਕਸਾਨਾਂ ਬਾਰੇ ਜਾਣੂ ਕਰਾਉਣਾ ਅਤੇ ਉਨ੍ਹਾਂ ਨੂੰ ਸਿਹਤਮੰਦ ਜੀਵਨਸ਼ੈਲੀ ਵੱਲ ਪ੍ਰੇਰਿਤ ਕਰਨਾ ਮੁਹਿੰਮ ਦਾ ਮੁੱਖ ਉਦੇਸ਼ ਹੈ।

ਇਸ ਮੁਹਿੰਮ ਹੇਠ ਨਸ਼ਾ-ਮੁਕਤੀ ਰੈਲੀਆਂ, ਗਰੁੱਪ ਚਰਚਾਵਾਂ, ਪੇਂਟਿੰਗ ਅਤੇ ਸਲੋਗਨ ਲਿਖਣ ਮੁਕਾਬਲੇ, ਅਤੇ ਮੋਟੀਵੇਸ਼ਨਲ ਲੈਕਚਰ ਸ਼ਾਮਲ ਹਨ। ਕਈ ਨੌਜਵਾਨਾਂ ਨੇ ਨਸ਼ਾ-ਮੁਕਤ ਪੰਜਾਬ ਬਣਾਉਣ ਲਈ ਆਪਣੀ ਵਚਨਬੱਧਤਾ ਵੀ ਜਤਾਈ।

ਇਸ ਮੌਕੇ 'ਤੇ ਪ੍ਰਿੰਸੀਪਲ ਭੀਮ ਸੇਨ, ਐਸਐਮਸੀ ਚੇਅਰਮੇਨ ਬਲਜੀਤ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ, ਏ.ਐਸ.ਆਈ ਹਾਕਮ ਸਿੰਘ ਟਰੈਫਿਕ ਪੁਲਿਸ ਐਜੂਕੇਟਰ , ਰੁਪਿੰਦਰ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸਨ।

# ਵਿਧਾਇਕ ਜਿੰਪਾ ਦੇ ਯਤਨਾਂ ਸਦਕਾ ਊਸ਼ਾ ਮਾਰਟਿਨ ਮਿਸ਼ਨ ਚੜ੍ਹਦੀ ਕਲਾ ਲਈ 5 ਲੱਖ ਦਾ ਯੋਗਦਾਨ



**ਹੁਸ਼ਿਆਰਪੁਰ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਸਮਾਜਿਕ ਕੰਮਾਂ ਨੂੰ ਮਜ਼ਬੂਤ ਕਰਨ ਵਾਲੇ ÷ਮਿਸ਼ਨ ਚੜ੍ਹਦੀ ਕਲਾ÷ ਲਈ ਅੱਜ ਮਹੱਤਵਪੂਰਨ ਯੋਗਦਾਨ ਪ੍ਰਾਪਤ ਹੋਇਆ ਹੈ। ਵਿਧਾਇਕ ਜਿੰਪਾ ਦੇ ਯਤਨਾਂ ਸਦਕਾ, ਜਤਿੰਦਰ ਵਾਲੀਆ, ਐਸ.ਕੇ. ਚੱਢਾ ਅਤੇ ਗਿਰੀਸ਼ ਵਾਲੀਆ (ਊਸ਼ਾ ਮਾਰਟਿਨ ਕੰਪਨੀ) ਵੱਲੋਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੂੰ 5 ਲੱਖ ਦਾ ਚੈੱਕ ਭੇਟ ਕੀਤਾ ਗਿਆ। ਇਹ ਰਕਮ ਮਿਸ਼ਨ ਚੜ੍ਹਦੀ ਕਲਾ ਤਹਿਤ ਲੋਕ ਭਲਾਈ ਕਾਰਜਾਂ ਦੀ ਪ੍ਰਭਾਵਸ਼ਾਲੀ ਨੂੰ ਅੱਗੇ ਵਧਾਉਣ ਵਿੱਚ ਮਦਦ ਕਰੇਗੀ। ਵਿਧਾਇਕ ਜਿੰਪਾ ਨੇ ਇਸ ਯੋਗਦਾਨ ਨੂੰ ਸਮਾਜ ਪ੍ਰਤੀ ਸਮਰਪਣ ਅਤੇ ਜ਼ਿੰਮੇਵਾਰੀ ਦੀ ਇੱਕ ਉੱਤਮ ਉਦਾਹਰਣ ਦੱਸਿਆ। ਉਨ੍ਹਾਂ ਕਿਹਾ ਕਿ ਨਿੱਜੀ ਖੇਤਰ ਅਤੇ ਸਮਾਜਿਕ ਸੰਗਠਨਾਂ ਦੀ ਅਜਿਹੀ ਭਾਗੀਦਾਰੀ ਜ਼ਿਲ੍ਹੇ ਦੇ ਵਿਕਾਸ ਨੂੰ ਨਵੀਂ ਪ੍ਰੇਰਣਾ ਪ੍ਰਦਾਨ ਕਰਦੀ ਹੈ। ਉਨ੍ਹਾਂ ਊਸ਼ਾ ਮਾਰਟਿਨ ਕੰਪਨੀ ਦੇ ਪ੍ਰਤੀਨਿਧੀਆਂ ਜਤਿੰਦਰ ਵਾਲੀਆ, ਐਸ.ਕੇ. ਚੱਢਾ ਅਤੇ ਗਿਰੀਸ਼ ਵਾਲੀਆ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦਾ ਸਮਰਥਨ ਲੋੜਵੰਦਾਂ ਨੂੰ ਸਹਾਇਤਾ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਵਿਧਾਇਕ ਜਿੰਪਾ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਜਨ ਪ੍ਰਤੀਨਿਧੀਆਂ ਦੇ ਸਾਂਝੇ ਯਤਨਾਂ ਨਾਲ ÷ਮਿਸ਼ਨ ਚੜ੍ਹਦੀ ਕਲਾ÷ ਲਗਾਤਾਰ ਬਿਹਤਰ ਨਤੀਜੇ ਦੇ ਰਿਹਾ ਹੈ

# ਬਠਿੰਡਾ ਪ੍ਰੀਮੀਅਰ ਲੀਗ: ਖਿਡਾਰੀਆਂ ਲਈ ਅਰਜ਼ੀਆਂ 26 ਨਵੰਬਰ ਤੱਕ ਜਮ੍ਹਾਂ ਕਰਵਾਉਣੀਆਂ ਜ਼ਰੂਰੀ : ਮੇਅਰ ਪਦਮਜੀਤ ਸਿੰਘ ਮਹਿਤਾ

**ਬਠਿੰਡਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸ਼ੁਰੂ ਕੀਤੀ ਗਈ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਦੇ ਹਿੱਸੇ ਵਜੋਂ ਬਠਿੰਡਾ ਨਗਰ ਨਿਗਮ ਦੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਵੱਲੋਂ ਆਯੋਜਿਤ ਕੀਤੇ ਜਾ ਰਹੇ ਇਤਿਹਾਸਕ ਕ੍ਰਿਕਟ ਮੈਗਾ-ਈਵੈਂਟ ÷ਬਠਿੰਡਾ ਪ੍ਰੀਮੀਅਰ ਲੀਗ÷ ਵਿੱਚ ਬਠਿੰਡਾ ਦੇ ਸਾਰੇ 50 ਵਾਰਡ ਆਹਮੋ-ਸਾਹਮਣੇ ਹੋਣਗੇ। 28 ਦਸੰਬਰ ਨੂੰ ਇਤਿਹਾਸਕ ÷ਬਠਿੰਡਾ ਪ੍ਰੀਮੀਅਰ ਲੀਗ÷ ਦਾ ਵੱਡੇ ਪੱਧਰ 'ਤੇ ਸ਼ੁਭ ਆਰੰਭ ਹੋਵੇਗਾ।

ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਦੱਸਿਆ ਕਿ ਬਠਿੰਡਾ ਮਹਾਂਨਗਰ ਦੇ ਸਾਰੇ 50 ਵਾਰਡਾਂ ਦੇ ਕ੍ਰਿਕਟ ਖਿਡਾਰੀ ਇਸ ਮੈਗਾ-ਈਵੈਂਟ ਵਿੱਚ ਹਿੱਸਾ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਦਿਲਚਸਪੀ ਰੱਖਣ ਵਾਲੇ ਖਿਡਾਰੀ 26 ਨਵੰਬਰ, 2025, ਬੁੱਧਵਾਰ ਸ਼ਾਮ 5 ਵਜੇ ਤੱਕ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ 26 ਨਵੰਬਰ ਨੂੰ ਸ਼ਾਮ 5 ਵਜੇ ਤੋਂ ਬਾਅਦ ਪ੍ਰਾਪਤ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ ਅਤੇ ਅਵੈਧ ਹੋਣਗੀਆਂ।

ਮੇਅਰ ਸ਼੍ਰੀ ਮਹਿਤਾ ਨੇ ਸਾਰੇ 50 ਵਾਰਡਾਂ ਦੇ ਕ੍ਰਿਕਟ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ ਯੁੱਧ ਨਸ਼ਿਆਂ ਵਿਰ ਮੁਹਿੰਮ ਦੇ ਹਿੱਸੇ ਵਜੋਂ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਆਯੋਜਿਤ ਕੀਤੀ ਜਾ ਰਹੀ ਬਠਿੰਡਾ ਪ੍ਰੀਮੀਅਰ ਲੀਗ ਵਿੱਚ ਆਪਣੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਸਮੇਂ ਸਿਰ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾਉਣ।

ਮੇਅਰ ਸ਼੍ਰੀ ਪਦਮਜੀਤ ਸਿੰਘ ਮਹਿਤਾ ਨੇ ਦੱਸਿਆ ਕਿ ÷ਬਠਿੰਡਾ ਪ੍ਰੀਮੀਅਰ ਲੀਗ÷ ਵਿੱਚ 10 ਪੂਲ ਹੋਣਗੇ, ਹਰੇਕ ਪੂਲ ਵਿੱਚ 10-10 ਮੈਚ ਹੋਣਗੇ। ਉਨ੍ਹਾਂ ਕਿਹਾ ਕਿ ਇਸ ਮੈਗਾ ਈਵੈਂਟ ਵਿੱਚ ਕੁੱਲ 115 ਮੈਚ ਖੇਡੇ ਜਾਣਗੇ, ਹਰੇਕ ਮੈਚ ਵਿੱਚ ਮਹੱਤਵਪੂਰਨ ਇਨਾਮ ਵੰਡੇ ਜਾਣਗੇ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ÷ਬਠਿੰਡਾ ਪ੍ਰੀਮੀਅਰ ਲੀ ਉਨ੍ਹਾਂ ਅੱਗੇ ਕਿਹਾ ਕਿ 26 ਨਵੰਬਰ ਨੂੰ ਸ਼ਾਮ 5 ਵਜੇ ਤੋਂ ਬਾਅਦ ਪ੍ਰਾਪਤ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ ਅਤੇ ਅਵੈਧ ਹੋਣਗੀਆਂ। ਮੇਅਰ ਸ਼੍ਰੀ ਮਹਿਤਾ ਨੇ ਸਾਰੇ 50 ਵਾਰਡਾਂ ਦੇ ਕ੍ਰਿਕਟ ਖਿਡਾਰੀਆਂ ਨੂੰ ਅਪੀਲ ਕੀਤੀ ਕਿ ਉਹ ਯੁੱਧ ਨਸ਼ਿਆਂ ਵਿ ਵਿੱਚ ਹਿੱਸਾ ਲੈਣ ਅਤੇ ਬਠਿੰਡਾ ਸਮੇਤ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ।

# ਪੰਚਕੂਲਾ ਵਿੱਚ ਸਰਸ ਆਜੀਵਿਕਾ ਮੇਲਾ-2025 ਦੇ ਸਮਾਪਤੀ ਸਮਾਰੋਹ ਦੌਰਾਨ ਦੀਪ ਜਗਾਉਂਦੇ ਹੋਏ ਹਰਿਆਣਾ ਦੇ ਮੁੱਖ ਮੰਤਰੀ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਸ ਆਜੀਵਿਕਾ ਮੇਲਾ ਸ਼ਿਲਪਕਾਰਾਂ ਅਤੇ ਖਰੀਦਦਾਰਾਂ ਨੂੰ ਇੱਕ ਮੰਚ 'ਤੇ ਆਉਣ ਦੇ ਨਾਲ-ਨਾਲ ਦੇਸ਼ ਦੀ ਆਰਥਕ ਆਤਮਨਿਰਭਰਤਾ ਵਿੱਚ ਵੀ ਯੋਗਦਾਨ ਦਿੰਦਾ ਹੈ। ਸਾਨੂੰ ਸਾਰਿਆਂ ਨੂੰ ਆਪਣੇ ਸ਼ਿਲਪਕਾਰਾਂ ਵੱਲੋਂ ਬਣਾਈ ਗਈ ਵਸਤੂਆਂ 'ਤੇ ਮਾਣ ਕਰਨਾ ਚਾਹੀਦਾ ਅਤੇ ਉਨ੍ਹਾਂ ਦੇ ਵੱਲੋਂ ਬਣਾਏ ਉਤਪਾਦਾਂ ਨੂੰ ਪ੍ਰਾਥਮਿਕਤਾ ਦੇਣੀ ਚਾਹੀਦੀਆਂ ਹਨ। ਅਜਿਹਾ ਕਰ ਕੇ ਸਾਨੂੰ ਆਪਣੇ ਖੇਤਰ ਦੇ ਸ਼ਿਲਪਕਾਰਾਂ ਅਤੇ ਲਘੂ ਉਦਮੀਆਂ ਦੀ ਮਦਦ ਕਰ ਸਕਦੇ ਹਨ।



ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਐਤਵਾਰ ਨੂੰ ਪੰਚਕੂਲਾ ਦੇ ਸੈਕਟਰ-5 ਸਥਿਤ ਪਰੇਡ ਗਰਾਊਂਡ ਵਿੱਚ ਆਯੋਜਿਤ ਸਰਸ ਆਜੀਵਿਕਾ ਮੇਲਾ-2025 ਦੇ ਸਮਾਪਨ ਸਮਾਰੋਹ ਨੂੰ ਮੁੱਖ ਮਹਿਮਾਨ ਵਜੋ ਸੰਬੋਧਿਤ ਕਰ ਰਹੇ ਸਨ।

ਮੁੱਖ ਮੰਤਰੀ ਨੇ ਵੱਖ-ਵੱਖ ਸੂਬਿਆਂ ਦੀ ਮਹਿਲਾ ਸਵੈ ਸਹਾਇਤਾ ਸਮੂਹ ਦੀ ਮੈਂਬਰਾਂ, ਸ਼ਿਲਪਕਾਰਾਂ ਤੇ ਕਾਰੀਗਰਾਂ ਵੱਲੋਂ ਲਗਾਏ ਗਏ ਵੱਖ-ਵੱਖ ਉਤਪਾਦਾਂ ਦੇ ਸਟਾਲਸ ਦਾ ਅਵਲੋਕਨ ਕੀਤਾ ਅਤੇ ਉਤਪਾਦਾਂ ਵਿੱਚ ਡੂੰਘੀ ਦਿਲਚਸਪੀ ਦਿਖਾਈ। ਉਨ੍ਹਾਂ ਨੇ ਮਹਿਲਾਵਾਂ ਦੀ ਕਲਾ ਅਤੇ ਸਕਿਲ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਾਡੀ ਭੈਣਾਂ ਸਵਦੇਸ਼ੀ ਉਤਪਾਦਾਂ ਦਾ ਨਿਰਮਾਣ ਕਰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਆਤਮਨਿਰਭਰ ਭਾਰਤ ਦੇ ਸੰਕਲਪ ਅਤੇ ਵੋਕਲ ਫਾਰ ਲੋਕਲ ਦੀ ਭਾਵਨਾ ਨੂੰ ਮਜਬੂਤ ਕਰਨ ਵਿੱਚ ਆਪਣਾ ਅਹਿਮ ਯੋਗਦਾਨ ਦੇ ਰਹੀ ਹੈ। ਉਨ੍ਹਾਂ ਨੇ ਮਹਿਲਾ ਉਦਮੀਆਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਉਤਪਾਦਾਂ ਦਾ ਨਿਰਮਾਣ ਕਰਨ ਜੋ ਗੁਣਵੱਤਾ ਅਤੇ ਸ਼ਿਲਪ ਦੀ ਦ੍ਰਿਸ਼ਟੀ ਨਾਲ ਵਿਦੇਸ਼ ਉਤਪਾਦਾਂ ਨੂੰ ਸਖਤ ਟੱਕਰ ਦੇਣ।ਇਸ ਮੌਕੇ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੈ ਹਰਿਆਣਾ ਰਾਜ ਗ੍ਰਾਮ ਆਜੀਵਿਕਾ ਮਿਸ਼ ਦੇ ਦੋ ਆਨਲਾਹਿਨ ਪੋਰਟਲ-ਸਵਾਪਨ ਡਿਜੀਟਲ ਗ੍ਰਾਮ ਬਾਜਾਰ ਪੋਰਟਲ ਅਤੇ ਸਾਂਝਾ ਬਾਜਾਰ ਸੇਲਸ ਪੋਰਟਲ ਦੀ ਉਦਘਾਟਨ ਕੀਤਾ।

ਸਵਾਪਨ ਡਿਜੀਟਲ ਗ੍ਰਾਮ ਬਾਜਾਰ ਪੋਰਟਲ ਇੱਕ ਏਕੀਕ੍ਰਿਤ ਈ-ਕਾਮਰਸ ਪਲੇਟਫਾਰਮ ਹੈ, ਜਿਸ ਦੇ ਰਾਹੀਂ ਹਰਿਆਨਾਂ ਦੇ ਸਵੈ ਸਹਾਇਤਾ ਸਮੂਹਾਂ ਵੱਲੋਂ ਨਿਰਮਾਣਤ ਉਤਪਾਦਾਂ ਦੀ ਵਿਸ਼ਵ ਪੱਧਰ 'ਤੇ ਪ੍ਰਦਰਸ਼ਨ ਅਤੇ ਵਿਕਰੀ ਕੀਤੀ ਜਾ ਸਕੇਗੀ। ਇਸ ਪਹਿਲ ਤੋਂ ਗ੍ਰਾਮੀਣ ਮਹਿਲਾਵਾਂ ਦੀ ਆਜੀਵਿਕਾ ਵਧੇਗੀ ਅਤੇ ਆਰਥਕ ਸੁਤੰਤਰਤਾ ਮਜਬੂਤ ਹੋਵੇਗੀ। ਇਹ ਆਨਲਾਇਨ ਖੁਦਰਾ ਮੰਚ ਐਸਐਚਜੀ ਨੂੰ ਆਪਣੇ ਉਤਪਾਦ ਰਜਿਸਟਰਡ ਕਰਨ, ਆਡਰ ਪ੍ਰਾਪਤ ਕਰਨ, ਵਿਕਰੀ ਦੇ ਰਿਕਾਰਡ ਦੇਖਣ ਅਤੇ ਸੂਬਾ ਅਤੇ ਰਾਸ਼ਟਰੀ ਪੱਧਰ ਦੇ ਗ੍ਰਾਹਕਾਂ ਤੱਕ ਪਹੁੰਚਣ ਦੀ ਸਹੂਲਤ ਪ੍ਰਦਾਨ ਕਰੇਗਾ।

ਇਸੀ ਤਰ੍ਹਾ ਸਾਂਝਾ ਬਾਜਾਰ ਸੇਲਸ ਪੋਰਟਲ ਰਾਹੀਂ ਐਸਐਚਜੀ ਨੂੰ ਲਗਾਤਾਰ ਬਾਜਾਰ ਉਪਲਬਧਤਾ, ਸਟਾਲ ਅਲਾਟਮੇਂਟ ਵਿੱਚ ਪਾਰਦਰਸ਼ਿਤਾ, ਰਿਅਲ-ਟਾਇਮ ਸੇਲਸ ਟ੍ਰੈਕਿੰਗ ਅਤੇ ਉਤਪਾਦ ਪ੍ਰਦਰਸ਼ਨ ਦੇ ਵਿਸ਼ਲੇਸ਼ਣ ਵਰਗੀ ਸਹੂਲਤਾਂ ਪ੍ਰਾਪਤ ਹੋਣਗੀਆਂ। ਇਹ ਪੋਰਟਲ ਸਾਝਾ ਬਾਜਾਰ, ਬੱਸ ਸਟੈਂਡ ਸ਼ਾਪਸ, ਪਿੰਡ ਦੁਕਾਨਾਂ, ਕੈਂਟੀਨ, ਸਰਸ ਮੇਲਾ ਅਤੇ ਮਾਲ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਇਸ ਮੇਲੇ ਵਿੱਚ ਸਾਡੀ ਭੈਣਾਂ ਦੀ ਭਾਗੀਦਾਰੀ ਵੱਧ ਹੈ। ਇਹ ਮਹਿਲਾ ਸਸ਼ਕਤੀਕਰਣ ਦਾ ਇੱਕ ਮੰਚ ਬਣ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਪੂਰੇ ਦੇਸ਼ ਵਿੱਚ ਮਹਿਲਾਵਾਂ ਦੀ ਆਰਥਕ ਆਜਾਦੀ ਵਿੱਚ ਸਵੈ ਸਹਾਇਤਾ ਸਮੂਹਾਂ ਦਾ ਮਹਤੱਵਪੂਰਣ ਯੋਗਦਾਨ ਹੈ। ਉਨ੍ਹਾਂ ਨੇ ਕਿਹਾ ਕਿ ਸਵੈ ਸਹਾਇਤਾ ਸਮੂਹਾਂ ਦੇ ਕੰਮ ਦੀ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਵੀ ਪ੍ਰਸੰਸਾਂ ਕੀਤੀ ਹੈ। ਉਨ੍ਹਾਂ ਨੇ 28 ਜੁਲਾਈ, 2024 ਨੂੰ ਮਨ ਕੀ ਬਾਤ ਪ੍ਰੋਗਰਾਮ ਵਿੱਚ ਰੋਹਤਕ ਜਿਲ੍ਹਾ ਦੇ ਹਥਕਰਘਾ ਉਦਯੋਗ ਦਾ ਜਿਕਰ ਕੀਤਾ ਹੈ। ਉਸ ਉਦਯੋਗ ਵਿੱਚ ਲੱਗੀਆਂ ਭੈਣਾਂ ਦੀ ਮਿਹਨਤ ਅਤੇ ਸਕਿਲ ਦਾ ਤਾਰੀਫ ਕੀਤੀ ਹੈ। ਉਸ ਵਿੱਚ ਰੋਹਤਕ ਜਿਲ੍ਹਾ ਦੀ 250 ਤੋਂ ਵੱਧ ਮਹਿਲਾਵਾਂ ਬਲਾਕ ਪ੍ਰਿੰਟਿੰਗ ਅਤੇ ਰੰਗਾਈ ਦਾ ਕੰਮ ਕਰਦੀਆਂ ਹਨ। ਉਨ੍ਹਾਂ ਸਵੈ ਸਹਾਇਤਾ ਸਮੂਹਾਂ ਨਾਲ ਜੁੜ ਕੇ ਟ੍ਰੇਨਿੰਗ ਹਾਸਲ ਕੀਤੀ ਹੈ। ਇਸੀ ਤਰ੍ਹਾ ਦੇ ਉਦਯੋਗਾਂ ਨੂੰ ਪ੍ਰੋਤਸਾਹਨ ਦੇਣ ਲਈ ਰਾਜ ਸਰਕਾਰ ਨੇ ਹਰਿਆਣਾ ਰਾਜ ਗ੍ਰਾਮੀਣ ਆਜੀਵਿਕਾਸ ਮਿਸ਼ਨ ਦੀ ਸਥਾਪਨਾ ਕੀਤੀ ਸੀ। ਇਸ ਦੇ ਵੱਲੋਂ ਗ੍ਰਾਮੀਣ ਗਰੀਬ ਪਰਿਵਾਰਾਂ ਦੀ ਆਮਦਨ ਵਧਾ ਕੇ ਉਨ੍ਹਾਂ ਸਮਾਜ ਦੀ ਮੁੱਖ ਧਾਰਾ ਨਾਲ ਜੋੜਿਆ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮੇਲੇ ਵਿੱਚ ਮਹਿਲਾਵਾਂ ਦੇ ਹੱਥਾਂ ਨਾਲ ਬਣੇ ਉਤਪਾਦਾਂ ਨੂੰ ਦੇਖ ਕੇ ਉਨ੍ਹਾਂ ਨੇ ਮਹਿਸੂਸ ਕੀਤਾ ਹੈ ਕਿ ਜੇਕਰ ਉਨ੍ਹਾਂ ਨੂੰ ਮੌਕਾ ਦਿੱਤਾ ਜਾਵੇ, ਤਾਂ ਉਹ ਕਿਸੇ ਤੋਂ ਘੱਟ ਨਹੀਂ ਹਨ। ਅਜਿਹੇ ਉਤਪਾਦਾਂ ਨੂੰ ਵੇਚਣ ਲਈ ਸਾਰੀ ਜਿਲ੍ਹਾ ਮੁੱਖ ਦਫਤਰ 'ਤੇ ਸਾਂਝਾ ਬਾਜਾਰ ਦੀ ਵਿਵਸਥਾ ਕਰਵਾਈ ਜਾ ਰਹੀ ਹੈ। ਸੂਬੇ ਵਿੱਚ ਹੁਣ ਤੱਕ 10 ਸਾਂਝਾ ਬਾਜਾਰ ਬਣਾਂਏ ਜਾ ਚੁੱਕੇ ਹਨ। ਇਸ ਦੇ ਨਾਲ ਹੀ ਮਾਰਕਟਿੰਗ ਤੇ ਬ੍ਰਾਂਡਿੰਗ ਵਿੱਚ ਸਹਿਯੋਗ ਲਈ ਆਨਲਾਇਨ ਪਲੇਟਫਾਰਮ ਅਤੇ ਆਫਲਾਇਨ ਪਲੇਟਫਾਰਮ ਉਪਲਬਧ ਕਰਵਾਏ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਰਾਜ ਗ੍ਰਾਮੀਣ ਆਜੀਵਿਕਾ ਮਿਸ਼ਨ ਤਹਿਤ ਹੁਣ ਤੱਕ 60,554 ਸਵੈ ਸਹਾਇਤਾ ਸਮੂਹਾਂ ਵਿੱਚ 5 ਲੱਖ 98 ਹਜਾਰ ਪਰਿਵਾਰਾਂ ਨੂੰ ਜੋੜਿਆ ਹੈ। ਇੰਨ੍ਹਾਂ ਰਿਵਾਲਵਿੰਗ ਫੰਡ ਅਤੇ ਕਮਿਊਨਿਟੀ ਨਿਵੇਸ਼ ਨਿਧੀ ਵਜੋ ਸਰਲ ਕਰਜਾ ਵਜੋ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਹੁਣ ਤੱਕ 547 ਕਰੋੜ 89 ਲੱਖ ਰੁਪਏ ਦੀ ਵੱਖ-ਵੱਖ ਤਰ੍ਹਾ ਦੀ ਵਿੱਤੀ ਸਹਾਇਤਾ ਦਿੱਤੀ ਜਾ ਚੁੱਕੀ ਹੈ। ਸਰਕਾਰ ਨੇ ਕਮਿਊਨਿਟੀ ਨਿਵੇਸ਼ ਨਿਧੀ ਦੀ ਰਕਮ 50 ਹਜਾਰ ਤੋਂ ਵਧਾ ਕੇ 1 ਲੱਖ 50 ਹਜਾਰ ਰੁਪਏ ਕਰ ਦਿੱਤੀ ਹੈ। ਇਸ ਤੋਂ ਇਲਾਵਾ ਸਵੈ ਸਹਾਇਤਾ ਸਮੂਹਾਂ ਦੀ ਭੈਣਾਂ ਨੂੰ ਹੋਟਲ ਪ੍ਰਬੰਧਨ ਤੋਂ ਸਿਖਲਾਈ ਦਿਵਾਈ ਹੈ। ਅਜਿਹੀ ਭੇਣਾਂ ਸੂਬੇ ਵਿੱਚ ਲਗਭਗ 380 ਕੈਂਟੀਨ ਚਲਾ ਰਹੀਆਂ ਹਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਡਰੋਨ ਦੀਦੀ ਯੋਜਨਾ ਤਹਿਤ ਭੈਣਾਂ ਨੂੰ ਡਰੋਨ ਚਲਾਉਣ ਦੀ ਸਿਖਲਾਈ ਵੀ ਦਿੱਤੀ ਜਾ ਰਹੀ ਹੈ।

# ਮੇਅਰ ਪਦਮਜੀਤ ਸਿੰਘ ਮਹਿਤਾ ਨੇ ਕੀਤਾ ਵਾਰਡ ਨੰਬਰ 18 ਵਿੱਚ ਪ੍ਰੀਮਿਕਸ ਦੇ ਕੰਮ ਦਾ ਉਦਘਾਟਨ



**ਬਠਿੰਡਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਰ ਸ਼੍ਰੀ ਪਦਮਜੀਤ ਸਿੰਘ ਮਹਿਤਾ ਨੇ ਕੌਂਸਲਰ ਬਿਕਰਮ ਕ੍ਰਾਂਤੀ ਦੇ ਵਾਰਡ ਨੰਬਰ 18 ਵਿੱਚ ਸਥਿਤ ਊਧਮ ਸਿੰਘ ਨਗਰ ਵਿੱਚ ਲਗਭਗ 50 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਜਾ ਰਹੇ ਪ੍ਰੀਮਿਕਸ ਦੇ ਕੰਮ ਦਾ ਰਸਮੀ ਉਦਘਾਟਨ ਕੀਤਾ। ਇਸ ਮੌਕੇ ਵਾਰਡ ਕੌਂਸਲਰ ਬਿਕਰਮ ਕ੍ਰਾਂਤੀ ਦੀ ਪਤਨੀ ਸ਼੍ਰੀਮਤੀ ਯਸ਼ੋਦਾ ਭੈਣ ਅਤੇ ਇਲਾਕਾ ਨਿਵਾਸੀ ਮੌਜੂਦ ਸਨ।

ਇਸ ਦੌਰਾਨ ਮੇਅਰ ਸ਼੍ਰੀ ਮਹਿਤਾ ਨੇ ਦੱਸਿਆ ਕਿ ਨਗਰ ਨਿਗਮ, ਬਠਿੰਡਾ ਵਾਸੀਆਂ ਲਈ ਬਿਹਤਰ ਸਹੂਲਤਾਂ ਨੂੰ ਯਕੀਨੀ ਬਣਾਉਣ ਹਿਤ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾ ਰਿਹਾ ਹੈ। ਉਨ੍ਹਾਂ ਇਲਾਕੇ ਦਾ ਨਿਰੀਖਣ ਕੀਤਾ, ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ।

ਉਨ੍ਹਾਂ ਕਿਹਾ ਕਿ ਬਠਿੰਡਾ ਨੂੰ ਇੱਕ ਸੁੰਦਰ ਅਤੇ ਆਦਰਸ਼ ਸ਼ਹਿਰ ਵਿੱਚ ਬਦਲਣ ਲਈ ਕਈ ਵੱਡੇ ਪ੍ਰੋਜੈਕਟ ਚੱਲ ਰਹੇ ਹਨ ਅਤੇ ਊਧਮ ਸਿੰਘ ਨਗਰ, ਵਾਰਡ ਨੰਬਰ 18 ਵਿੱਚ ਇੱਕ ਕਮਿਊਨਿਟੀ ਸੈਂਟਰ ਦੀ ਉਸਾਰੀ ਜਲਦੀ ਹੀ ਸ਼ੁਰੂ ਹੋ ਜਾਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਕਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਬਠਿੰਡਾ ਵਿੱਚ ਵੀ ਜਲਦ ਹੀ ਵੱਡੇ ਵਿਕਾਸ ਕਾਰਜ ਸ਼ੁਰੂ ਹੋਣ ਜਾ ਰਹੇ ਹਨ।

# ਡਿਪਟੀ ਕਮਿਸ਼ਨਰ ਵੱਲੋਂ ਗਾਂਧੀ ਵਨੀਤਾ ਆਸ਼ਰਮ 'ਚ ਰਹਿਣ ਵਾਲੀ ਲੜਕੀ ਦੀ ਮੌਤ ਦੀ ਜਾਂਚ ਦੇ ਹੁਕਮ

**ਜਲੰਧਰ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸ਼ਨੀਵਾਰ ਨੂੰ ਗਾਂਧੀ ਵਨੀਤਾ ਆਸ਼ਰਮ ਵਿੱਚ ਰਹਿਣ ਵਾਲੀ ਇਕ ਲੜਕੀ ਦੀ ਮੌਤ ਦੀ ਜਾਂਚ ਦੇ ਹੁਕਮ ਦਿੱਤੇ, ਜੋ ਸ਼ੁੱਕਰਵਾਰ ਰਾਤ ਬਾਥਰੂਮ ਵਿੱਚ ਡਿਗੀ ਹੋਈ ਹਾਲਤ ਵਿੱਚ ਮਿਲੀ ਸੀ। ਅਧਿਕਾਰੀਆਂ ਵੱਲੋਂ ਤੁਰੰਤ ਉਸਨੂੰ ਨੇੜਲੇ ਨਰਸਿੰਗ ਹੋਮ ਪਹੁੰਚਾਇਆ ਗਿਆ, ਜਿੱਥੋਂ ਉਸਨੂੰ ਸਿਵਲ ਹਸਪਤਾਲ ਜਲੰਧਰ ਰੈਫਰ ਕਰ ਦਿੱਤਾ ਗਿਆ, ਜਿਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ।

ਡਾ. ਅਗਰਵਾਲ ਨੇ ਸਬੰਧਤ ਐਸ.ਡੀ.ਐਮ. ਨੂੰ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਕੇ ਦੋ ਹਫਤਿਆਂ ਦੇ ਅੰਦਰ ਵਿਸਥਾਰਿਤ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਇਸ ਦੌਰਾਨ ਅਧਿਕਾਰੀਆਂ ਵੱਲੋਂ ਲੜਕੀ ਦੇ ਮਾਤਾ-ਪਿਤਾ ਨੂੰ ਘਟਨਾ ਸਬੰਧੀ ਸੂਚਨਾ ਦੇ ਦਿੱਤੀ ਗਈ ਹੈ ਤਾਂ ਜੋ ਅਗਲੇਰੀ ਹੋਰ ਕਾਰਵਾਈ ਸ਼ੁਰੂ ਕੀਤੀ ਜਾ ਸਕੇ।

ਪੋਸਟਮਾਰਟਮ ਕਰਨ ਲਈ ਇੱਕ ਮੈਡੀਕਲ ਬੋਰਡ ਦਾ ਗਠਨ ਕੀਤਾ ਗਿਆ ਹੈ, ਜੋ ਇਹ ਯਕੀਨੀ ਬਣਾਏਗਾ ਕਿ ਸਾਰੀਆਂ ਮੈਡੀਕਲ-ਕਾਨੂੰਨੀ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਜਾਵੇ।

ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਫੌਰੈਂਸਿਕ ਮਾਹਰਾਂ ਅਤੇ ਪੁਲਿਸ ਟੀਮਾਂ ਵੱਲੋਂ ਵੀ ਆਪਣੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜ਼ਿਲ੍ਹਾ ਪ੍ਰਸ਼ਾਸਨ ਨੇ ਘਟਨਾ ਦੀ ਪਾਰਦਰਸ਼ੀ ਅਤੇ ਵਿਆਪਕ ਜਾਂਚ ਦਾ ਭਰੋਸਾ ਦਿੱਤਾ ਹੈ।

# ਪ੍ਰਦੂਸ਼ਣ ਕਾਰਨ ਸੁਪਰੀਮ ਕੋਰਟ ਵਿੱਚ ਸਿਰ਼ਫ ਵਰਚੁਅਲ ਸੁਣਵਾਈਆਂ ਲਈ ਵਿਚਾਰ ਹੋ ਸਕਦੈ: ਚੀ਼ਫ ਜਸਟਿਸ

## ਸੈਰ ਲਈ ਗਏ ਤਾਂ ਤਬੀਅਤ ਖਰਾਬ ਮਹਿਸੂਸ ਹੋਈ: ਸੀਜੇਆਈ ਸੂਰਿਆ ਕਾਂਤ

**ਨਵੀਂ ਦਿੱਲੀ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚੀਫ਼ ਜਸਟਿਸ ਸੂਰਿਆ ਕਾਂਤ ਨੇ ਗੰਭੀਰ ਹਵਾ ਪ੍ਰਦੂਸ਼ਣ ਕਾਰਨ ਸੁਪਰੀਮ ਕੋਰਟ ਦੀਆਂ ਸੁਣਵਾਈਆਂ ਨੂੰ ਸਿਰਫ਼ ਵਰਚੁਅਲ ਮੋਡ ਵਿੱਚ ਤਬਦੀਲ ਕਰਨ ਦੀ ਸੰਭਾਵਨਾ 'ਤੇ ਵਿਚਾਰ ਕਰਦੇ ਹੋਏ ਕਿਹਾ ਕਿ ਇੱਕ ਦਿਨ ਪਹਿਲਾਂ ਜਦੋਂ ਉਹ ਇੱਕ ਘੰਟੇ ਦੀ ਸੈਰ ਲਈ ਗਏ ਸਨ ਤਾਂ ਉਨ੍ਹਾਂ ਦੀ ਤਬੀਅਤ ਖਰਾਬ ਹੋ ਗਈ ਸੀ।

ਕਾਂਤ ਨੇ ਕਿਹਾ ਕਿ ਉਹ ਬਾਰ (ਵਕੀਲਾਂ ਦੇ ਸਮੂਹ) ਨਾਲ ਸਲਾਹ ਕਰਨ ਤੋਂ ਬਾਅਦ ਫੈਸਲਾ ਲੈਣਗੇ, ਹਾਲਾਂਕਿ ਅਦਾਲਤ ਵਿੱਚ 60 ਸਾਲ ਤੋਂ ਵੱਧ ਉਮਰ ਦੇ ਵਕੀਲਾਂ ਲਈ ਵਰਚੁਅਲ ਸੁਣਵਾਈਆਂ ਦੀ ਇਜਾਜ਼ਤ ਦੇਣ ਦਾ ਵਿਚਾਰ ਵੀ ਸਾਹਮਣੇ ਆਇਆ ਸੀ।

ਚੀਫ਼ ਜਸਟਿਸ ਨੇ ਇਹ ਟਿੱਪਣੀਆਂ ਤਾਮਿਲਨਾਡੂ, ਕੇਰਲ, ਪੱਛਮੀ ਬੰਗਾਲ ਅਤੇ ਹੋਰ ਰਾਜਾਂ ਵਿੱਚ ਵੋਟਰ ਸੂਚੀਆਂ ਦੀ ਐੱਸਆਈਆਰ ਕਰਵਾਉਣ ਦੇ ਚੋਣ ਕਮਿਸ਼ਨ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਦੀ ਸ਼ੁਰੂਆਤ ਵਿੱਚ ਕੀਤੀਆਂ। ਚੋਣ ਕਮਿਸ਼ਨ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਕੇਸ਼ ਦਿਵੇਦੀ ਨੇ ਨਿੱਜੀ ਤੌਰ 'ਤੇ ਹਾਜ਼ਰ ਹੋਣ ਤੋਂ ਛੋਟ ਦੀ ਮੰਗ ਕੀਤੀ।

ਦਿਵੇਦੀ ਨੇ ਕਿਹਾ, ਮੈਨੂੰ ਸਾਹ ਦੀ ਸਮੱਸਿਆ ਹੈ... ਕਿਰਪਾ ਕਰਕੇ ਮੇਰੇ ਸਹਿਯੋਗੀ ਨੂੰ ਨੋਟਸ ਲੈਣ ਦੀ ਆਗਿਆ ਦਿਓ। ਮੈਂ ਅਗਲੀ ਤਰੀਕ 'ਤੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਣਾ ਚਾਹੁੰਦਾ ਹਾਂ, ਉਨ੍ਹਾਂ ਅੱਗੇ ਕਿਹਾ ਕਿ ਸਵੇਰ ਦੀ ਸੈਰ ਕਰਨ ਤੋਂ ਬਾਅਦ ਉਨ੍ਹਾਂ ਨੂੰ ਕੁਝ ਸਮੱਸਿਆਵਾਂ ਆ ਰਹੀਆਂ ਹਨ।

ਉਨ੍ਹਾਂ ਕਿਹਾ, ਮੈਂ ਤੁਹਾਡੀ ਇਜਾਜ਼ਤ ਚਾਹੁੰਦਾ ਹਾਂ। ਮੈਨੂੰ ਆਨਲਾਈਨ ਪੇਸ਼ ਹੋਣ ਦੀ ਇਜਾਜ਼ਤ ਦਿੱਤੀ ਜਾਵੇ, ਮੇਰੀ ਤਬੀਅਤ ਠੀਕ ਨਹੀਂ ਹੈ। ਸੀਨੀਅਰ ਵਕੀਲ ਕਪਿਲ ਸਿੱਬਲ ਨੇ ਸਹਿਮਤੀ ਜਤਾਉਂਦੇ ਹੋਏ ਕਿਹਾ, ਸਾਡੀ ਉਮਰ ਵਿੱਚ, ਅਸੀਂ ਇਸ ਖਤਰਨਕਾ ਹਵਾ ਵਿੱਚ ਸਾਹ ਲੈ ਰਹੇ ਹਾਂ ਜਦੋਂ ਏਅਰ ਕੁਆਲਿਟੀ ਇੰਡੈਕਸ (AQI) 400-500 ਹੈ।

ਸੀ.ਜੇ.ਆਈ. ਨੇ ਕਿਹਾ, ਕੱਲ੍ਹ, ਮੈਂ ਇੱਕ ਘੰਟੇ ਲਈ ਸੈਰ ਕਰਨ ਗਿਆ ਸੀ। ਮੈਂ ਠੀਕ ਮਹਿਸੂਸ ਨਹੀਂ ਕਰ ਰਿਹਾ ਸੀ। ਫਿਰ, 60 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਕੀਲਾਂ ਨੂੰ ਨਿੱਜੀ ਤੌਰ 'ਤੇ ਸੁਣਵਾਈ ਤੋਂ ਬਾਹਰ ਰੱਖਣ ਦੀ ਸੰਭਾਵਨਾ 'ਤੇ ਵਿਚਾਰ ਕੀਤਾ ਗਿਆ। ਸੀ ਜੇ ਆਈ ਨੇ ਅੱਗੇ ਕਿਹਾ, ਜੇ ਮੈਂ ਕੋਈ ਫੈਸਲਾ ਲੈਂਦਾ ਹਾਂ, ਤਾਂ ਅਸੀਂ ਪਹਿਲਾਂ ਬਾਰ ਨੂੰ ਭਰੋਸੇ ਵਿੱਚ ਲਵਾਂਗੇ। ਅਸੀਂ ਵਕੀਲਾਂ ਅਤੇ ਮੁਕੱਦਮੇਬਾਜ਼ਾਂ ਨੂੰ ਦਰਪੇਸ਼ ਮੁਸ਼ਕਲਾਂ ਨੂੰ ਦੇਖਾਂਗੇ... ਜੇ ਸਾਨੂੰ ਕੋਈ ਪ੍ਰਸਤਾਵ ਮਿਲਦਾ ਹੈ, ਤਾਂ ਅਸੀਂ ਕੁਝ ਕਰਾਂਗੇ। ਮੈਂ ਸ਼ਾਮ ਨੂੰ ਅਹੁਦੇਦਾਰਾਂ ਨੂੰ ਮਿਲਾਂਗਾ ਅਤੇ ਕੁਝ ਕਦਮ ਚੁੱਕਾਂਗਾ।

ਵਰਤਮਾਨ ਵਿੱਚ ਸੁਪਰੀਮ ਕੋਰਟ ਹਾਈਬ੍ਰਿਡ ਮੋਡ ਰਾਹੀਂ ਕੰਮ ਕਰਦੀ ਹੈ ਜਿੱਥੇ ਕਾਰਵਾਈ ਭੌਤਿਕ ਅਤੇ ਵਰਚੁਅਲ ਦੋਵੇਂ ਮੋਡਾਂ ਰਾਹੀਂ ਕੀਤੀ ਜਾਂਦੀ ਹੈ। ਜ਼ਿਕਰਯੋਗ ਬੁੱਧਵਾਰ ਸਵੇਰੇ ਕੌਮੀ ਰਾਜਧਾਨੀ ਵਿੱਚ ਹਵਾ ਦੀ ਗੁਣਵੱਤਾ 'ਬਹੁਤ ਖਰਾਬ' ਸ਼੍ਰੇਣੀ ਵਿੱਚ ਦਰਜ ਕੀਤੀ ਗਈ, ਜਿਸ ਦਾ AQI ਰੇਡਿੰਗ 335 ਰਿਹਾ।

# ਕਿਸਾਨ ਅੰਦੋਲਨ ਦੀ ਪੰਜਵੀਂ ਵਰ੍ਹੇਗੰਢ ਉੱਤੇ ਚੰਡੀਗੜ੍ਹ ਵਿੱਚ ਗਰਜੇ ਕਿਸਾਨ



**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਵੱਲੋਂ ਕਿਸਾਨ ਅੰਦੋਲਨ ਦੀ ਪੰਜਵੀਂ ਵਰ੍ਹੇਗੰਢ ਮੌਕੇ ਚੰਡੀਗੜ੍ਹ ਦੇ ਸੈਕਟਰ- 43 ਵਿੱਚ ਵੱਡਾ ਇਕੱਠ ਕੀਤਾ ਗਿਆ। ਇਸ ਮੌਕੇ ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਕਿਸਾਨ ਸ਼ਾਮਲ ਹੋਏ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਕੇਂਦਰ ਸਰਕਾਰ ਨੇ ਜੋ ਵਾਅਦੇ ਕੀਤੇ ਸਨ ਉਹ ਚਾਰ ਸਾਲ ਬਾਅਦ ਵੀ ਪੂਰੇ ਨਹੀਂ ਹੋ ਸਕੇ ਹਨ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤ ਕਿਸਾਨਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਕੱਠ ਵਿਚ ਪੰਜਾਬ ਭਰ ਤੋਂ ਸੰਯੁਕਤ ਕਿਸਾਨ ਮੋਰਚਾ ਨਾਲ ਸਬੰਧਤ ਕਿਸਾਨ ਜਥੇਬੰਦੀਆਂ ਅਤੇ ਹੋਰਨਾਂ ਟ੍ਰੇਡ ਯੂਨੀਅਨਾਂ ਦੇ ਆਗੂ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਹਨ।

ਉਧਰ ਚੰਡੀਗੜ੍ਹ ਪੁਲੀਸ ਨੇ ਇਕੱਠ ਦੇ ਮੱਦੇਨਜ਼ਰ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਹਨ। ਪੁਲੀਸ ਨੇ ਕਿਸਾਨਾਂ ਦੇ ਇਕੱਠ ਅਤੇ ਪੰਜਾਬ ਯੂਨੀਵਰਸਿਟੀ ਵਿੱਚ ਹੋਣ ਵਾਲੇ ਪ੍ਰਦਰਸ਼ਨ ਕਰਕੇ 3000 ਦੇ ਕਰੀਬ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਹੈ। ਸੰਯੁਕਤ ਕਿਸਾਨ ਮੋਰਚਾ ਵੱਲੋਂ ਸਟੇਜ ਤੋਂ ਐੱਮਐੱਸਪੀ ਦੀ ਕਾਨੂੰਨੀ ਗਰੰਟੀ ਸਮੇਤ ਕਿਸਾਨ ਅੰਦੋਲਨ ਦੀਆਂ ਬਕਾਇਆ ਮੰਗਾਂ ਅਤੇ ਹੋਰ ਕਿਸਾਨਾਂ ਦੇ ਮੁੱਦਿਆਂ ਨੂੰ ਜ਼ੋਰ ਸ਼ੋਰ ਨਾਲ ਚੁੱਕਿਆ ਜਾ ਰਿਹਾ ਹੈ। ਉਨ੍ਹਾਂ ਵੱਲੋਂ ਕੇਂਦਰ ਤੇ ਸੂਬਾ ਸਰਕਾਰ ਦੇ ਨਾਮ ਮੰਗ ਪੱਤਰ ਵੀ ਭੇਜੇ ਜਾਣਗੇ।

ਕਿਸਾਨ ਆਗੂ ਰਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਕਿਸਾਨਾਂ ਨੂੰ ਬਿਲਕੁਲ ਅਣਗੌਲਿਆਂ ਕਰ ਦਿੱਤਾ ਗਿਆ ਹੈ ਜਿਸ ਕਰਕੇ ਦੋਵੇਂ ਹੀ ਕਿਸਾਨ ਵਿਰੋਧੀ ਫੈਸਲੇ ਲੈਣ ਲੱਗੇ ਹੋਏ ਹਨ।

ਉਨ੍ਹਾਂ ਕਿਹਾ ਕਿ ਅੱਜ ਮੋਰਚੇ ਵੱਲੋਂ ਬਿਜਲੀ ਸੋਧ ਬਿਲ 2025, ਨਵੇਂ ਕਿਰਤ ਕਾਨੂੰਨ ਅਤੇ ਕੇਂਦਰ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਸਮਝੌਤਿਆਂ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਵੇਗੀ। ਇਸ ਦੇ ਨਾਲ ਹੀ ਪੰਜਾਬ ਸਰਕਾਰ ਤੋਂ ਵੀ ਪੰਜਾਬ ਦੇ ਹੜ੍ਹ ਪੀੜਤ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਦਿਵਾਉਣ ਦੀ ਮੰਗ ਕੀਤੀ ਜਾਵੇਗੀ।

# ਸੰਵਿਧਾਨ ਦਿਵਸ: ਸੰਵਿਧਾਨਕ ਜ਼ਿੰਮੇਵਾਰੀਆਂ ਮਜ਼ਬੂਤ ਜਮਹੂਰੀਅਤ ਦੀ ਨੀਂਹ: ਮੋਦੀ

**ਨਵੀਂ ਦਿੱਲੀ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਨਾਗਰਿਕਾਂ ਨੂੰ ਆਪਣੇ ਸੰਵਿਧਾਨਕ ਫਰਜ਼ਾਂ ਨੂੰ ਪੂਰਾ ਕਰਨ ਦੀ ਅਪੀਲ ਕੀਤੀ ਅਤੇ ਜ਼ੋਰ ਦੇ ਕੇ ਕਿਹਾ ਕਿ ਉਹ ਇੱਕ ਮਜ਼ਬੂਤ ਲੋਕਤੰਤਰ ਦੀ ਨੀਂਹ ਹਨ।

ਸੰਵਿਧਾਨ ਦਿਵਸ ਮੌਕੇ ਨਾਗਰਿਕਾਂ ਨੂੰ ਲਿਖੇ ਇੱਕ ਪੱਤਰ ਵਿੱਚ ਪ੍ਰਧਾਨ ਮੰਤਰੀ ਨੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਲੋਕਤੰਤਰ ਨੂੰ ਮਜ਼ਬੂਤ ਕਰਨ ਦੀ ਜ਼ਿੰਮੇਵਾਰੀ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਸੁਝਾਅ ਦਿੱਤਾ ਕਿ ਸਕੂਲਾਂ ਅਤੇ ਕਾਲਜਾਂ ਨੂੰ 18 ਸਾਲ ਦੇ ਹੋਣ ਵਾਲੇ ਪਹਿਲੀ ਵਾਰ ਦੇ ਵੋਟਰਾਂ ਦਾ ਸਨਮਾਨ ਕਰਕੇ ਸੰਵਿਧਾਨ ਦਿਵਸ ਮਨਾਉਣਾ ਚਾਹੀਦਾ ਹੈ। ਇਸ ਮੌਕੇ ਮੋਦੀ ਨੇ ਮਹਾਤਮਾ ਗਾਂਧੀ ਦੇ ਵਿਸ਼ਵਾਸ ਨੂੰ ਯਾਦ ਕੀਤਾ ਕਿ ਅਧਿਕਾਰ ਫਰਜ਼ਾਂ ਦੀ ਅਦਾਇਗੀ ਤੋਂ ਪੈਦਾ ਹੁੰਦੇ ਹਨ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਫਰਜ਼ਾਂ ਨੂੰ ਨਿਭਾਉਣਾ ਸਮਾਜਿਕ ਅਤੇ ਆਰਥਿਕ ਤਰੱਕੀ ਦੀ ਨੀਂਹ ਹੈ। ਉਨ੍ਹਾਂ ਪੱਤਰ ਵਿੱਚ ਕਿਹਾ ਅੱਜ ਲਏ ਗਏ ਫੈਸਲੇ ਅਤੇ ਨੀਤੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਜੀਵਨ ਨੂੰ ਰੂਪ ਦੇਣਗੀਆਂ। ਉਨ੍ਹਾਂ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਜਦੋਂ ਭਾਰਤ 'ਵਿਕਸਿਤ ਭਾਰਤ' ਦੇ ਸੁਪਨੇ ਵੱਲ ਵਧ ਰਿਹਾ ਹੈ, ਤਾਂ ਉਹ ਆਪਣੇ ਫਰਜ਼ਾਂ ਨੂੰ ਸਭ ਤੋਂ ਪਹਿਲਾਂ ਆਪਣੇ ਮਨ ਵਿੱਚ ਰੱਖਣ। ਮੋਦੀ ਨੇ 'X' 'ਤੇ ਇੱਕ ਵੱਖਰੀ ਪੋਸਟ ਵਿੱਚ ਕਿਹਾ, "ਸਾਡਾ ਸੰਵਿਧਾਨ ਮਨੁੱਖੀ ਮਾਣ, ਸਮਾਨਤਾ ਅਤੇ ਆਜ਼ਾਦੀ ਨੂੰ ਅਤਿਅੰਤ ਮਹੱਤਵ ਦਿੰਦਾ ਹੈ। ਜਿੱਥੇ ਇਹ ਸਾਨੂੰ ਅਧਿਕਾਰਾਂ ਨਾਲ ਸ਼ਕਤੀ ਪ੍ਰਦਾਨ ਕਰਦਾ ਹੈ, ਉੱਥੇ ਇਹ ਸਾਨੂੰ ਇੱਕ ਨਾਗਰਿਕ ਵਜੋਂ ਸਾਡੇ ਫਰਜ਼ਾਂ ਦੀ ਵੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਨੂੰ ਸਾਨੂੰ ਹਮੇਸ਼ਾ ਪੂਰਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਫਰਜ਼ ਇੱਕ ਮਜ਼ਬੂਤ ਲੋਕਤੰਤਰ ਦੀ ਨੀਂਹ ਹਨ।"

ਉਨ੍ਹਾਂ ਸੰਵਿਧਾਨਘਾੜਿਆਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ। ਮੋਦੀ ਨੇ ਕਿਹਾ, ਉਨ੍ਹਾਂ ਦਾ ਦ੍ਰਿਸ਼ਟੀਕੋਣ ਅਤੇ ਦੂਰਅੰਦੇਸ਼ੀ 'ਵਿਕਸਿਤ ਭਾਰਤ' ਦੀ ਸਾਡੀ ਖੋਜ ਵਿੱਚ ਸਾਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ।

# ਮੌਕ ਸੈਸ਼ਨ ਦੌਰਾਨ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ

- ਵਿਦਿਆਰਥੀ ਸਪੀਕਰ ਨੇ ਪੂਰੀ ਪਕੜ ਨਾਲ ਚਲਾਈ ਵਿਧਾਨ ਸਭਾ ਦੀ ਕਾਰਵਾਈ
- ਧੂਰੀ ਤੋਂ ਆਏ ਵਿਦਿਆਰਥੀ ਨੇ ਨੇਤਾ ਸਦਨ ਵਜੋਂ ਵਿਰੋਧੀ ਧਿਰ ਨੂੰ ਲਗਾਏ ਰਗੜੇ



**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਸੰਵਿਧਾਨ ਦਿਵਸ ਮੌਕੇ ਅੱਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਵੇਂ ਸ਼ਹੀਦੀ ਦਿਹਾੜੇ ਸਬੰਧੀ ਸਥਾਪਤ ਕੀਤੀ ਗਈ ਪੰਜਾਬ ਵਿਧਾਨ ਸਭਾ ਵਿਚ ਅੱਜ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦਾ ਵਿਧਾਨ ਸਭਾ ਦਾ ਮੌਕ ਸੈਸ਼ਨ ਕਰਵਾਇਆ ਗਿਆ।

ਭਾਵੇਂ ਇਹ ਇੱਕ ਮੌਕ ਸੈਸ਼ਨ ਸੀ ਪ੍ਰੰਤੂ ਜਿਸ ਤਰ੍ਹਾਂ ਪੰਜਾਬ ਦੇ 117 ਵਿਧਾਇਕਾਂ ਦੇ ਪ੍ਰਤੀਨਿਧਾਂ ਵਲੋਂ ਅੱਜ ਆਪਣੀ ਭੂਮਿਕਾ ਨਿਭਾਈ ਗਈ ਉਸ ਤੋਂ ਇੰਜ ਪ੍ਰਤੀਤ ਹੋ ਰਿਹਾ ਸੀ ਕਿ ਇਹ ਪੰਜਾਬ ਵਿਧਾਨ ਸਭਾ ਦਾ ਇਜਲਾਸ ਹੀ ਹੋਵੇ।

ਧੂਰੀ ਦੇ ਵਿਧਾਇਕ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਪ੍ਰਤੀਨਿਧ ਸਕੂਲ ਆਫ਼ ਐਮੀਨੈਂਸ ਘਨੌਰੀ ਕਲਾਂ ਦੇ ਵਿਦਿਆਰਥੀ ਹਰਿਕਮਲਦੀਪ ਸਿੰਘ ਨੇ ਸਦਨ ਦੀ ਪੂਰੀ ਕਾਰਵਾਈ ਦੌਰਾਨ ਵਿਰੋਧੀ ਧਿਰ ਦੇ ਹਮਲਿਆਂ ਨੂੰ ਤੱਥਾਂ ਦੇ ਆਧਾਰ 'ਤੇ ਬੇਅਸਰ ਕੀਤਾ।

ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦੇ ਪ੍ਰਤੀਨਿਧ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਕੋਟਧੰਦਲ ਦੇ ਵਿਦਿਆਰਥੀ ਹਰਪ੍ਰੀਤ ਸਿੰਘ ਨੇ ਪੰਜਾਬ ਨਾਲ ਸਬੰਧਤ ਕਈ ਮਸਲੇ ਚੁੱਕੇ ਅਤੇ ਉਨ੍ਹਾਂ ਦੀ ਮੁੱਖ ਮੰਤਰੀ ਦੇ ਪ੍ਰਤੀਨਿਧ ਨਾਲ ਕਈ ਵਾਰ ਤਕਰਾਰ ਹੋਈ।

ਵਿਧਾਨ ਸਭਾ ਹਲਕਾ ਕੋਟਕਪੂਰਾ ਤੋਂ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਦੇ ਪ੍ਰਤੀਨਿਧ ਕੁਲਤਾਰ ਸਿੰਘ ਸੰਧਵਾਂ ਦੇ ਪ੍ਰਤੀਨਿਧ ਐਚ.ਐਸ.ਐਨ. ਸਕੂਲ ਆਫ਼ ਐਮੀਨੈਂਸ ਜੈਤੋ ਦੇ ਵਿਦਿਆਰਥੀ ਜਗਮੰਦਰ ਸਿੰਘ ਨੇ ਸਦਨ ਦੀ ਕਾਰਵਾਈ ਨੂੰ ਬਾਖੂਬੀ ਚਲਾਇਆ ਅਤੇ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦੇ ਝਗੜੇ ਨੂੰ ਬਹੁਤ ਗੰਭੀਰਤਾ ਨਾਲ ਸੁਲਝਾਇਆ। ਸੈਸ਼ਨ ਦੌਰਾਨ ਉਨ੍ਹਾਂ ਨੇ ਕਾਰਵਾਈ ਦੋ ਵਾਰ ਸਥਗਿਤ ਕੀਤੀ।

ਸ੍ਰੀ ਅਨੰਦਪੁਰ ਸਾਹਿਬ ਤੋਂ ਵਿਧਾਇਕ ਅਤੇ ਪੰਜਾਬ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਪ੍ਰਤੀਨਿਧ ਸਕੂਲ ਆਫ਼ ਐਮੀਨੈਂਸ ਕੀਰਤਪੁਰ ਸਾਹਿਬ ਦੇ ਵਿਦਿਆਰਥੀ ਦਲਜੀਤ ਸਿੰਘ ਨੇ ਪੰਜਾਬ ਸਰਕਾਰ ਦੀ ਸਿੱਖਿਆ ਕ੍ਰਾਂਤੀ ਬਾਰੇ ਸਦਨ ਨੂੰ ਜਾਣੂ ਕਰਵਾਇਆ।

ਸੈਸ਼ਨ ਦੌਰਾਨ ਪੱਟੀ ਤੋਂ ਵਿਧਾਇਕ ਅਤੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਪ੍ਰਤੀਨਿਧ ਵਿਦਿਆਰਥੀ ਪੀ.ਐਮ.ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਰੀਕੇ ਪੱਤਣ ਦੇ ਗੁਰਸੇਵਕ ਸਿੰਘ ਵਲੋਂ ਨਿਭਾਈ ਗਈ ਭੂਮਿਕਾ ਨੂੰ ਦਰਸ਼ਕ ਨੇ ਬਹੁਤ ਸਲਾਹਿਆ।

ਗੁਰਸੇਵਕ ਸਿੰਘ ਨੇ ਪੂਰੀ ਕਾਰਵਾਈ ਦੌਰਾਨ ਵਿਰੋਧੀ ਧਿਰ ਵਲੋਂ ਸਰਕਾਰ ਉਤੇ ਚੁੱਕੇ ਗਏ ਸਵਾਲਾਂ ਦਾ ਜ਼ੋਰ ਸੋਰ ਨਾਲ ਜਵਾਬ ਦਿੱਤਾ ਦਿੱਤੇ। ਗੁਰਸੇਵਕ ਸਿੰਘ ਦੀ ਸ਼ੈਲੀ ਇਸ ਤਰ੍ਹਾਂ ਸੀ ਜਿਵੇਂ ਉਹ ਸੀਨੀਅਰ ਵਿਧਾਨਕਾਰ ਹੋਵੇ।

# ਲਾਲ ਕਿਲ੍ਹਾ ਵਿਖੇ 350 ਸਾਲਾ ਸ਼ਹਾਦਤ ਗੁਰਮਤਿ ਸਮਾਗਮਾਂ ਦੀ ਰੂਹਾਨੀ ਸਮਾਪਤੀ : ਹਰਮੀਤ ਸਿੰਘ ਕਾਲਕਾ



**ਨਵੀਂ ਦਿੱਲੀ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਦਸਿਆ ਹੈ ਕਿ ਦਿੱਲੀ ਸਰਕਾਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਹਨਾਂ ਨਾਲ ਸ਼ਹੀਦ ਹੋਏ ਮਹਾਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰੂਹਾਨੀ ਗੁਰਮਤਿ ਸਮਾਗਮ ਦਾ ਆਖਰੀ ਦਿਨ 25 ਨਵੰਬਰ 2025 ਨੂੰ ਲਾਲ ਕਿਲ੍ਹਾ ਮੈਦਾਨ ਵਿਖੇ ਅਤਿ ਸ਼ਰਧਾ ਨਾਲ ਸੰਪੂਰਨ ਹੋਇਆ। ਉਨ੍ਹਾਂ ਦੱਸਿਆ ਕਿ ਲੱਖਾਂ ਦੀ ਗਿਣਤੀ ਵਿੱਚ ਸੰਗਤ ਨੇ ਪਹੁੰਚ ਕੇ ਬੇਅੰਤ ਸ਼ਰਧਾ, ਪਿਆਰ ਅਤੇ ਸਤਿਕਾਰ ਭੇਟ ਕੀਤਾ, ਜੋ ਗੁਰੂ ਸਾਹਿਬ ਲਈ ਕੌਮ ਦੇ ਅਟੁੱਟ ਭਰੋਸੇ ਅਤੇ ਸ਼ਰਧਾ ਦਾ ਜੀਉਂਦਾ ਸਬੂਤ ਹੈ।

ਇਸ ਪਵਿੱਤਰ ਸਮਾਗਮ ਵਿੱਚ ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਨੇ ਬੜੇ ਸਤਿਕਾਰ ਨਾਲ ਹਾਜ਼ਰੀ ਭਰੀ। ਉਨ੍ਹਾਂ ਦੇ ਨਾਲ ਦਿੱਲੀ ਦੇ ਲੈਫਟੀਨੈਂਟ ਗਵਰਨਰ ਸ੍ਰੀ ਵਿਨੈ ਕੁਮਾਰ ਸਕਸੇਨਾ, ਕੇਂਦਰੀ ਮੰਤਰੀ ਸ੍ਰੀ ਹਰਦੀਪ ਸਿੰਘ ਪੁਰੀ, ਮੁੱਖ ਮੰਤਰੀ ਦਿੱਲੀ ਸਰਕਾਰ ਸ੍ਰੀਮਤੀ ਰੇਖਾ ਗੁਪਤਾ ਅਤੇ ਦਿੱਲੀ ਸਰਕਾਰ ਦੇ ਹੋਰ ਕੈਬਨਿਟ ਮੰਤਰੀਆਂ ਨੇ ਸਮੂਹ ਸੰਗਤ ਦੇ ਨਾਲ ਮਿਲ ਕੇ ਗੁਰੂ ਮਹਾਰਾਜ ਦੇ ਦਰਬਾਰ ਵਿੱਚ ਮੱਥਾ ਟੇਕਿਆ ਅਤੇ ਸ਼ਰਧਾ ਭਰੀ ਹਾਜ਼ਰੀ ਭਰੀ।

ਸਰਦਾਰ ਕਾਲਕਾ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਤੁੱਲ ਅਤੇ ਅਮਰ ਕੁਰਬਾਨੀ ਧਰਮ ਦੀ ਰੱਖਿਆ, ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਅਤੇ ਸਰਬੱਤ ਦੇ ਭਲੇ ਲਈ ਦਿੱਤੀ ਗਈ ,ਸ਼ਹਾਦਤ ਪੂਰੀ ਮਨੁੱਖਤਾ ਲਈ ਨਿਡਰਤਾ, ਅਡਿੱਗਤਾ, ਸੇਵਾ ਅਤੇ ਸੱਚਾਈ ਦੇ ਰਸਤੇ 'ਤੇ ਤੁਰਨ ਦਾ ਅਨਮੋਲ ਪ੍ਰੇਰਨਾ ਸਰੋਤ ਹੈ।

# ਵਿਦਿਆਰਥੀ ਸੰਘਰਸ਼ ਤੇ ਕਿਸਾਨ ਰੈਲੀ ਕਰਕੇ ਪੰਜਾਬ ਯੂਨੀਵਰਸਿਟੀ ਦੇ ਗੇਟਾਂ ਉੱਤੇ ਚੰਡੀਗੜ੍ਹ ਪੁਲੀਸ ਦਾ ਸਖ਼ਤ ਪਹਿਰਾ

## 'ਵਰਸਿਟੀ ਦੇ ਗੇਟ ਖੁੱਲ੍ਹੇ, ਪਰ ਵੱਡੀ ਗਿਣਤੀ ਪੁਲੀਸ ਬਲ ਤਾਇਨਾਤ; ਬੈਰੀਕੇਡਿੰਗ ਤੇ ਹੋਰ ਰੋਕਾਂ ਲਾਈਆਂ

**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਯੂਨੀਵਰਸਿਟੀ (ਪੀਯੂ) ਦੇ ਵਾਈਸ ਚਾਂਸਲਰ ਦਫ਼ਤਰ ਦੇ ਬਾਹਰ ਬੁੱਧਵਾਰ ਨੂੰ ਕੀਤੇ ਗਏ ਵਿਰੋਧ ਪ੍ਰਦਰਸ਼ਨ ਵਿੱਚ ਥੋੜ੍ਹੀ ਜਿਹੀ ਭੀੜ ਇਕੱਠੀ ਹੋਈ। ਪ੍ਰਦਰਸ਼ਨਕਾਰੀ ਯੂਨੀਵਰਸਿਟੀ ਦੀਆਂ ਸੈਨੇਟ ਚੋਣਾਂ ਲਈ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਕਰ ਰਹੇ ਸਨ, ਪਰ ਕੈਂਪਸ ਵਿੱਚ ਮਾਹੌਲ ਸ਼ਾਂਤ ਰਿਹਾ। ਭੀੜ ਘੱਟ ਹੋਣ ਦਾ ਮੁੱਖ ਕਾਰਨ ਇਹ ਸੀ ਕਿ ਸ਼ਹਿਰ ਦਾ ਧਿਆਨ ਸੈਕਟਰ 43 ਦੇ ਦਸਹਿਰਾ ਗਰਾਊਂਡ ਵਿੱਚ ਹੋਏ ਵਿਸ਼ਾਲ ਕਿਸਾਨ ਪ੍ਰਦਰਸ਼ਨ ਵੱਲ ਚਲਾ ਗਿਆ।

ਪੰਜਾਬ ਦੇ ਕਿਸਾਨ ਸੰਗਠਨਾਂ ਦੀ ਇਸ ਮਹਾਪੰਚਾਇਤ ਕਾਰਨ ਪੁਲੀਸ ਬਲਾਂ, ਰਿਜ਼ਰਵ ਫੋਰਸ ਅਤੇ ਪ੍ਰਸ਼ਾਸਨ ਦਾ ਸਾਰਾ ਧਿਆਨ ਉਸ ਪਾਸੇ ਹੀ ਕੇਂਦਰਿਤ ਰਿਹਾ।

ਪ੍ਰਦਰਸ਼ਨਕਾਰੀਆਂ ਨੇ ਐਲਾਨ ਕੀਤਾ ਕਿ ਕਿਸਾਨ ਯੂਨੀਅਨਾਂ ਦੇ ਪ੍ਰਤੀਨਿਧੀ ਯੂਨੀਵਰਸਿਟੀ ਪਹੁੰਚਣਗੇ ਅਤੇ ਉੱਥੇ ਮੌਜੂਦ ਵਿਦਿਆਰਥੀਆਂ ਅਤੇ ਸਟਾਫ ਨੂੰ ਸੰਬੋਧਨ ਕਰਨਗੇ।

ਇਸ ਐਲਾਨ ਦੇ ਬਾਵਜੂਦ, ਸਵੇਰੇ ਕੈਂਪਸ ਵਿੱਚ ਭੀੜ ਸੀਮਤ ਰਹੀ। ਇਸ ਦੌਰਾਨ, ਯੂਥ ਕਾਂਗਰਸ ਵੀ ਵਿਦਿਆਰਥੀਆਂ ਦੇ ਸਮਰਥਨ ਵਿੱਚ ਪ੍ਰਦਰਸ਼ਨ ਕਰ ਰਹੀ ਹੈ।

ਪੰਜਾਬ ਯੂਥ ਕਾਂਗਰਸ ਦੇ ਵਿਰੋਧ ਪ੍ਰਦਰਸ਼ਨ ਦੇ ਮੱਦੇਨਜ਼ਰ ਸੈਕਟਰ 53-54 ਸਰਹੱਦ 'ਤੇ ਤਾਇਨਾਤ ਸੀਆਰਪੀਐਫ ਦੇ ਜਵਾਨ ਤੇ ਪੁਲੀਸ। ਟ੍ਰਿਬਿਊਨ ਫੋਟੋ: ਵਿੱਕੀ

ਪੀਯੂ ਬਚਾਓ ਮੋਰਚਾ - ਜੋ ਕਿ 50 ਤੋਂ ਵੱਧ ਵਿਦਿਆਰਥੀ ਸੰਗਠਨਾਂ, ਕਿਸਾਨ ਸੰਗਠਨਾਂ, ਸਮਾਜਿਕ ਸਮੂਹਾਂ ਅਤੇ ਕਰਮਚਾਰੀ ਯੂਨੀਅਨਾਂ ਦਾ ਸਾਂਝਾ ਪਲੇਟਫਾਰਮ ਹੈ, ਨੇ ਬੁੱਧਵਾਰ ਨੂੰ ਕੈਂਪਸ ਬੰਦ ਦਾ ਸੱਦਾ ਦਿੱਤਾ ਸੀ। 10 ਨਵੰਬਰ ਨੂੰ ਹੋਏ ਹਿੰਸਕ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ, ਯੂਨੀਵਰਸਿਟੀ ਕੈਂਪਸ ਅੱਜ ਬੰਦ ਰਿਹਾ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਸੈਨੇਟ ਚੋਣਾਂ ਦੀ ਮੰਗ ਨੂੰ ਲੈ ਕੇ ਚੱਲ ਰਹੇ ਵਿਦਿਆਰਥੀ ਸੰਘਰਸ਼ ਤੇ ਅੱਜ 26 ਨਵੰਬਰ ਨੂੰ ਕਿਸਾਨ ਅੰਦੋਲਨ ਦੀ ਪੰਜਵੀਂ ਵਰ੍ਹੇਗੰਢ ਮੌਕੇ ਵਿਦਿਆਰਥੀਆਂ ਦੇ ਦਬਾਅ ਹੇਠ ਪੰਜਾਬ ਯੂਨੀਵਰਸਿਟੀ ਅਥਾਰਿਟੀ ਪਹਿਲਾ ਹੀ ਛੁੱਟੀ ਕਰਕੇ ਬੈਕ ਫੁੱਟ 'ਤੇ ਆ ਚੁੱਕੀ ਹੈ।

# ਪੰਜਾਬ ਸਰਕਾਰ ਵੱਲੋਂ ਗੰਨੇ ਦੇ ਭਾਅ 'ਚ 15 ਰੁਪਏ ਦਾ ਵਾਧਾ



**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਗੰਨੇ ਦਾ ਭਾਅ 416 ਰੁਪਏ ਪ੍ਰਤੀ ਕੁਇੰਟਲ ਕਰਨ ਦਾ ਫੈਸਲਾ ਲਿਆ ਹੈ ਜੋ ਕਿ ਪਿਛਲੇ ਸਾਲ ਨਾਲੋਂ 15 ਰੁਪਏ ਵੱਧ ਹੈ।

ਮੁੱਖ ਮੰਤਰੀ ਭਗਵੰਤ ਮਾਨ ਕਿਸੇ ਵੇਲੇ ਵੀ ਅੱਜ ਇਸ ਦਾ ਰਸਮੀ ਐਲਾਨ ਕਰ ਸਕਦੇ ਹਨ।

ਹਰਿਆਣਾ ਸਰਕਾਰ ਨੇ ਇਸ ਸਾਲ ਗੰਨੇ ਦਾ ਭਾਅ 415 ਰੁਪਏ ਪ੍ਰਤੀ ਕੁਇੰਟਲ ਐਲਾਨਿਆ ਹੈ ਪ੍ਰੰਤੂ ਪੰਜਾਬ ਸਰਕਾਰ ਨੇ ਹਰਿਆਣਾ ਤੋਂ ਵੱਧ ਭਾਅ ਦੇਣ ਦਾ ਫੈਸਲਾ ਕੀਤਾ ਹੈ।

# ਕੁਰੂਕਸ਼ੇਤਰ ਵਿੱਚ ਸ਼ਰਧਾ ਅਤੇ ਸੰਸਕ੍ਰਿਤੀ ਦਾ ਮਹਾਸੰਗਮ, ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਸਮਾਗਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੀਤੀ ਸ਼ਿਰਕਤ

- ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਅਸਧਾਰਨ ਬਲਿਦਾਨ, ਉਨ੍ਹਾਂ ਦੀ ਸਿੱਖਿਆਵਾਂ ਅਤੇ ਹਿੰਮਤ ਨੇ ਪੀੜ੍ਹੀਆਂ ਨੂੰ ਦਿੱਤਾ ਵੀਰਤਾ ਦਾ ਸੰਦੇਸ਼-ਨਾਇਬ ਸਿੰਘ ਸੈਣੀ
- ਹਰਿਆਣਾ ਗੁਰੂਆਂ ਦੀ ਧਰਤੀ ਹੈ, ਅਸੀ ਨਵੀਂ ਪੀਢੀਆਂ ਨੂੰ ਉਨ੍ਹਾਂ ਦੇ ਸੰਦੇਸ਼ , ਆਦਰਸ਼ਾਂ ਅਤੇ ਵਿਚਾਰਾਂ ਨਾਲ ਪ੍ਰੇਰਿਤ ਕਰਨ ਲਈ ਕਰਦੇ ਰਹਿਣਗੇ ਲਗਾਤਾਰ ਯਤਨ:ਮੁੱਖ ਮੰਤਰੀ

**ਚੰਡੀਗੜ੍ਹ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੀਤਾ ਅਤੇ ਗੁਰੂਆਂ ਦੀ ਪਵਿੱਤਰ ਧਰਤੀ ਹਰਿਆਣਾ ਇੱਕ ਇਤਿਹਾਸਕ ਸਮੇ ਦੀ ਗਵਾਹ ਬਣੀ ਜਦੋਂ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਬਲਿਦਾਨ ਦਿਵਸ 'ਤੇ ਸੂਬਾ ਸਰਕਾਰ ਵੱਲੋਂ ਕੁਰੂਕਸ਼ੇਤਰ ਦੇ ਜੋਤੀਸਰ ਵਿੱਚ ਆਯੋਜਿਤ ਸਮਾਗਮ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸ਼ਿਰਕਤ ਕੀਤੀ।

ਇਸ ਪ੍ਰੋਗਰਾਮ ਵਿਚ ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼, ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ, ਕੇਂਦਰੀ ਊਰਜਾ ਅਤੇ ਸ਼ਹਿਰੀ ਮਾਮਲੇ ਮੰਤਰੀ ਸ੍ਰੀ ਮਨੋਹਰ ਲਾਲ, ਕੇਂਦਰੀ ਸੰਸਕ੍ਰਿਤੀ ਰਾਜ ਮੰਤਰੀ ਰਾਓ ਇੰਦਰਜੀਤ ਸਿੰਘ, ਕੇਂਦਰੀ ਸਹਿਕਾਰਤਾ ਰਾਜ ਮੰਤਰੀ ਸ੍ਰੀ ਕ੍ਰਿਸ਼ਣਪਾਲ ਗੁੱਜਰ ਸਮੇਤ ਸੂਬੇ ਦੇ ਕਈ ਮੰਤਰੀ, ਸਾਂਸਦ, ਵਿਧਾਇਕ ਅਤੇ ਭਾਰੀ ਗਿਣਤੀ ਵਿੱਚ ਪਹੁੰਚੀ ਸਾਧ-ਸੰਗਤ ਮੌਜੂਦ ਰਹੀ।

ਪ੍ਰੋਗਰਾਮ ਦੀ ਸ਼ੁਰੂਆਤ ਗੁਰੂ ਸਾਹਿਬ ਦੀ ਪਵਿੱਤਰ ਹਜ਼ੂਰੀ ਵਿੱਚ ਨਮਨ ਅਤੇ ਵਾਹੇ ਗੁਰੂ ਜੀ ਕਾ ਖਾਲਸਾ, ਵਾਹੇ ਗੁਰੂ ਦੀ ਕੀ ਫਤੇਹ ਦੇ ਨਾਲ ਹੋਈ। ਇਸ ਮੌਕੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਅਸਧਾਰਨ ਬਲਿਦਾਨ ਨੂੰ ਨਮਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਸਿੱਖਿਆਵਾਂ ਅਤੇ ਹਿੰਮਤ ਨੇ ਪੀਢੀਆਂ ਨੂੰ ਵੀਰਤਾ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਨੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਨਮਨ ਕਰਨ ਅਤੇ ਉਨ੍ਹਾਂ ਨੂੰ ਸ਼ਰਧਾ ਦੇ ਫੂਲ ਅਰਪਿਤ ਕਰਨ ਲਈ ਹਰਿਆਣਾ ਨੂੰ ਚੌਣ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ।



ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੁਰੂ ਜੀ ਦੇ ਸ਼ਹੀਦੀ ਦਿਵਸ 'ਤੇ ਸੂਬਾ ਸਰਕਾਰ ਨੇ ਹਰਿਆਣਾ ਗੁਰੂਦੁਆਰਾ ਪ੍ਰਬੰਧਨ ਕਮੇਟੀ ਨਾਲ ਮਿਲ ਕੇ ਕਈ ਆਯੋਜਨ ਕੀਤੇ ਹਨ ਤਾਂ ਜੋ ਗੁਰੂ ਜੀ ਦੀ ਸਿੱਖਿਆਵਾਂ ਸੂਬੇ ਦੇ ਬੱਚੇ-ਬੱਚੇ ਤੱਕ ਪਹੁੰਚ ਸਕੇ। 1 ਨਵੰਬਰ ਤੋਂ ਪੂਰੇ ਸੂਬੇ ਵਿੱਚ ਰੋੜੀ ( ਸਿਰਸਾ), ਪਿੰਜੌਰ ( ਪੰਚਕੂਲਾ ), ਫਰੀਦਾਬਾਦ ਅਤੇ ਸਢੌਰਾ ( ਯਮੁਨਾਨਗਰ )ਨਾਲ ਚਾਰ ਯਾਤਰਾਵਾਂ ਕੱਡੀ ਗਈ। ਚੌਧਰੀ ਦੇਵੀ ਲਾਲ ਯੂਨਿਵਰਸਿਟੀ ਸਿਰਸਾ ਵਿੱਚ ਰਾਸ਼ਟਰੀ ਪੱਧਰ ਦੇ ਸੇਮਿਨਾਰ ਦਾ ਆਯੋਜਨ ਕੀਤਾ ਗਿਆ। ਸਰਕਾਰ ਨੇ ਇਸ ਯੂਨਿਵਰਸਿਟੀ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਦਰਸ਼ਨ ਅਤੇ ਕੰਮਾਂ 'ਤੇ ਚੇਅਰ ਸਥਾਪਿਤ ਕਰਨ ਦਾ ਫੈਸਲਾ ਵੀ ਲਿਆ।

ਇਸੇ ਤਰ੍ਹਾਂ ਗਰਨਮੈਂਟ ਪਾਲਿਟੇਕਨਿਕ, ਅੰਬਾਲਾ ਦਾ ਨਾਮ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ 'ਤੇ ਰੱਖਿਆ ਗਿਆ ਤਾਂ ਜੋ ਨੌਜ਼ੁਆਨਾਂ ਨੂੰ ਗੁਰੂ ਜੀ ਦੀ ਸਿੱਖਿਆਵਾਂ ਨਾਲ ਪ੍ਰੇਰਣਾ ਲੈ ਸਕਣ।

ਉਨ੍ਹਾਂ ਨੇ ਕਿਹਾ ਕਿ ਕਰਨਾਲ ਵਿੱਚ ਹਿੰਦ ਦੀ ਚਾਦਰ ਮੈਰਾਥਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 80 ਹਜ਼ਾਰ ਲੋਕਾਂ ਨੇ ਹਿੱਸਾ ਲਿਆ। ਗੁਰੂ ਜੀ ਦੇ ਸ਼ੀਸ਼ ਨੂੰ ਆਨੰਦਪੁਰ ਸਾਹਿਬ ਪਹੁੰਚਾਉਣ ਦੇ ਪ੍ਰਣ ਨਾਲ ਆਪਣਾ ਸ਼ੀਸ਼ ਕੁਰਬਾਨ ਕਰਨ ਵਾਲੇ ਦਾਦਾ ਕੁਸ਼ਾਲ ਸਿੰਘ ਦਹਿਯਾ ਜੀ ਦੇ ਬਲਿਦਾਨ ਸਥਲ ਬਢਖਾਲਸਾ ਵਿੱਚ ਉਨ੍ਹਾਂ ਦੀ ਯਾਦ ਵਿੱਚ ਰਾਜ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦੇ ਇਲਾਵਾ ਯਮੁਨਾਨਗਰ ਜ਼ਿਲ੍ਹਾ ਦੇ ਕਲੇਸਰ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਨਾਮ 'ਤੇ ਵਨ ਲਗਾਉਣ ਦਾ ਫੈਸਲਾ ਲਿਆ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਪਹਿਲ 'ਤੇ ਆਜਾਦੀ ਦਾ ਅੰਮ੍ਰਿਤ ਮਹੋਤਸਵ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਸਾਲ ਨੂੰ ਦੇਸ਼ਭਰ ਵਿੱਚ ਮਨਾਇਆ ਗਿਆ। ਉਨ੍ਹਾਂ ਦੀ ਯਾਦ ਵਿੱਚ ਡਾਕ ਟਿਕਟ ਅਤੇ ਇੱਕ ਸਿੱਕਾ ਵੀ ਜਾਰੀ ਕੀਤਾ ਗਿਆ। ਉਨ੍ਹਾਂ ਦੇ ਕਰ ਕਮਲਾਂ ਨਾਲ ਹੀ ਪਾਕੀਸਤਾਨ ਸਥਿਤ ਨਨਕਾਨਾ ਸਾਹਿਬ ਤੱਕ ਸ਼੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਦਾ ਉਦਘਾਟਨ ਕੀਤਾ ਗਿਆ। ਇਸੀ ਕੋਰੀਡੋਰ ਨਾਲ ਹਰਿਆਣਾ ਦੇ ਵੀ 1,739 ਸ਼ਰਧਾਲੂਆਂ ਨੇ ਨਨਕਾਨਾ ਸਾਹਿਬ ਦੇ ਦਰਸ਼ਨ ਕੀਤੇ ਹਨ। ਸਾਲ 2021 ਵਿੱਚ ਜਦੋਂ ਅਫਗਾਨੀਸਤਾਨ ਵਿੱਚ ਰਾਜਨੀਤਿਕ ਅਸਥਿਰਤਾ ਆਈ ਤਾਂ ਪ੍ਰਧਾਨ ਮੰਤਰੀ ਨੇ ਉੱਥੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨਾਂ ਪਾਵਨ ਸਰੂਪਾਂ ਨੂੰ ਵਿਸ਼ੇਸ਼ ਹਵਾਈ ਜਹਾਜ ਨਾਲ ਭਾਰਤ ਲਿਆਉਣ ਦਾ ਪ੍ਰਬੰਧ ਕੀਤਾ। ਉਨ੍ਹਾਂ ਦੀ ਪਹਿਲ 'ਤੇ ਹੀ ਹੁਣ ਪੂਰੇ ਦੇਸ਼ ਵਿੱਚ ਦਸਮ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਹਿਤ ਸਿੰਘ ਦੇ ਸ਼ਹੀਦੀ ਦਿਵਸ ਨੂੰ ਹਰ ਸਾਲ ਵੀਰ ਬਾਲ ਦਿਵਸ ਵਜੋ ਮਨਾਇਆ ਜਾਦਾ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਯਤਨਾਂ ਨੂੰ ਸੂਬਾ ਸਰਕਾਰ ਨੇ ਹਰਿਆਣਾ ਵਿੱਚ ਵੀ ਅੱਗੇ ਵਧਾਇਆ ਹੈ। ਚਾਹੇ ਸਾਲ 2021 ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੂਰਬ ਜਾਂ ਸਾਲ 2017 ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੂਰਬ ਜਾਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ 400ਵਾਂ ਪ੍ਰਕਾਸ਼ ਪੂਰਬ ਹੋਵੇ, ਇੰਨ੍ਹਾਂ ਨੂੱ ਪੂਰੇ ਸੂਬੇ ਵਿੱਚ ਪੂਰੀ ਧੂਮਧਾਮ ਨਾਲ ਮਨਾਇਆ। ਸੂਬਾ ਸਰਕਾਰ ਨੇ ਯਮੁਨਾਨਗਰ ਵਿੱਚ ਬਣਨ ਵਾਲੇ ਮੈਡੀਕਲ ਕਾਲਜ ਦਾ ਨਾਮ ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ 'ਤੇ ਰੱਖਿਆ ਹੈ।

# ਪਟਿਆਲਾ ਦੇ ਪਲੇਵੇ ਸਕੂਲ ਦੇ 350 ਬੱਚਿਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਾਹਮਣੇ ਕੀਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਬਦ ਗਾਇਨ

**ਪਟਿਆਲਾ, 27 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਪਲੇਵੇ ਸੀਨੀਅਰ ਸੈਕੰਡਰੀ ਸਕੂਲ ਦੇ 350 ਵਿਦਿਆਰਥੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਹਰਿਆਣਾ ਦੇ ਕੁਰੂਕਸ਼ੇਤਰ ਵਿੱਚ ਹਰਿਆਣਾ ਸਰਕਾਰ ਵੱਲੋਂ ਕਰਵਾਏ ਗਏ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਮਾਗਮ ਵਿੱਚ ਸ਼ਬਦ ਕੀਰਤਨ ਕੀਤਾ। ਹਰਿਆਣਾ ਸਰਕਾਰ ਵੱਲੋਂ ਕਰਵਾਏ ਗਏ ਇਸ ਸਮਾਗਮ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁੱਖ ਮਹਿਮਾਨ ਸਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਹਮਣੇ ਨਤ ਮਸਤਕ ਹੁੰਦੇ ਹੋਏ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਲੇਵੇ ਸਕੂਲ ਦੇ 350 ਬੱਚਿਆਂ ਦੁਆਰਾ ਕੀਤਾ ਜਾ ਰਿਹਾ ਸ਼ਬਦ ਕੀਰਤਨ ਦਾ ਆਨੰਦ ਮਾਨਿਆ ਕਾਫੀ ਦੇਰ ਤੱਕ ਬੱਚਿਆਂ ਦੁਆਰਾ ਕੀਤੇ ਜਾ ਰਹੇ ਸ਼ਬਦ ਕੀਰਤਨ ਦਾ ਆਨੰਦ ਮਾਣਦੇ ਹੋਏ ਨਰਿੰਦਰ ਮੋਦੀ ਵੀ ਭਾਵ ਵਿਭੋਰ ਹੋ ਗਏ।

ਇਹ ਪਹਿਲਾ ਮੌਕਾ ਸੀ ਕਿ ਜਦੋਂ ਕਿਸੇ ਚੀਸੇ ਇੰਨੇ ਵੱਡੇ ਪ੍ਰੋਗਰਾਮ ਵਿੱਚ, ਇਹ ਪਹਿਲਾ ਮੌਕਾ ਸੀ ਜਦੋਂ ਕਿਸੇ ਇੰਨੇ ਵੱਡੇ ਕੌਮੀ ਸਮਾਗਮ ਵਿੱਚ ਪਟਿਆਲਾ ਦੇ 350 ਬੱਚਿਆਂ ਨੂੰ ਸਟੇਜ ਤੇ ਕੀਰਤਨ ਕਰਨ ਦਾ ਮੌਕਾ ਮਿਲਿਆ ਹੋਵੇ ਅਤੇ ਇਸ ਕੀਰਤਨ ਨੂੰ ਸਰਬਨ ਕਰਨ ਵਾਲਿਆਂ ਵਿੱਚ ਆਮ ਸਾਧ ਸੰਗਤ ਹੀ ਨਹੀਂ ਸਗੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਕਈ ਕੇਂਦਰੀ ਮੰਤਰੀ ਹਰਿਆਣਾ ਦੇ ਰਾਜਪਾਲ ਹਰਿਆਣਾ ਦੇ ਮੁੱਖ ਮੰਤਰੀ ਤੋਂ ਇਲਾਵਾ ਕਈ ਕੈਬਿਨੇਟ ਮੰਤਰੀ ਅਤੇ ਹਜ਼ਾਰਾਂ ਸਰੋਤੇ ਹਾਜ਼ਰ ਸਨ।

# ਤਿੰਨ ਤਖ਼ਤਾ ਦੇ ਸ਼ਹਿਰਾਂ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ - ਵਿਧਾਇਕ ਪ੍ਰੋ. ਜਸਵੰਤ ਸਿੰਘ

**ਅਮਰਗੜ੍ਹ, 26 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਆਯੋਜਿਤ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਦੌਰਾਨ ਪੰਜਾਬ ਸਰਕਾਰ ਵੱਲੋਂ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਗਲਿਆਰੇ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦੇਣ ਦੇ ਇਤਿਹਾਸਕ ਫੈਸਲੇ ਨੇ ਸਾਰੇ ਪੰਜਾਬ ਵਿੱਚ ਖੁਸ਼ੀ ਦੀ ਲਹਿਰ ਦੌੜਾ ਦਿੱਤੀ ਹੈ। ਅਮਰਗੜ੍ਹ ਹਲਕੇ ਦੇ ਵਿਧਾਇਕ ਪ੍ਰੋਫੈਸਰ ਜਸਵੰਤ ਸਿੰਘ ਨੇ ਇਸ ਮਹੱਤਵਪੂਰਣ ਅਤੇ ਕੌਮੀ ਧਾਰਮਿਕ ਪਹਿਚਾਣ ਨੂੰ ਮਜ਼ਬੂਤ ਕਰਨ ਵਾਲੇ ਫੈਸਲੇ ਲਈ ਹਲਕੇ ਦੇ ਲੋਕਾਂ ਵਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਦਿਲੋਂ ਧੰਨਵਾਦ ਕੀਤਾ।

ਵਿਧਾਇਕ ਨੇ ਕਿਹਾ ਕਿ ਇਹ ਫੈਸਲਾ ਸਿਰਫ਼ ਇਤਿਹਾਸਕ ਹੀ ਨਹੀਂ, ਸਗੋਂ ਪੰਜਾਬੀ ਕੌਮ ਦੀ ਰੂਹਾਨੀ ਵਿਰਾਸਤ ਅਤੇ ਸਮਰਪਣ ਨੂੰ ਸਲਾਮ ਕਰਨ ਵਾਲਾ ਹੈ। ਅੰਮ੍ਰਿਤਸਰ ਸ਼ਹਿਰ ਦੇ ਅੰਦਰੂਨੀ ਹਿੱਸੇ (ਵਾਲਡ ਸਿਟੀ), ਤਲਵੰਡੀ ਸਾਬੋ ਅਤੇ ਸ੍ਰੀ ਅਨੰਦਪੁਰ ਸਾਹਿਬ, ਜਿੱਥੇ ਤਖ਼ਤ ਸਾਹਿਬਾਨ ਸਥਾਪਤ ਹਨ,- ਇਹ ਤਿੰਨੋਂ ਸ਼ਹਿਰ ਸਦਾ ਤੋਂ ਸਿੱਖ ਧਰਮ, ਪੰਜਾਬੀ ਕੌਮ ਅਤੇ ਰੂਹਾਨੀ ਪਰੰਪਰਾ ਦੇ ਕੇਂਦਰ



ਰਹੇ ਹਨ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਨੂੰ ਅਧਿਕਾਰਿਕ ਤੌਰ 'ਤੇ ਪਵਿੱਤਰ ਸ਼ਹਿਰ ਘੋਸ਼ਿਤ ਕਰਨਾ ਸਾਰੇ ਪੰਥ ਲਈ ਮਾਣ ਦੀ ਗੱਲ ਹੈ।

ਅਮਰਗੜ੍ਹ ਵਿਧਾਨ ਸਭਾ ਹਲਕੇ ਦੇ ਨਿਵਾਸੀਆਂ ਨੇ ਵੀ ਇਸ ਫੈਸਲੇ ਦਾ ਤਹਿ ਦਿਲੋਂ ਸਵਾਗਤ ਕਰਦਿਆਂ ਕਿਹਾ ਕਿ ਇਸ ਨਾਲ ਨਿਵਾਸੀਆਂ ਦੇ ਮਨੋਬਲ ਵਿੱਚ ਵਾਧਾ ਹੋਵੇਗਾ ਅਤੇ ਤਿੰਨ ਤਖ਼ਤਾਂ ਦੀ ਅੰਤਰਰਾਸ਼ਟਰੀ ਪਹਿਚਾਣ ਹੋਰ ਮਜ਼ਬੂਤ ਹੋਵੇਗੀ। ਲੋਕਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਕਦਮ ਨਾਲ ਧਾਰਮਿਕ ਟੂਰਿਜ਼ਮ ਨੂੰ ਵੱਡਾ ਫਲ ਮਿਲੇਗਾ, ਜਿਸ ਨਾਲ ਸਥਾਨਕ ਆਰਥਿਕਤਾ ਮਜ਼ਬੂਤ ਹੋਵੇਗੀ ਅਤੇ ਰੋਜ਼ਗਾਰ ਦੇ ਨਵੇਂ ਮੌਕੇ ਉਪਜਣਗੇ।

ਵਿਧਾਇਕ ਪ੍ਰੋ. ਜਸਵੰਤ ਸਿੰਘ ਨੇ ਇਹ ਵੀ ਦੱਸਿਆ ਕਿ ਪਵਿੱਤਰ ਸ਼ਹਿਰ ਦਾ ਦਰਜਾ ਮਿਲਣ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸ਼ਹਿਰਾਂ 'ਚ ਸਫਾਈ ਪ੍ਰਬੰਧ, ਇਨਫਰਾਸਟ੍ਰਕਚਰ, ਟ੍ਰੈਫਿਕ ਮੈਨੇਜਮੈਂਟ, ਪਾਰਕਿੰਗ, ਰੌਸ਼ਨੀਕਰਨ, ਪਾਣੀ ਸਪਲਾਈ ਅਤੇ ਧਾਰਮਿਕ ਟੂਰਿਜ਼ਮ ਨੂੰ ਉਤਸ਼ਾਹਿਤ ਕਰਨ ਲਈ ਖੁੱਲ੍ਹੇ ਫੰਡ ਵਾਧੂ ਤੌਰ 'ਤੇ ਜਾਰੀ ਕੀਤੇ ਜਾਣਗੇ। ਇਸ ਨਾਲ ਯਾਤਰੀਆਂ ਨੂੰ ਸੁਵਿਧਾਜਨਕ ਵਾਤਾਵਰਣ ਪ੍ਰਾਪਤ ਹੋਵੇਗਾ ਅਤੇ ਸ਼ਹਿਰਾਂ ਦੀ ਰੂਹਾਨੀ ਮਹੱਤਤਾ ਨੂੰ ਹੋਰ ਚਮਕ ਮਿਲੇਗੀ।

ਵਿਧਾਇਕ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਸੋਚ ਅਤੇ ਪੰਜਾਬ ਦੀ ਰੂਹਾਨੀ ਵਿਰਾਸਤ ਨੂੰ ਉਚਾਈਆਂ ਤੱਕ ਲਿਜਾਣ ਲਈ ਉਹਨਾਂ ਦੇ ਦੂਰਦਰਸ਼ੀ ਨੇਤ੍ਰਿਤਵ ਦੀ ਪ੍ਰਸ਼ੰਸਾ ਕੀਤੀ। ਕਿਹਾ,ਸਰਕਾਰ ਦਾ ਇਹ ਫੈਸਲਾ ਆਉਣ ਵਾਲੀਆਂ ਪੀੜ੍ਹੀਆਂ ਲਈ ਸਦਾ ਯਾਦਗਾਰ ਰਹੇਗਾ।

# ਪੰਜਾਬ ਦੇ ਸਾਬਕਾ ਮੰਤਰੀ ਨੂੰ ਵੱਡੀ ਰਾਹਤ ! ਵਿਜੀਲੈਂਸ ਨੇ ਦੱਸਿਆ ’ਨਿਰਦੋਸ਼’

**ਕੌਮੀ ਪੱਤ੍ਰਿਕਾ**

ਮੋਹਾਲੀ 27 ਨਵੰਬਰ। ਜੰਗਲਾਤ ਵਿਭਾਗ ਵਿਚ ਫੈਲੇ ਭ੍ਰਿਸ਼ਟਾਚਾਰ ਦੇ ਮਾਮਲੇ ’ਚ ਸਾਬਕਾ ਜੰਗਲਾਤ ਮੰਤਰੀ ਸੰਗਤ ਸਿੰਘ ਗਿਲਜ਼ੀਆਂ ਸਮੇਤ ਉਨ੍ਹਾਂ ਦੇ ਭਤੀਜੇ ਦਲਜੀਤ ਸਿੰਘ ਗਿਲਜ਼ੀਆਂ ਤੇ ਹੋਰਨਾਂ ਖ਼?ਲਾਫ਼ ਦਰਜ ਮਾਮਲੇ ’ਚ ਵਿਜੀਲੈਂਸ ਨੇ ਸਾਬਕਾ ਮੰਤਰੀ ਨੂੰ ਬੇਦੋਸ਼ਾ ਕਰਾਰ ਦਿੰਦਿਆਂ ਅਦਾਲਤ ’ਚ ਰਿਪੋਰਟ ਪੇਸ਼ ਕਰ ਦਿੱਤੀ ਹੈ। ਵਿਜੀਲੈਂਸ ਦਾ ਕਹਿਣਾ ਹੈ ਕਿ ਸ਼ੁਰੂਆਤੀ ਜਾਂਚ ’ਚ ਸੰਗਤ ਸਿੰਘ ਗਿਲਜ਼ੀਆਂ ਦੀ ਸਿੱਧੇ ਤੌਰ ’ਤੇ ਕਿਸੇ ਵੀ ਤਰ੍ਹਾਂ ਦੀ ਕੋਈ ਸ਼ਮੂਲੀਅਤ ਸਾਹਮਣੇ ਨਹੀਂ ਆਈ। ਇਸ ਮਾਮਲੇ ’ਚ ਜਦੋਂ ਸਾਬਕਾ ਮੰਤਰੀ ਗਿਲਜ਼ੀਆਂ ਵੱਲੋਂ ਆਪਣੇ ਖ਼?ਲਾਫ਼ ਦਰਜ ਕੀਤੀ ਗਈ ਐੱਫ.ਆਈ.ਆਰ. ਨੂੰ ਖ਼ਾਰਿਜ ਕਰਨ ਲਈ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ ਤਾਂ ਵਿਜੀਲੈਂਸ ਅਤੇ ਸਰਕਾਰੀ ਵਕੀਲ ਵੱਲੋਂ ਅਦਾਲਤ ਨੂੰ ਜਾਣਕਾਰੀ ਦਿੱਤੀ ਗਈ ਸੀ ਕਿ ਉਨ੍ਹਾਂ ਨੂੰ ਬੇਦੋਸ਼ਾ ਕਰਾਰ ਦੇ ਦਿੱਤਾ ਗਿਆ ਹੈ। ਇਸ ਮਾਮਲੇ ’ਚ ਸਾਬਕਾ ਮੰਤਰੀ ਦੇ ਭਤੀਜੇ ਦਲਜੀਤ ਸਿੰਘ ਗਿਲਜ਼ੀਆਂ ਤੇ ਹੋਰਨਾਂ ਖ਼?ਲਾਫ਼ ਪਹਿਲਾਂ ਹੀ ਅਦਾਲਤ ’ਚ ਚਾਰਜਸ਼ੀਟ ਦਾਖ਼ਲ ਕੀਤੀ ਜਾ ਚੁੱਕੀ ਹੈ ਅਤੇ ਮੋਹਾਲੀ ਵਿਚਲੀ ਅਦਾਲਤ ’ਚ ਇਸ ਸਮੇਂ ਉਕਤ ਕੇਸ ਵਿਚਾਰ ਅਧੀਨ ਹੈ। ਉਧਰ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਵੇਂ ਵਿਜੀਲੈਂਸ ਨੇ ਸਾਬਕਾ ਮੰਤਰੀ ਸੰਗਤ ਸਿੰਘ ਗਿਲਜ਼ੀਆਂ ਨੂੰ ਮੁੱਢਲੀ ਜਾਂਚ ’ਚ ਬੇਦੋਸ਼ਾਂ ਕਰਾਰ ਦਿੰਦਿਆਂ ਖਾਨਾ ਨੰਬਰ-2 ’ਚ ਰੱਖਿਆ ਹੈ ਪਰ



ਚੱਲਦੇ ਕੇਸ ’ਚ ਜੇ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਸਬੂਤ ਉਨ੍ਹਾਂ ਖ਼?ਲਾਫ਼ ਅਦਾਲਤ ਸਾਹਮਣੇ ਆਉਂਦਾ ਹੈ ਤਾਂ ਅਦਾਲਤ ਉਨ੍ਹਾਂ ਨੂੰ ਬਤੌਰ ਮੁਲਜ਼ਮ ਮੁੜ ਅਦਾਲਤ ’ਚ ਤਲਬ ਕਰ ਸਕਦੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਵਿਜੀਲੈਂਸ ਦੀ ਟੀਮ ਵੱਲੋਂ ਛਾਪੇਮਾਰੀ ਦੌਰਾਨ ਬਠਿੰਡਾ ਵਿਖੇ ਇਕ ਡੀ.ਐੱਫ. ਓ. ਦੀ ਕੋਠੀ ’ਚ ਨਵੇਂ ਸਿਰਿਓਂ ਬਣ ਰਹੇ ਸੀਮੈਂਟ ਅਤੇ ਵਾਂਸ ਦੇ ਕਈ ਟ?ਰੀ-ਗਾਰਡ ਮਿਲੇ ਸਨ। ਇਨ੍ਹਾਂ ਟ?ਰੀ-ਗਾਰਡਾਂ ਨੂੰ ਪੁਰਾਣੇ ਰਿਕਾਰਡ ’ਚ ਖ਼ਰੀਦਿਆ ਹੋਇਆ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਣ ਵਾਲੀ ਸੀ ਪਰ ਵਿਜੀਲੈਂਸ ਨੇ ਉਕਤ ਕੋਠੀ ’ਚ ਛਾਪਾ ਮਾਰ ਕੇ 854 ਸੀਮੈਂਟ ਦੇ ਅਤੇ 500 ਦੇ ਕਰੀਬ ਵਾਂਸ ਦੇ ਟ?ਰੀ ਗਾਰਡ ਬਰਾਮਦ ਕਰ ਕੇ ਕਬਜ਼ੇ ’ਚ ਲੈ ਕੇ ਇਸ ਗੱਲ ਦੀ ਜਾਂਚ ਸ਼ੁਰੂ ਕੀਤੀ ਸੀ ਕਿ ਇਹ ਟ?ਰੀ-ਗਾਰਡ ਕਿਸੇ ਦੇ ਹੁਕਮ ’ਤੇ ਬਣਾਏ ਜਾ ਰਹੇ ਸਨ ਤੇ ਕਿਹੜੇ-ਕਿਹੜੇ ਹੋਰਨਾਂ ਅਫ਼ਸਰਾਂ/ਮੁਲਾਜ਼ਮਾਂ ਦੀ ਇਸ ਮਾਮਲੇ ’ਚ ਸ਼ਮੂਲੀਅਤ ਹੈ। ਵਿਜੀਲੈਂਸ ਸੂਤਰਾਂ ਮੁਤਾਬਕ ਬਿੰਦਰ ਸਿੰਘ ਨਾਂ ਦੇ ਗ੍ਰਿਫ਼ਤਾਰ ਕੀਤੇ ਗਏ ਪ੍ਰਾਈਵੇਟ ਵਿਅਕਤੀ ਕੋਲੋਂ ਪੁੱਛਗਿੱਛ ਦੌਰਾਨ ਖ਼ੁਲਾਸਾ ਹੋਇਆ ਸੀ ਕਿ ਉਸ ਨੇ ਬਿਨਾਂ ਟ?ਰੀ-ਗਾਰਡ ਦੀ ਖ਼ਰੀਦੋ-ਫ਼ਰੋਖ਼ਤ ਕੀਤਿਆਂ 1400 ਰੁਪਏ ਵਾਲਾ ਟ?ਰੀ-ਗਾਰਡ 2400 ਰੁਪਏ ’ਚ ਦਸਤਾਵੇਜ਼ਾਂ ’ਚ ਖ਼ਰੀਦਿਆ ਦਿਖਾ ਕੇ ਆਪਣੇ ਖਾਤੇ ’ਚ ਵਿਭਾਗ ਕੋਲੋਂ ਲੱਖਾਂ ਰੁਪਏ ਪੁਆਏ ਤੇ ਬਾਅਦ ’ਚ ਆਪਣਾ ਕਮਿਸ਼ਨ ਕੱਟ ਕੇ 10 ਲੱਖ ਰੁਪਏ ਦੇ ਕਰੀਬ ਦਲਜੀਤ ਸਿੰਘ ਗਿਲਜ਼ੀਆਂ ਤੇ ਇਕ ਮਹਿਤਾ ਨਾਂ ਦੇ ਵਿਅਕਤੀ ਨੂੰ ਵਾਪਸ ਕਰ ਦਿੱਤੇ। ਇਹ ਰਕਮ 2 ਕਿਸ਼ਤਾਂ ’ਚ ਮੋਹਾਲੀ ਅਤੇ ਡੱਬਵਾਲੀ ਦੇ ਕਸਬਾ ਅਬੂਬ ’ਚ ਦਿੱਤੀ ਗਈ ਦੱਸੀ ਜਾ ਰਹੀ ਹੈ। ਇਨ੍ਹਾਂ ਟ?ਰੀ-ਗਾਰਡਾਂ ਦੇ ਜਾਅਲੀ ਬਿੱਲ ਵੀ ਤਿਆਰ ਕੀਤੇ ਗਏ ਸਨ।

## ਝਾਰਖੰਡ ਹਾਈ ਕੋਰਟ ਵੱਲੋਂ ਹੇਮੰਤ ਸਰਕਾਰ ਨੂੰ ਨਿਰਦੇਸ਼ ਜਾਰੀ

ਨੈਸ਼ਨਲ ਡੈਸਕ 27 ਨਵੰਬਰ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਜ਼ਹਿਰੀਲੇ ਕਫ ਸਿਰਪ ਕਾਰਨ ਕਈ ਮਾਸੂਮ ਬੱਚਿਆਂ ਦੀ ਮੌਤ ਬਹੁਤ ਦੁਖਦਾਈ ਹੈ। ਇਸ ਦੌਰਾਨ ਝਾਰਖੰਡ ਹਾਈ ਕੋਰਟ ਨੇ ਰਾਜ ਸਰਕਾਰ ਨੂੰ ਖੰਘ ਦੇ ਸਿਰਪ ਬਾਰੇ ਨਿਰਦੇਸ਼ ਜਾਰੀ ਕੀਤੇ ਹਨ। ਅਦਾਲਤ ਨੇ ਰਾਜ ਸਰਕਾਰ ਅਤੇ ਸੰਬੰਧਿਤ ਏਜੰਸੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਝਾਰਖੰਡ ਵਿੱਚ ਡਾਕਟਰ ਦੀ ਪਰਚੀ ਤੋਂ ਬਿਨਾਂ ਕੋਈ ਵੀ ਖੰਘ ਦੇ ਸਿਰਪ ਜਾਂ ਨਸ਼ੀਲੇ ਪਦਾਰਥ ਨਾ ਵੇਚੇ ਜਾਣ। ਆਪਣੇ ਆਦੇਸ਼ ਵਿੱਚ, ਹਾਈ ਕੋਰਟ ਨੇ ਕਿਹਾ ਕਿ ਸਾਰੇ ਸਬੰਧਤ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਖੰਘ ਦੇ ਸਿਰਪ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵੈਧ ਪਰਚੀ ਤੋਂ ਬਿਨਾਂ ਵਿਕਰੀ ’ਤੇ ਪੂਰੀ ਤਰ੍ਹਾਂ ਰੋਕ ਲਗਾਈ ਜਾਵੇ। ਅਦਾਲਤ ਨੇ ਨਿਰਦੇਸ਼ ਦਿੱਤਾ ਕਿ ਦਵਾਈ ਕੰਪਨੀਆਂ, ਮੈਡੀਕਲ ਸਟੋਰਾਂ ਅਤੇ ਖੰਘ ਦੇ ਸਿਰਪ ਵੇਚਣ ਵਾਲੀਆਂ ਦੁਕਾਨਾਂ ’ਤੇ ਤੁਰੰਤ ਛਾਪੇ ਮਾਰੇ ਜਾਣ। ਛਾਪੇ ਦੌਰਾਨ ਸਟਾਕ ਅਤੇ ਸਪਲਾਈ ਰਜਿਸਟਰਾਂ ਆਦਿ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਢੁਕਵੀਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ ਸਬੰਧ ਵਿੱਚ ਇੱਕ ਪਾਲਣਾ ਰਿਪੋਰਟ ਤਿੰਨ ਹਫ਼ਤਿਆਂ ਦੇ ਅੰਦਰ ਅਦਾਲਤ ਵਿੱਚ ਜਮਹਾਂ ਕਰਵਾਈ ਜਾਣੀ ਚਾਹੀਦੀ ਹੈ।

## ਪੰਜਾਬ ਦੀ ਸਿਆਸਤ ’ਚ ਹਲਚਲ ! ਚੰਡੀਗੜ੍ਹ ਮਸਲੇ ’ਤੇ ਪੰਜਾਬ ਭਾਜਪਾ ਦਾ ਵੱਡਾ ਬਿਆਨ

ਚੰਡੀਗੜ੍ਹ 27 ਨਵੰਬਰ। ਕੇਂਦਰ ਸਰਕਾਰ ਵੱਲੋਂ ਪਾਰਲੀਮੈਂਟ ਦੇ ਸਰਦ ਰੁੱਤ ਸੈਸ਼ਨ ਵਿਚ ਚੰਡੀਗੜ੍ਹ ਬਾਰੇ ਲਿਆਂਦੇ ਜਾ ਰਹੇ ਬਿੱਲ ਨੂੰ ਲੈ ਕੇ ਪੰਜਾਬ ਦੀ ਸਿਆਸਤ ਗਰਮਾਈ ਹੋਈ ਹੈ। ਸੂਬੇ ਦੀਆਂ ਸਾਰੀਆਂ ਪਾਰਟੀਆਂ ਵੱਲੋਂ ਹੀ ਇਸ ਬਿੱਲ ਦਾ ਡਟਵਾਂ ਵਿਰੋਧ ਕੀਤਾ ਜਾ ਰਿਹਾ ਹੈ ਤੇ ਇਸ ਬਿੱਲ ਨੂੰ ਪੰਜਾਬ ਤੋਂ ਚੰਡੀਗੜ੍ਹ ਪੂਰੀ ਤਰ੍ਹਾਂ ਖੋਹਣ ਦੀ ਡੂੰਘੀ ਸਾਜ਼ਿਸ਼ ਦੱਸਿਆ ਜਾ ਰਿਹਾ ਹੈ। ਇਸ ਵਿਚਾਲੇ ਪੰਜਾਬ ਭਾਜਪਾ ਦਾ ਵੀ ਅਹਿਮ ਬਿਆਨ ਸਾਹਮਣੇ ਆਇਆ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਸਪੱਸ਼ਟ ਤੌਰ ’ਤੇ ਆਖ਼ ਦਿੱਤਾ ਹੈ ਕਿ ਚੰਡੀਗੜ੍ਹ ਪੰਜਾਬ ਦਾ ਅਨਿੱਖੜਵਾਂ ਅੰਗ ਹੈ। ਉਨ੍ਹਾਂ ਕਿਹਾ ਕਿ ਪੰਜਾਬ ਭਾਜਪਾ ਪੰਜਾਬ ਦੇ ਹੱਕਾਂ



ਲਈ ਦ੍ਰਿੜਤਾ ਨਾਲ ਖੜ੍ਹੀ ਹੈ, ਫ਼?ਰ ਭਾਵੇਂ ਮਸਲਾ ਚੰਡੀਗੜ੍ਹ ਦਾ ਹੋਵੇ ਤੇ ਭਾਵੇਂ ਪੰਜਾਬ ਦੇ ਪਾਣੀਆਂ ਦਾ। ਉਨ੍ਹਾਂ ਇਹ ਵੀ ਕਿਹਾ ਕਿ ਉਹ ਸਰਕਾਰ ਨਾਲ ਗੱਲ ਕਰ ਕੇ ਚੰਡੀਗੜ੍ਹ ਬਾਰੇ ਪੈਦਾ ਹੋਈ ’ਭਰਮ ਦੀ ਸਥਿਤੀ’ ਨੂੰ ਦੂਰ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬੀ ਹੋਣ ਦੇ ਨਾਤੇ ਉਨ੍ਹਾਂ ਲਈ ਸਭ ਤੋਂ ਪਹਿਲਾਂ ਪੰਜਾਬ ਹੀ ਹੈ। ਸੁਨੀਲ ਜਾਖੜ ਨੇ ਟਵੀਟ ਕੀਤਾ, ਚੰਡੀਗੜ੍ਹ ਪੰਜਾਬ ਦਾ ਅਨਿੱਖੜਵਾਂ ਅੰਗ ਹੈ ਅਤੇ ਪੰਜਾਬ ਭਾਜਪਾ ਪੰਜਾਬ ਦੇ ਹਿੱਤਾਂ ਨਾਲ ਦ੍ਰਿੜਤਾ ਨਾਲ ਖੜੀ ਹੈ ਤੇ ਉਹ ਚਾਹੇ ਚੰਡੀਗੜ੍ਹ ਦਾ ਮੁੱਦਾ ਹੋਵੇ ਅਤੇ ਚਾਹੇ ਪੰਜਾਬ ਦੇ ਪਾਣੀਆਂ ਦਾ। ਚੰਡੀਗੜ੍ਹ ਸਬੰਧੀ ਜੋ ਵੀ ਭਰਮ ਦੀ ਸਥਿਤੀ ਪੈਦਾ ਹੋਈ ਹੈ, ਇਸ ਬਾਰੇ ਸਰਕਾਰ ਨਾਲ ਗੱਲ ਕਰਕੇ ਇਹ ਭਰਮ ਵੀ ਦੂਰ ਕੀਤਾ ਜਾਵੇਗਾ। ਮੈ ਖੁਦ ਇਕ ਪੰਜਾਬੀ ਹੋਣ ਦੇ ਨਾਤੇ ਭਰੋਸਾ ਦਿੰਦਾ ਹਾਂ ਕਿ ਸਾਡੇ ਲਈ ਪੰਜਾਬ ਹੀ ਸਭ ਤੋਂ ਪਹਿਲਾਂ ਹੈ।

## ਸ਼ੱਕੀ ਹਾਲਾਤ ’ਚ ਪੇਂਟ ਕਾਰੋਬਾਰੀ ਦੇ ਘਰ ’ਚ ਲੱਗੀ ਭਿਆਨਕ ਅੱਗ, ਘਰੇਲੂ ਸਾਮਾਨ ਸੜਿਆ

ਲੁਧਿਆਣਾ 27 ਨਵੰਬਰ। ਮੰਗਲਵਾਰ ਦੇਰ ਰਾਤ ਤਰਸੇਮ ਕਾਲੋਨੀ ’ਚ ਉਦੋਂ ਦਹਿਸ਼ਤ ਫੈਲ ਗਈ ਜਦੋਂ ਇਕ ਪੇਂਟ ਕਾਰੋਬਾਰੀ ਦੇ ਘਰ ’ਚ ਅਚਾਨਕ ਭਿਆਨਕ ਅੱਗ ਲੱਗ ਗਈ। ਖ਼ੁਸ਼ਕਿਸਮਤੀ ਨਾਲ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ ਪਰ ਪੂਰਾ ਘਰ ਸੜ ਕੇ ਸੁਆਹ ਹੋ ਗਿਆ। ਰਿਪੋਰਟਾਂ ਅਨੁਸਾਰ ਅੱਗ ਸੀ. ਵੀ. ਐੱਨ. ਪੇਂਟਸ ਕੋਟਿੰਗਸ ਦੇ ਮਾਲਕ ਜੁਗਲ ਕਿਸ਼ੋਰ ਗੋਇਲ ਦੇ ਘਰ ਦੀ ਪਹਿਲੀ ਮੰਜ਼ਿਲ ’ਤੇ ਲੱਗੀ। ਅਚਾਨਕ ਅੱਗ ਲੱਗਣ ਵੇਲੇ ਜੁਗਲ ਕਿਸ਼ੋਰ ਗੋਇਲ ਦੀ ਮਾਂ ਅੰਦਰ ਇਕੱਲੀ ਸੀ। ਧੂੰਆਂ ਦੇਖ ਕੇ ਜੁਗਲ ਦੀ ਮਾਂ ਨੇ ਅਲਾਰਮ ਵਜਾਇਆ ਅਤੇ ਗੁਆਂਢੀਆਂ ਨੇ ਉਸ ਨੂੰ ਹੇਠਾਂ ਉਤਾਰਿਆ। ਇਸ ਦੌਰਾਨ ਅੱਗ ਤੇਜ਼ ਹੋ ਗਈ ਅਤੇ ਪੂਰੇ ਕਮਰੇ ਨੂੰ ਆਪਣੀ ਲਪੇਟ ’ਚ ਲੈ ਲਿਆ। ਅੱਗ ਦੀ ਸੂਚਨਾ ਮਿਲਦੇ ਹੀ ਪੇਂਟ ਡੀਲਰ ਵੀ ਮੌਕੇ ’ਤੇ ਪਹੁੰਚ ਗਿਆ। ਸੂਚਨਾ ਮਿਲਣ ’ਤੇ ਫਾਇਰ ਬ੍ਰਿਗੇਡ ਅਤੇ ਪੁਲਸ ਤੁਰੰਤ ਮੌਕੇ ’ਤੇ ਪਹੁੰਚ ਗਈ। ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਫਾਇਰ ਬ੍ਰਿਗੇਡ ਦੀ ਇਕ ਗੱਡੀ ਨੇ ਅੱਗ ’ਤੇ ਕਾਬੂ ਪਾਇਆ। ਹਾਲਾਂਕਿ, ਉਦੋਂ ਤੱਕ ਸਾਰਾ ਘਰੇਲੂ ਸਾਮਾਨ ਸੜ ਕੇ ਸੁਆਹ ਹੋ ਗਿਆ ਸੀ। ਅੱਗ ਲੱਗਣ ਦਾ ਕਾਰਨ ਅਜੇ ਵੀ ਸਪੱਸ਼ਟ ਨਹੀਂ ਹੋ ਸਕਿਆ।

## ਚੰਡੀਗੜ੍ਹ ਦੇ ਭਵਿੱਖ ’ਤੇ ਸਿਆਸੀ ਤੂਫ਼ਾਨ, ਪ੍ਰਤਾਪ ਬਾਜਵਾ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਕੱਠੇ ਹੋਣ ਦੀ ਕੀਤੀ ਅਪੀਲ

**ਕੌਮੀ ਪੱਤ੍ਰਿਕਾ**

ਚੰਡੀਗੜ੍ਹ 27 ਨਵੰਬਰ। ਪੰਜਾਬ ਸੰਬੰਧੀ ਉੱਭਰੇ ਤਾਜ਼ਾ ਮਾਮਲੇ ’ਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਕਾਂਗਰਸ ਪਾਰਟੀ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਇਸ ਮੁੱਦੇ ’ਤੇ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਕੱਠੇ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਚੰਡੀਗੜ੍ਹ ਬਾਰੇ ਇੱਕ ਬਹੁਤ ਹੀ ਸੰਵੇਦਨਸ਼ੀਲ ਸੋਧ ਪੇਸ਼ ਕਰਨ ਦੀ ਤਿਆਰੀ ਕਰ ਰਹੀ ਹੈ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਹਾਲ ਹੀ ਵਿੱਚ ਆਈਆਂ ਰਿਪੋਰਟਾਂ ਅਨੁਸਾਰ, ਕੇਂਦਰ ਸਰਕਾਰ ਰਾਜਨੀਤਿਕ ਤੌਰ ’ਤੇ ਸੰਵਿਧਾਨ (131ਵਾਂ ਸੋਧ) ਬਿੱਲ ਪੇਸ਼ ਕਰ ਰਹੀ ਹੈ, ਜਿਸਦਾ ਉਦੇਸ਼ ਕਈ ਹੋਰ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀ ਤਰ੍ਹਾਂ ਚੰਡੀਗੜ੍ਹ ਨੂੰ ਵੀ ਸੰਵਿਧਾਨ ਦੀ ਧਾਰਾ 240 ਦੇ ਤਹਿਤ ਲਿਆਉਣਾ ਹੈ। ਵਰਤਮਾਨ ਵਿੱਚ ਚੰਡੀਗੜ੍ਹ ਦਾ ਪ੍ਰਬੰਧਨ ਪੰਜਾਬ ਦੇ ਰਾਜਪਾਲ ਦੁਆਰਾ ਪ੍ਰਸ਼ਾਸਕ ਵਜੋਂ ਕੀਤਾ ਜਾਂਦਾ ਹੈ ਪਰ ਇਹ ਸੋਧ ਇਸਦੇ ਪ੍ਰਸ਼ਾਸਨ ਨੂੰ ਇੱਕ ਸੁਤੰਤਰ, ਕੇਂਦਰੀ ਵੱਲੋਂ ਨਿਯੁਕਤ ਪ੍ਰਸ਼ਾਸਕ ਦੁਆਰਾ ਚਲਾਉਣ ਦੀ ਆਗਿਆ ਦੇਵੇਗਾ, ਜਿਸ ਨਾਲ ਰਾਜਧਾਨੀ ’ਤੇ ਪੰਜਾਬ ਦੇ ਇਤਿਹਾਸਕ



ਅਤੇ ਭਾਵਨਾਤਮਕ ਦਾਅਵੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਮਜ਼ੋਰ ਕੀਤਾ ਜਾ ਸਕੇਗਾ। ਇਸ ਕਦਮ ਨੂੰ ਪੰਜਾਬ ’ਤੇ ਇੱਕ ਹੋਰ ਹਮਲਾ ਦੱਸਦੇ ਹੋਏ, ਬਾਜਵਾ ਨੇ ਕਿਹਾ ਕਿ ਕੇਂਦਰ ਸਰਕਾਰ ਜਾਣਬੁੱਝ ਕੇ ਚੰਡੀਗੜ੍ਹ, ਦਰਿਆਈ ਪਾਣੀਆਂ ਅਤੇ ਪੰਜਾਬ ਯੂਨੀਵਰਸਿਟੀ ’ਤੇ ਪੰਜਾਬ ਦੇ ਜਾਇਜ਼ ਅਧਿਕਾਰਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਰਿਪੋਰਟਾਂ ਮੁਤਾਬਕ, ਕੇਂਦਰ ਸਰਕਾਰ ਵੱਲੋਂ 1 ਤੋਂ 19 ਦਸੰਬਰ ਤੱਕ ਹੋਣ ਵਾਲੇ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ ਇਕ ਸੋਧ ਬਿੱਲ ਪੇਸ਼ ਕੀਤਾ ਜਾ ਰਿਹਾ ਹੈ ਜਿਸਨੂੰ 131ਵਾਂ ਸੋਧ ਬਿੱਲ-2025 ਦੱਸਿਆ ਗਿਆ ਹੈ। ਇਸ ਬਿੱਲ ਤਹਿਤ ਕੇਂਦਰ ਸਰਕਾਰ ਚੰਡੀਗੜ੍ਹ ਨੂੰ ਸੰਵਿਧਾਨ ਦੇ ਅਨੁਛੇਦ 240 ਵਿੱਚ ਸ਼ਾਮਲ ਕਰਨ ਦੀ ਯੋਜਨਾ ਬਣਾ ਰਹੀ ਹੈ। ਇਹ ਸੋਧ ਇਸਨੂੰ ਉਨ੍ਹਾਂ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸ਼ਾਮਲ ਕਰੇਗੀ ਜਿਨ੍ਹਾਂ ਕੋਲ ਵਿਧਾਨ ਸਭਾ ਨਹੀਂ ਹੈ। ਪੰਜਾਬ ਦੇ ਆਗੂਆਂ ਦਾ ਕਹਿਣਾ ਹੈ ਕਿ ਇਸ ਨਾਲ ਚੰਡੀਗੜ੍ਹ ਉੱਤੇ ਪੰਜਾਬ ਦਾ ਪ੍ਰਸ਼ਾਸਨਿਕ ਅਤੇ ਰਾਜਨੀਤਿਕ ਕੰਟਰੋਲ ਖਤਮ ਹੋ ਜਾਵੇਗਾ। ਇਸ ਰਾਹੀਂ ਚੰਡੀਗੜ੍ਹ ਨੂੰ ਹਰਿਆਣਾ ਨੂੰ ਸੌਂਪਣ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਅਜਿਹੇ ਵਿੱਚ ਪੰਜਾਬ ਵਿੱਚ ਸਿਆਸੀ ਹੰਗਾਮਾ ਮਚ ਗਿਆ ਹੈ। ਸੱਤਾਧਾਰੀ ਆਮ ਆਦਮੀ ਪਾਰਟੀ (ਆਪ), ਕਾਂਗਰਸ ਪਾਰਟੀ ਅਤੇ ਅਕਾਲੀ ਦਲ ਨੇ ਵੀ ਇਸਦਾ ਸਖ਼ਤ ਵਿਰੋਧ ਕੀਤਾ ਹੈ।

## ਗੂਗਲ ਮੈਪ ’ਤੇ ਭਰੋਸਾ ਕਰਨਾ ਮਹਿੰਗਾ ਪਿਆ, ਕਾਰ ਨੂੰ ਲੱਗੀ ਭਿਆਨਕ ਅੱਗ

ਹਰਦੋਈ 27 ਨਵੰਬਰ। ਉੱਤਰ ਪ੍ਰਦੇਸ਼ ਦੇ ਹਰਦੋਈ ’ਚ ਇਕ ਵਿਅਕਤੀ ਨੂੰ ਗੂਗਲ ਮੈਪ ’ਤੇ ਭਰੋਸਾ ਕਰਨਾ ਬਹੁਤ ਮਹਿੰਗਾ ਪਿਆ। ਚਿੱਕੜ ’ਚ ਫਸਣ ਕਾਰਨ ਉਸ ਦੀ ਕਾਰ ਨੂੰ ਭਿਆਨਕ ਅੱਗ ਲੱਗ ਗਈ ਤੇ ਉਹ ਕੁਝ ਮਿੰਟਾਂ ’ਚ ਹੀ ਸੜ ਕੇ ਸੁਆਹ ਹੋ ਗਈ। ਲਗਭਗ 2 ਲੱਖ ਰੁਪਏ ਨਕਦ, ਇਕ ਲੈਪਟਾਪ ਤੇ ਦੋ ਮੋਬਾਈਲ ਫੋਨ ਵੀ ਸੜ ਗਏ। ਡਰਾਈਵਰ ਨੇ ਸਮੇਂ ਸਿਰ ਬਾਹਰ ਨਿਕਲ ਕੇ ਆਪਣੀ ਜਾਨ ਬਚਾਅ ਲਈ। ਨਵੀਂ ਦਿੱਲੀ ਦੇ ਪੁਰਾਣੇ ਰਾਜੇਂਦਰ ਨਗਰ ਦਾ ਰਹਿਣ ਵਾਲਾ ਰਾਜਨ ਸਾਹਨੀ ਆਪਣੇ ਮਾਮਾ ਡਾਕਟਰ ਏ. ਕੇ. ਨਥਾਨੀ ਦੇ ਘਰ ਇਕ ਵਿਆਹ ਸਮਾਰੋਹ ’ਚ ਸ਼ਾਮਲ ਹੋਣ ਲਈ ਹਰਦੋਈ ਆਇਆ ਸੀ। ਦਿੱਲੀ ਵਾਪਸ ਆਉਂਦੇ ਸਮੇਂ ਉਸ ਨੇ ਗੂਗਲ ਮੈਪ ਦੀ ਵਰਤੋਂ ਕਰਦੇ ਹੋਏ ਪਿਹਾਨੀ ਚੁੰਗੀ ਨੇੜੇ ਤੰਗ ਗਲੀਆਂ ’ਚ ਮੁੜਨ ਦੀ ਕੋਸ਼ਿਸ਼ ਕੀਤੀ। ਤੰਗ ਤੇ ਟੇਢੀਆਂ-ਮੇਢੀਆਂ ਗਲੀਆਂ ’ਚੋਂ ਲੰਘਣ ਦੌਰਾਨ ਕਾਰ ਇਕ ਛੱਪੜ ਨੇੜੇ ਚਿੱਕੜ ’ਚ ਫਸ ਗਈ। ਕਾਰ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਦੌਰਾਨ ਇੰਜਣ ਗਰਮ ਹੋ ਗਿਆ ਤੇ ਮਿੰਟਾਂ ’ਚ ਹੀ ਕਾਰ ਦੇ ਅਗਲੇ ਹਿੱਸੇ ’ਚੋਂ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ। ਅੱਗ ਤੇਜ਼ੀ ਨਾਲ ਫੈਲ ਗਈ। ਸੂਚਨਾ ਮਿਲਦਿਆਂ ਹੀ ਫਾਇਰ ਵਿਭਾਗ ਦੀ ਟੀਮ ਤੇ ਸਥਾਨਕ ਲੋਕ ਮੌਕੇ ਤੇ ਪਹੁੰਚੇ ਤੇ ਅੱਗ ’ਤੇ ਕਾਬੂ ਪਾਇਆ।

## ਜ਼ਿਲ੍ਹਾ ਫਾਜ਼ਿਲਕਾ ’ਚ 13 ਦਸੰਬਰ ਨੂੰ ਲੱਗੇਗੀ ਕੌਮੀ ਲੋਕ ਅਦਾਲਤ

ਫਾਜਿਲਕਾ 27 ਨਵੰਬਰ। ਜ਼ਿਲ੍ਹਾ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਾਜ਼ਿਲਕਾ ਧਰਮਿੰਦਰ ਪਾਲ ਸਿੰਗਲਾ ਦੀ ਅਗਵਾਈ ਹੇਠ ਅਤੇ ਰੂਚੀ ਸਵਪਨ ਸ਼ਰਮਾ, ਮਾਣਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਦੀ ਦੇਖ-ਰੇਖ ਹੇਠ, ਫਾਜ਼ਿਲਕਾ ’ਚ ਆਉਣ ਵਾਲੀ ਰਾਸ਼ਟਰੀ ਲੋਕ ਅਦਾਲਤ 13 ਦਸੰਬਰ ਨੂੰ ਆਯੋਜਿਤ ਕੀਤੀ ਜਾ ਰਹੀ ਹੈ। ਧਰਮਿੰਦਰ ਪਾਲ ਸਿੰਗਲਾ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਾਜ਼ਿਲਕਾ ਨੇ ਕਿਹਾ ਕਿ ਇਸ ਲੋਕ




ਅਦਾਲਤ ਦੇ ਜ਼ਰੀਏ ਇਹ ਯਕੀਨੀ ਬਣਾਇਆ ਜਾਵੇਗਾ ਕਿ ਹਰ ਵਿਅਕਤੀ ਨੂੰ ਆਪਣੇ ਕਾਨੂੰਨੀ ਹੱਕ ਦੀ ਪੂਰੀ ਸਹਾਇਤਾ ਮਿਲੇ ਅਤੇ ਕਿਸੇ ਨੂੰ ਵੀ ਕਾਨੂੰਨੀ ਸਹਾਇਤਾ ਤੋਂ ਵਾਂਝਾ ਨਾ ਰਹਿਣ ਦਿੱਤਾ ਜਾਵੇ। ਇਸ ਦੌਰਾਨ ਪ੍ਰਾਪਤ ਜਾਣਕਾਰੀ ਸੰਬੰਧਤ ਅਧਿਕਾਰੀਆਂ ਨਾਲ ਸਾਂਝੀ ਕੀਤੀ ਜਾਵੇਗੀ ਤਾਂ ਜੋ ਜਲਦੀ ਤੋਂ ਜਲਦੀ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ। ਇਸ ਲੋਕ ਅਦਾਲਤ ਦਾ ਮੁੱਖ ਮਕਸਦ ਲੋਕਾਂ ਨੂੰ ਤੇਜ਼, ਸਸਤੀ ਅਤੇ ਪ੍ਰਭਾਵਸ਼ਾਲੀ ਕਾਨੂੰਨੀ ਸਹਾਇਤਾ ਪ੍ਰਦਾਨ ਕਰਨਾ ਅਤੇ ਮੁਕੱਦਮਿਆਂ ਦਾ ਸਲਾਹ-ਮੁਤਾਬਕ ਤੁਰੰਤ ਨਿਪਟਾਰਾ ਕਰਨਾ ਹੈ। ਇਸ ਦੌਰਾਨ ਸਿਵਲ, ਕ੍ਰਿਮੀਨਲ, ਲੇਬਰ ਅਤੇ ਬਹੁਤ ਸਾਰੇ ਹੋਰ ਕੇਸਾਂ ਦਾ ਸੁਲਝਾਅ ਕੀਤਾ ਜਾਵੇਗਾ। ਲੋਕ ਅਦਾਲਤ ਦੇ ਦੌਰਾਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮੁਫ਼ਤ ਕਾਨੂੰਨੀ ਸਲਾਹ, ਹੈਲਪ ਡੈਸਕ, ਕਾਨੂੰਨੀ ਸਹਾਇਤਾ ਕੈਂਪ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਨਿਪਟਾਰਾ ਯਕੀਨੀ ਬਣਾਇਆ ਜਾਵੇਗਾ। ਹੋਰ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਜਾਣਕਾਰੀ ਜਾਂ ਸਲਾਹ ਲਈ ਟੋਲ- ਫਰੀ ਨੰਬਰ 15100 ਜਾਂ ਡੀ. ਐੱਲ. ਐੱਸ. ਏ. ਫਾਜ਼ਿਲਕਾ ਦੇ ਦਫ਼ਤਰ ਨੰ. 01638-261500 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਦਿੱਲੀ ਕ੍ਰਾਈਮ ਬ੍ਰਾਂਚ ਨੇ ਫੜ ਲਏ ਪੰਜਾਬ ਦੇ ਬੰਦੇ ! ਵਿਦੇਸ਼ਾਂ ਦੀ ਪੁਲਸ ਜਿੰਨੇ ਐਡਵਾਂਸਡ ਹਥਿਆਰ ਬਰਾਮਦ

**ਕੌਮੀ ਪੱਤ੍ਰਿਕਾ**

ਫ਼ਲੌਰ 27 ਨਵੰਬਰ। ਬੀਤੇ ਦਿਨੀਂ ਦਿੱਲੀ ਕ੍ਰਾਈਮ ਬ੍ਰਾਂਚ ਵਲੋਂ ਗ੍ਰਿਫਤਾਰ ਕੀਤੇ ਗਏ ਫ਼?ਲੌਰ ਦੇ ਰਹਿਣ ਵਾਲੇ ਮਨਦੀਪ ਸਿੰਘ ਅਤੇ ਦਲਵਿੰਦਰ ਲਾਰੈਂਸ ਬਿਸਨੋਈ, ਬੰਬੀਹਾ, ਗੋਗੀ ਤੇ ਭਾਊ ਗੈਂਗ ਨੂੰ ਵਿਦੇਸ਼ੀ ਹਥਿਆਰਾਂ ਦੀ ਸਪਲਾਈ ਕਰ ਰਹੇ ਸਨ, ਜੋ ਪਾਕਿਸਤਾਨ ਤੋਂ ਡਰੋਨ ਰਾਹੀਂ ਪੰਜਾਬ ’ਚ ਵਿਦੇਸ਼ੀ ਹਥਿਆਰ ਮੰਗਵਾਉਂਦੇ ਸਨ। ਦਿੱਲੀ ਕ੍ਰਾਈਮ ਬ੍ਰਾਂਚ ਦੀ ਪੁਲਸ ਨੇ ਇਨ੍ਹਾਂ ਕੋਲੋਂ ਹੁਣ ਤੱਕ ਦੇ ਸਭ ਤੋਂ ਆਧੁਨਿਕ ਕਿਸਮ ਦੇ 12 ਵਿਦੇਸ਼ੀ ਪਿਸਤੌਲ ਤੇ 92 ਕਾਰਤੂਸਾਂ ਸਮੇਤ ਇਨ੍ਹਾਂ ਨੂੰ ਗ੍ਰਿਫਤਾਰ ਕਰਨ ’ਚ ਸਫ਼ਲਤਾ ਹਾਸਲ ਕੀਤੀ ਹੈ। ਸੂਚਨਾ ਅਨੁਸਾਰ ਫਿਲੌਰ ਦੇ ਮੁਹੱਲਾ ਚੌਧਰੀਆਂ ਦੇ ਰਹਿਣ ਵਾਲੇ ਮਨਦੀਪ ਸਿੰਘ ਅਤੇ ਨੇੜਲੇ ਪਿੰਡ ਅੱਟੀ ਦਾ ਰਹਿਣ ਵਾਲਾ ਦਲਵਿੰਦਰ ਸਿੰਘ ਦੋਵੇਂ ਪੱਕੇ ਦੋਸਤ ਸਨ। ਹੁਣ ਤੱਕ ਦੀ ਮਿਲੀ ਜਾਣਕਾਰੀ ਅਨੁਸਾਰ ਪਹਿਲਾਂ ਇਹ ਦੋਵੇਂ ਅਫੀਮ ਦਾ ਨਸ਼ਾ ਕਰਦੇ ਸਨ ਅਤੇ ਨਸ਼ੇ ਦੀ ਪੂਰਤੀ ਲਈ ਉਸ ਨੂੰ ਵੇਚਣ ਦਾ ਕਾਰੋਬਾਰ ਕਰਨ ਲੱਗ ਪਏ। ਨਸ਼ਾ ਸਮੱਗਲਿੰਗ ਦੇ ਚੱਕਰ ’ਚ ਇਨ੍ਹਾਂ ਦੀ ਪਛਾਣ ਵੱਡੇ ਨਸ਼ੇ ਤੇ ਹਥਿਆਰਾਂ ਦੇ ਸਮੱਗਲਰਾਂ ਨਾਲ ਹੋ ਗਈ। ਉਨ੍ਹਾਂ ਰਾਹੀਂ ਇਨ੍ਹਾਂ ਨੇ ਆਪਣੇ ਸਬੰਧ ਪਾਕਿਸਤਾਨ ’ਚ ਬੈਠੇ ਸਮੱਗਲਰਾਂ ਨਾਲ ਬਣਾ ਲਏ। ਪਾਕਿਸਤਾਨੀ ਸਮੱਗਲਰ ਡਰੋਨ ਰਾਹੀਂ ਬਾਰਡਰ ਏਰੀਏ ’ਚ ਹਥਿਆਰ ਤੇ ਨਸ਼ੇ ਦੀ ਖੇਪ ਸੁੱਟ ਦਿੰਦੇ ਅਤੇ ਇਹ ਦੋਵੇਂ ਜੋ ਪਹਿਲਾਂ ਤੋਂ ਉਥੇ ਲੁਕ ਕੇ ਬੈਠੇ ਹੁੰਦੇ ਸਨ, ਚੁੱਕ



ਕੇ ਲੈ ਆਉਂਦੇ ਅਤੇ ਉਨ੍ਹਾਂ ਹਥਿਆਰਾਂ ਨੂੰ ਅੱਗੇ ਵੱਡੇ ਗੈਂਗਸਟਰਾਂ ਤੱਕ ਪਹੁੰਚਾਉਣ ਦਾ ਕੰਮ ਕਰਦੇ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਸਮੱਗਲਰ ਮਨਦੀਪ ਤੇ ਦਲਵਿੰਦਰ ਲਗਾਤਾਰ ਪਾਕਿਸਤਾਨ ’ਚ ਬੈਠੇ ਸਮੱਗਲਰਾਂ ਦੇ ਸੰਪਰਕ ’ਚ ਸਨ ਅਤੇ ਵੱਡੇ ਪੱਧਰ ’ਤੇ ਨਾਜਾਇਜ਼ ਹਥਿਆਰਾਂ ਅਤੇ ਨਸ਼ੇ ਦੀ ਖੇਪ ਨੂੰ ਲਿਆਉਣ-ਲਿਜਾਣ ਵਰਗੇ ਕੰਮਾਂ ਨੂੰ ਅੰਜਾਮ ਦੇ ਰਹੇ ਸਨ। ਇਨ੍ਹਾਂ ਦੀ ਭਿਣਕ ਨਾ ਤਾਂ ਫਿਲੌਰ ਪੁਲਸ ਨੂੰ ਲੱਗੀ ਅਤੇ ਨਾ ਹੀ ਇੰਟੈਲੀਜੈਂਸ ਦੇ ਅਧਿਕਾਰੀਆਂ ਨੂੰ, ਫਿਲੌਰ ’ਚ ਇਨ੍ਹਾਂ ਨੂੰ ਅਕਸਰ ਲੋਕ ਘੁੰਮਦੇ ਹੋਏ ਦੇਖਦੇ ਸਨ, ਇਨ੍ਹਾਂ ਦੀ ਕੰਮਾਂ ਦੀ ਜਾਣਕਾਰੀ ਮਿਲਣ ਤੋਂ ਬਾਅਦ ਹੁਣ ਹਰ ਕੋਈ ਸ਼ਹਿਰ ਵਾਸੀ ਹੈਰਾਨ ਹੈ। ਫੜੇ ਗਏ ਦੋਵੇ ਮੁਲਜ਼ਮਾਂ ਨੇ ਪੁਲਸ ਕੋਲ ਵੱਡਾ ਖੁਲਾਸਾ ਕੀਤਾ ਹੈ ਕਿ ਪਾਕਿਤਸਨ ਵਲੋਂ ਪੰਜਾਬ ਦੀ ਸਰਹੱਦ ਪਾਰ ਡਰੋਨ ਰਾਹੀਂ ਜੋ ਹਥਿਆਰ ਆਉਂਦੇ ਹਨ, ਉਨ੍ਹਾਂ ਨੂੰ ਸੁੱਟਣ ਦਾ ਕੰਮ ਦੇਰ ਰਾਤ ਨੂੰ ਸ਼ੁਰੂ ਹੁੰਦਾ ਸੀ। ਇਹ ਡਰੋਨ ਰਾਡਾਰ ਤੋਂ ਬਚਣ ਲਈ ਇਕ ਤਾਂ ਘੱਟ ਉਚਾਈ ’ਤੇ ਉੱਡਦੇ ਹਨ, ਦੂਜਾ ਇਹ ਜ਼ਿਆਦਾ ਕੀਮਤ ਵਾਲਾ ਸਾਮਾਨ ਲੈ ਜਾਂਦੇ ਹਨ। ਪਾਕਿਸਤਾਨ ਵੱਲ ਬੈਠੇ ਸਮੱਗਲਰ ਹਥਿਆਰਾਂ ਦੀ ਖੇਪ ਉਥੇ ਸੁੱਟਦੇ ਸਨ, ਜੋ ਲੋਕੇਸ਼ਨ ਜੀ. ਪੀ. ਐੱਸ. ਰਾਹੀਂ ਇਹ ਉਨ੍ਹਾਂ ਨੂੰ ਭੇਜਦੇ ਸਨ। ਬਾਰਡਰ ’ਤੇ ਤਾਇਨਾਤ ਪੁਲਸ ਨੂੰ ਇਨ੍ਹਾਂ ਦੇ ਨਾਜਾਇਜ਼ ਕੰਮ ਦਾ ਪਤਾ ਲੱਗ ਨਾ ਸਕੇ, ਇਸ ਲਈ ਇਹ ਅਕਸਰ ਹਰ ਵਾਰ ਰਾਤ ਨੂੰ ਜਗ?ਹਾ ਅਤੇ ਸਮਾਂ ਬਦਲਦੇ ਰਹਿੰਦੇ ਸਨ। ਖੇਪ ਆਉਣ ਤੋਂ ਬਾਅਦ ਇਹ ਉਸ ਦੀ ਪੇਮੈਂਟ ਦੀ ਅਦਾਇਗੀ ਹਵਾਲਾ ਚੈਨਲ ਜ਼ਰੀਏ ਕਰਦੇ ਸਨ। ਇਨ੍ਹਾਂ ਦੀ ਗ੍ਰਿਫਤਾਰੀ ਤੋਂ ਬਾਅਦ ਪੁਲਸ ਹੁਣ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਇਹ ਦੋਵੇਂ ਹੁਣ ਤੱਕ ਕਿਹੜੇ ਗੈਂਗਸਟਰਾਂ ਨੂੰ ਕਿੰਨੀ ਵਾਰ ਖੇਪ ਭੇਜ ਚੁੱਕੇ ਹਨ। ਇਨ੍ਹਾਂ ਦੇ ਮੋਬਾਈਲ ਲੋਕੇਸ਼ਨ, ਬੈਂਕ ਰਿਕਾਰਡ ਅਤੇ ਇਨ੍ਹਾਂ ਦੇ ਵਿਦੇਸ਼ੀ ਤੇ ਪਾਕਿਸਤਾਨੀ ਨੈੱਟਵਰਕ ਦੀ ਵੀ ਜਾਂਚ ਚੱਲ ਰਹੀ ਹੈ। ਜਿਨ੍ਹਾਂ ਹਥਿਆਰਾਂ ਦੀ ਵਰਤੋਂ ਕਰਦੀ ਹੈ ਵਿਦੇਸ਼ਾਂ ਦੀ ਪੁਲਸ, ਸਮੱਗਲਰ ਕਰਦੇ ਸਨ ਗੈਂਗਸਟਰਾਂ ਨੂੰ ਸਪਲਾਈ ਕ੍ਰਾਈਮ ਬ੍ਰਾਂਚ ਦੀ ਟੀਮ ਦੇ ਅਧਿਕਾਰੀ ਡੀ. ਸੀ. ਪੀ. ਸੰਜੇ ਨੇ ਦੱਸਿਆ ਕਿ ਬੀਤੇ ਦਿਨੀਂ ਦਿੱਲੀ ਕ੍ਰਾਈਮ ਬ੍ਰਾਂਚ ਵਲੋਂ ਫੜੇ ਗਏ ਫਿਲੌਰ ਦੇ ਦੋਵੇਂ ਹਥਿਆਰ ਸਮੱਗਲਰ, ਜਿਨ੍ਹਾਂ ਕੋਲੋਂ ਆਧੁਨਿਕ ਟੈਕਨਾਲੋਜੀ ਦੇ ਹਥਿਆਰ ਮਿਲੇ ਹਨ, ਇਨ੍ਹਾਂ ਹਥਿਆਰਾਂ ਦੀ ਵਰਤੋਂ ਜ਼ਿਆਦਾਤਰ ਵਿਦੇਸ਼ਾਂ ਦੀ ਪੁਲਸ ਕਰਦੀ ਹੈ। ਪਹਿਲਾਂ ਗੈਂਗਸਟਰ ਯੂ. ਪੀ. ਬਿਹਾਰ ਜਾਂ ਫਿਰ ਮੱਧ ਪ੍ਰਦੇਸ਼ ’ਚ ਬਣੇ ਹੋਏ ਰਿਵਾਲਵਰ ਪਿਸਤੌਲ ਦੀ ਵਰਤੋਂ ਕਰਦੇ ਸਨ, ਜੋ 10,000 ਤੋਂ ਸ਼ੁਰੂ ਹੋ ਕੇ 50 ਤੋਂ 60,000 ’ਚ ਗੈਂਗਸਟਰਾਂ ਕੋਲ ਆਸਾਨੀ ਨਾਲ ਪਹੁੰਚ ਜਾਂਦੇ ਸਨ। ਫੜੇ ਗਏ ਇਨ੍ਹਾਂ ਦੋਵੇਂ ਮੁਲਜ਼ਮਾਂ ਨੇ ਦੇਸ਼ ਵਿਚ ਸਰਗਰਮ ਗੈਂਗ ਦੇ ਲੋਕਾਂ ਨਾਲ ਸੰਪਰਕ ਬਣਾਇਆ, ਜਿਸ ਤੋਂ ਬਾਅਦ ਇਨ੍ਹਾਂ ਨੇ ਇਨ੍ਹਾਂ ਗੈਂਗਸਟਰਾਂ ਨੂੰ ਆਧੁਨਿਕ ਟੈਕਨਾਲੋਜੀ ਨਾਲ ਲੈਸ ਚਾਈਨਾ ਮੇਡ ਅਮਰੀਕਾ ਅਤੇ ਰਸ਼ੀਆ ’ਚ ਤਿਆਰ ਗਲੋਕ ਵਰਗੇ ਪਿਸਟਲ ਉਪਲੱਬਧ ਕਰਵਾਉਣੇ ਸ਼ੁਰੂ ਕਰ ਦਿੱਤੇ। ਦਿੱਲੀ ਕ੍ਰਾਈਮ ਬ੍ਰਾਂਚ ਨੂੰ ਖੁਫੀਆ ਸੂਤਰਾਂ ਤੋਂ ਸੂਚਨਾ ਮਿਲ ਰਹੀ ਸੀ ਕਿ ਦਿੱਲੀ ਐੱਨ. ਸੀ. ਆਰ. ਵਿਚ ਗੈਂਗਸਟਰ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਹਨ, ਜਿਨ੍ਹਾਂ ਨੂੰ ਹਥਿਆਰਾਂ ਦੀ ਖੇਪ ਦੇ ਪੁੱਜਣ ਦਾ ਇੰਤਜ਼ਾਰ ਹੈ। ਕ੍ਰਾਈਮ ਬ੍ਰਾਂਚ ਦੇ ਹੱਥ ਯੂ. ਪੀ. ਦੇ 2 ਸਮੱਗਲਰ ਲੱਗ ਗਏ, ਜਿਨ੍ਹਾਂ ਨੇ ਦੱਸਿਆ ਕਿ ਫਿਲੌਰ ਦੇ ਮਨਦੀਪ ਅਤੇ ਦਲਵਿੰਦਰ ਬਾਰਡਰ ਏਰੀਆ ’ਚ ਪੁੱਜੇ ਹੋਏ ਹਨ, ਜੋ ਕਾਰ ਵਿਚ ਛੁਪਾ ਕੇ ਹਥਿਆਰ ਲਿਆ ਰਹੇ ਹਨ, ਜਿਨ੍ਹਾਂ ਨੂੰ ਪੁਲਸ ਨੇ 12 ਵਿਦੇਸ਼ੀ ਪਿਸਟਲ ਅਤੇ 92 ਕਾਰਤੂਸਾਂ ਨਾਲ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।

## ਹੋਟਲ ਕਰਮਚਾਰੀ ਦੀ ਦਿਨ-ਦਿਹਾੜੇ ਗੋਲੀ ਮਾਰ ਕੇ ਹੱਤਿਆ !

**ਏਜੰਸੀਆਂ**

ਨੈਸ਼ਨਲ ਡੈਸਕ 27 ਨਵੰਬਰ। ਰੇਵਾੜੀ ਜ਼ਿਲ੍ਹੇ ਵਿੱਚ ਵਾਪਰੀ ਇੱਕ ਹੈਰਾਨ ਕਰਨ ਵਾਲੀ ਘਟਨਾ ਨੇ ਇਲਾਕੇ ਵਿੱਚ ਸਨਸਨੀ ਫੈਲਾ ਦਿੱਤੀ ਹੈ। ਰਾਜਸਥਾਨ ਦੇ ਅਲਵਰ ਜ਼ਿਲ੍ਹੇ ਦੇ ਅਲਨਪੁਰ ਦੇ ਰਹਿਣ ਵਾਲੇ 22 ਸਾਲਾ ਮਹੇਸ਼ ਗੁਰਜਰ ਦੀ ਰੇਵਾੜੀ ਦੇ ਇੱਕ ਹੋਟਲ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਸ ਨੇ ਮਾਮਲੇ ਵਿੱਚ ਕਾਰਵਾਈ ਕਰਦਿਆਂ ਇੱਕ ਮੁਲਜ਼ਮ ਅਸ਼ੋਕ ਉਰਫ਼ ਬੱਛੂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂ ਕਿ ਸਰਪੰਚ ਮੇਹਰਚੰਦ ਅਤੇ ਤੇਜਪਾਲ ਫਰਾਰ ਹਨ। ਜਾਣਕਾਰੀ ਅਨੁਸਾਰ ਮ੍ਰਿਤਕ ਮਹੇਸ਼ ਲਗਭਗ 20 ਦਿਨ ਪਹਿਲਾਂ ਰੁਜ਼ਗਾਰ ਦੀ ਭਾਲ ਵਿੱਚ ਰੇਵਾੜੀ ਆਇਆ ਸੀ ਅਤੇ ਕ੍ਰਿਸਟਲ ਸਟਾਰ ਹੋਟਲ ਵਿੱਚ ਕੰਮ ਕਰਦਾ ਸੀ। ਹੋਟਲ ਮਾਲਕ ਵਿਜੇਪਾਲ ਦੇ ਅਨੁਸਾਰ, ਮਹੇਸ਼ ਦਾ ਮੰਗਲਵਾਰ ਦੁਪਹਿਰ ਨੂੰ ਨੇੜੇ ਦੀ ਇੱਕ ਸ਼ਰਾਬ ਦੀ ਦੁਕਾਨ ’ਤੇ ਸ਼ਰਾਬ ਕਮਿਸ਼ਨ ਨੂੰ ਲੈ ਕੇ ਦਬੜੀ ਪਿੰਡ ਦੇ ਸਰਪੰਚ ਮੇਹਰਚੰਦ, ਕਕੋਡੀਆ ਪਿੰਡ ਦੇ ਤੇਜਪਾਲ ਅਤੇ ਗੋਕਲਗੜ੍ਹ ਪਿੰਡ ਦੇ ਅਸ਼ੋਕ ਉਰਫ਼ ਬੱਛੂ ਨਾਲ ਝਗੜਾ ਹੋਇਆ ਸੀ। ਉਸ ਸਮੇਂ ਲੋਕਾਂ ਨੇ ਦਖਲ ਦੇ ਕੇ ਸਥਿਤੀ ਨੂੰ ਸ਼ਾਂਤ ਕੀਤਾ, ਪਰ ਮੁਲਜ਼ਮ ਸ਼ਾਮ ਤੱਕ ਨਾਰਾਜ਼ ਰਿਹਾ। ਰਾਤ 8 ਵਜੇ ਦੇ ਕਰੀਬ, ਤਿੰਨੋਂ ਮੋਟਰਸਾਈਕਲ ’ਤੇ ਹੋਟਲ ਪਹੁੰਚੇ ਅਤੇ ਪਹੁੰਚਦੇ ਹੀ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਗੋਲੀਬਾਰੀ ਦੀ ਆਵਾਜ਼ ਸੁਣ ਕੇ ਮਹੇਸ਼ ਬਾਹਰ ਆਇਆ ਅਤੇ ਤਿੰਨੋਂ ਵਿਅਕਤੀ ਉਸ ਨਾਲ ਦੁਬਾਰਾ ਬਹਿਸ ਕਰਨ ਲੱਗੇ। ਉਸਨੂੰ ਸ਼ਾਂਤ ਕਰਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਦੋਸ਼ੀ ਨੇ ਇਨਕਾਰ ਕਰ ਦਿੱਤਾ। ਦੋਸ਼ ਲਗਾਇਆ ਗਿਆ ਹੈ ਕਿ ਸਰਪੰਚ ਮੇਹਰਚੰਦ ਅਤੇ ਉਸਦੇ ਸਾਥੀਆਂ ਨੇ ਮਹੇਸ਼ ਨੂੰ ਫੜ ਲਿਆ, ਜਦੋਂ ਅਸ਼ੋਕ ਉਰਫ ਬੱਛੂ ਨੇ ਆਪਣੀ ਪਿਸਤੌਲ ਕੱਢੀ ਅਤੇ ਉਸਦੀ ਛਾਤੀ ਵਿੱਚ ਗੋਲੀ ਮਾਰ ਦਿੱਤੀ। ਮਹੇਸ਼ ਦੀ ਮੌਕੇ ’ਤੇ ਹੀ ਮੌਤ ਹੋ ਗਈ। ਅਪਰਾਧ ਕਰਨ ਤੋਂ ਬਾਅਦ, ਸਾਰੇ ਆਪਣੇ ਮੋਟਰਸਾਈਕਲਾਂ ’ਤੇ ਭੱਜ ਗਏ। ਸੂਚਨਾ ਮਿਲਣ ’ਤੇ ਸਦਰ ਪੁਲਸ ਮੌਕੇ ’ਤੇ ਪਹੁੰਚੀ, ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ ਤੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ। ਪੁਲਸ ਨੇ ਅਸ਼ੋਕ ਉਰਫ ਬੱਛੂ ਨੂੰ ਗ੍ਰਿਫਤਾਰ ਕਰ ਲਿਆ, ਜਦੋਂ ਕਿ ਸਰਪੰਚ ਮੇਹਰਚੰਦ ਅਤੇ ਤੇਜਪਾਲ ਫਰਾਰ ਦੱਸੇ ਜਾ ਰਹੇ ਹਨ। ਡੀਐਸਪੀ ਜੋਗਿੰਦਰ ਸ਼ਰਮਾ ਨੇ ਦੱਸਿਆ ਕਿ ਹੋਟਲ ਮਾਲਕ ਦੀ ਸ਼ਿਕਾਇਤ ਦੇ ਆਧਾਰ ’ਤੇ ਤਿੰਨ ਮੁਲਜ਼ਮਾਂ ਵਿਰੁੱਧ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 103(1) ਅਤੇ 3(5) ਅਤੇ ਅਸਲਾ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

## ਵਿਧਾਇਕ ਉਗੋਕੇ ਨੇ 10.44 ਕਰੋੜ ਦੀ ਲਾਗਤ ਹਲਕੇ ਦੀਆਂ 25 ਲਿੰਕ ਸੜਕਾਂ ਦਾ ਸ਼ੁਰੂ ਕਰਵਾਇਆ ਕੰਮ

**ਕੌਮੀ ਪੱਤ੍ਰਿਕਾ**

ਤਪਾ ਮੰਡੀ 27 ਨਵੰਬਰ। ਹਲਕਾ ਭਦੌੜ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਅੱਜ ਬਾਅਦ ਦੁਪਹਿਰ ਨਾਮਦੇਵ ਮਾਰਗ ਤੋਂ ਤਪਾ ਘੁੰਨਸ ਲਿੰਕ ਰੋਡ ‘ਤੇ ਹਲਕੇ ਦੇ ਲੋਕਾਂ ਦੀ ਸਮੇਂ-ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਉਸ ਸਮੇਂ ਬੂਰ ਪਿਆ ਜਦ ਤਪਾ ਘੁੰਨਸ ਰੋਡ ਦਾ ਨਿਰਮਾਣ ਦੇ ਨਾਲ-ਨਾਲ ਹਲਕੇ ਦੀਆਂ 25 ਲਿੰਕ ਸੜਕਾਂ ਦੇ ਨਿਰਮਾਣ ਕੰਮ ਸ਼ੁਰੂ ਕਰਵਾਕੇ ਨੀਂਹ ਪੱਥਰ ਰੱਖਿਆ। ਇਸ ਮੌਕੇ ਹਲਕਾ ਵਿਧਾਇਕ ਲਾਭ ਸਿੰਘ ਉਗੋਕੇ ਨੇ ਪ੍ਰੈਸ਼ ਨਾਲ ਰੂਬਰੂ ਹੁੰਦੇ ਦੱਸਿਆ ਕਿ ਹਲਕਾ ਭਦੌੜ ਦੀ 67.70 ਕਿਲੋਮੀਟਰ ਦੀਆਂ 25 ਲਿੰਕ ਸੜਕਾਂ ਜੋਂ 10-10 ਫੁੱਟ ਚੌੜੀਆਂ ਬਣਾਈਆਂ ਜਾਣਗੀਆਂ ਦੇ ਨਿਰਮਾਣ ਕਾਰਜਾਂ ‘ਤੇ 10 ਕਰੋੜ 44 ਲੱਖ ਰੁਪਏ ਖਰਚ ਹੋਣਗੇ ਜਿਨ੍ਹਾਂ ਦਾ ਕੰਮ ਜਲਦੀ ਹੀ ਸ਼ੁਰੂ ਕਰਵਾਇਆ ਜਾ ਰਿਹਾ ਹੈ ਦਾ ਨੀਂਹ ਪੱਥਰ ਰੱਖਿਆਂ ਗਿਆ।ਇਸ ਮੌਕੇ ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਾਂਗਰਸ,ਅਕਾਲੀ ਦਲ ਦੀਆਂ ਸਰਕਾਰਾਂ ਨੇ ਇਨ੍ਹਾਂ ਸੜਕਾਂ ਵੱਲ ਬਿਲਕੁਲ ਵੀ ਦਿੱਤਾ ਨਹੀਂ ਦਿੱਤਾ ਸੀ ਤਾਂ ਜਦੋਂ ਤੋਂ ਪੰਜਾਬ ‘ਚ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਆਈ ਹੈ ਤਾਂ ਸਰਕਾਰ ਵੱਲੋਂ ਹਲਕੇ ਦੇ ਹਰੇਕ ਪਿੰਡ ਦੀਆਂ ਸੜਕਾਂ,ਨਿਕਾਸੀ ਪ੍ਰਣਾਲੀ,ਸਾਫ ਪੀਣਯੋਗ ਪਾਣੀ ,ਸਿਹਤ ਸਹੂਲਤਾਂ ਉਪਲਬਧ



ਕਰਵਾਉਣਾ ਉਨ੍ਹਾਂ ਦਾ ਮੁੱਢਲਾ ਫਰਜ ਹੈ। ਉਨ੍ਹਾਂ ਦੱਸਿਆ ਕਿ ਤਪਾ-ਘੁੰਨਸ ਰੋਡ ਦਾ ਨਿਰਮਾਣ ਕੰਮ ਚੱਲ ਰਿਹਾ ਹੈ ਜਿਸ ਤੇ ਨਗਰ ਕੌਂਸਲ ਤਪਾ ਵੱਲੋਂ ਇੰਟਰਲਾਕਿੰਗ ਟਾਈਲਾਂ ਲਗਾਈਆਂ ਜਾ ਰਹੀਆਂ ਜਿਸ ਦਾ ਕੰਮ ਜਲਦੀ ਹੀ ਨਿਪਟ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਉਹ ਸੜਕਾਂ ਹਨ ਜਿਹੜੀਆਂ ਇਕ ਦੂਸਰੇ ਪਿੰਡਾਂ ਨੂੰ ਮਿਲਾਉਂਦੀਆਂ ਹਨ ਅਤੇ 18 ਫੁੱਟ ਚੋੜੀਆਂ ਬਣਨ ਵਾਲੀਆਂ ਸੜਕਾਂ ਦਾ ਬਜਟ ਅਲਗ ਰੱਖਿਆ ਗਿਆ ਜਿਨ੍ਹਾਂ ਦਾ ਨਿਰਮਾਣ ਕੰਮ ਵੀ ਜਲਦੀ ਸ਼ੁਰੂ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਐੱਸ.ਡੀ.ਓ ਲੋਕ ਨਿਰਮਾਣ ਵਿਭਾਗ ਕੰਵਰਦੀਪ ਸਿੰਘ,ਨਗਰ ਕੌਂਸਲ ਤਪਾ ਦੇ ਪ੍ਰਧਾਨ ਡਾ.ਸੋਨਿਕਾ ਬਾਂਸਲ ਦੇ ਪਤੀ ਡਾ.ਬਾਲ ਚੰਦ ਬਾਂਸਲ,ਟਰੱਕ ਯੂਨੀਅਨ ਦੇ ਪ੍ਰਧਾਨ ਜਸਵਿੰਦਰ ਸਿੰਘ ਚੱਠਾ,ਸਰਪੰਚ ਕਰਨਵੀਰ ਸਿੰਘ ਤਾਜੋਕੇ,ਕਿਸ਼ੋਰ ਦਾਸ ਬਾਵਾ,ਅਰਵਿੰਦ ਰੰਗੀ,ਐਡਵੋਕੇਟ ਜਨਕ ਰਾਜ ਗਾਰਗੀ,ਟੈਨੀ ਮੋੜ,ਰਿੰਕਾਂ ਮੋਬਾਇਲਾਂ ਵਾਲਾ,ਰਵੀ ਮੋੜ,ਜਸਪਾਲ ਕੋਰ,ਬਬਲੀ ਤਾਜੋਕੇ,ਮੁਨੀਸ਼ ਗਰਗ,ਕੁਲਵਿੰਦਰ ਚੱਠਾ,ਰਾਜ ਕੁਮਾਰ ਗਰਗ,ਹੈਰੀ ਧੂਰਕੋਟ,ਦੀਪਕ ਗੋਇਲ,ਨਰਾਇਣ ਸਿੰਘ ਪੰਧੇਰ,ਜਗਦੇਵ ਸਿੰਘ ਜੱਗਾ,ਗੋਪਾਲ ਸ਼ਰਮਾ,ਭੁਪਿੰਦਰ ਪੁਰਬਾ,ਜੱਸੀ ਪੁਰਬਾ,ਬਲਜੀਤ ਸਿੰਘ ਬਾਸੀ,ਭੁਪਿੰਦਰ ਸਿੰਘ ਪੁਰਬਾ,ਜਸਪਾਲ ਸ਼ਰਮਾ ਆਦਿ ਵੱਡੀ ਗਿਣਤੀ ‘ਚ ਪਾਰਟੀ ਵਰਕਰ ਹਾਜ਼ਰ ਸਨ।